ੴ ਸਤਿਗੁਰ ਪ੍ਰਸਾਦਿ॥

ਬੀਰ ਦਰਸ਼ਨ

ਭਾਗ – 1

[ਧਰਮ ਬੱਧੇ ਤੇ ਦੇਸ਼ ਭਗਤ ਸੂਰਮਿਆਂ ਦੇ ਪ੍ਰਸੰਗ]

ਭਾਈ ਸਾਹਿਬ ਭਾਈ ਵੀਰ ਸਿੰਘ

ਸੰਪਾਦਕ

ਡਾ. ਕਰਨਜੀਤ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

ਛਪਾਈ ਦਾ ਵੇਰਵਾ			
ਪਹਿਲੀ	ਵਾਰ	ਜੂਨ,	1993
ਦੂਜੀ	ਵਾਰ	ਮਈ,	2000
ਤੀਜੀ	ਵਾਰ	ਜੂਨ,	2008
ਚਉਥੀ	ਵਾਰ	ਜੁਲਾਈ,	2010

Bir Darshan

Bhai Sahib Bhai Vir Singh

ISBN : 978-93-80854-21-2

ਚਉਥੀ ਛਾਪ : ਜੁਲਾਈ, 2010

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

Printer :
Printograph
2966/41, Beadon Pura
Karol Bagh, New Delhi-110 005

ਮੁੱਲ : 66/- ਰੁਪਏ

ਬੀਰ ਦਰਸ਼ਨ

ਤੱਤਕਰਾ

ਪ੍ਰਵੇਸ਼ਕਾ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕਲਮ ਦੇ ਅਜਿਹੇ ਧਨੀ ਸਨ ਅਤੇ ਸਿਖ ਧਰਮ ਤੇ ਸਿਖ ਇਤਿਹਾਸ ਦੇ ਅਧਿਐਨ, ਪਰਚਾਰ ਤੇ ਪਰਸਾਰ ਨਾਲ ਉਹ ਇਉਂ ਇਕਾਗਰ ਚਿੱਤ ਜੁੜੇ ਹੋਏ ਸਨ ਕਿ ਇਸ ਸਿਲਸਿਲੇ ਵਿਚ ਉਹਨਾਂ ਦੀਆਂ ਰਚਨਾਵਾਂ ਅਕਾਰ ਤੇ ਪ੍ਰਭਾਵ ਦੇ ਪੱਖੋਂ ਬੇਜੋੜ ਹਨ। ਉਹਨਾਂ ਦੀਆਂ ਹੋਰ ਸਾਹਿਤਕ ਰਚਨਾਵਾਂ ਨੂੰ ਜੇ ਇਕ ਪਾਸੇ ਵੀ ਰੱਖ ਦਿਤਾ ਜਾਵੇ ਤਾਂ ਜੋ ਲਿਖਤਾਂ ਟ੍ਰੈਕਟਾਂ ਅਤੇ ਖਾਲਸਾ ਸਮਾਚਾਰ ਦੇ ਭਿੰਨ ਭਿੰਨ ਕਾਲਮਾਂ ਦੇ ਰੂਪ ਵਿਚ ਉਹਨਾਂ ਦੀ ਕਲਮ ਤੋਂ ਰੂਪਮਾਨ ਹੋਈਆਂ, ਉਹਨਾਂ ਦਾ ਮੁੱਲ ਤੇ ਮਹੱਤਵ ਕਿਸੇ ਗਿਣਤੀ ਮਿਣਤੀ ਦੇ ਲੇਖੇ ਵਿੱਚ ਨਹੀਂ ਆ ਸਕਦਾ।

ਗੰਭੀਰ ਤੇ ਉਸਾਰੂ ਸਿਖ ਦ੍ਰਿਸ਼ਟੀਕੋਣ ਅਤੇ ਨੀਤੀ ਦੇ ਤਰਜਮਾਨ 'ਖਾਲਸਾ ਸਮਾਚਾਰ' ਵਿਚ, ਜਿਸ ਦੇ ਉਹ ਆਪ ਬਾਨੀ ਸਨ, ਹੋਰ ਲਿਖਤਾਂ ਤੋਂ ਇਲਾਵਾ ਉਹ ਤਿੰਨ ਵਿਸ਼ੇਸ਼ ਕਾਲਮ ਲੰਮੇ ਸਮੇਂ ਤਕ ਨਿਰੰਤਰ ਲਿਖਦੇ ਰਹੇ। ਇਹ ਕਾਲਮ ਸਨ ਸੰਤ ਗਾਥਾ, ਆਤਮ ਕਥਾ ਅਤੇ ਬੀਰ ਦਰਸ਼ਨ। 'ਸੰਤ ਗਾਥਾ' ਵਾਲੇ ਕਾਲਮ ਵਿੱਚ ਜਿਥੇ ਉਹ ਸੰਤਾ ਮਹਾਤਮਾਵਾਂ ਅਤੇ ਜੀਵਨ ਦੀਆਂ ਉਚੇਰੀਆਂ ਮੰਜ਼ਲਾਂ ਉਤੇ ਅਪੜੇ ਮਹਾਪੁਰਖਾਂ ਦੇ ਕਲਮੀ ਚਿਤਰ ਉਲੀਕ ਕੇ ਆਪਣੇ ਪਾਠਕਾਂ ਨੂੰ ਉਹਨਾਂ ਦੇ ਦਰਸ਼ਨ ਕਰਵਾਇਆ ਕਰਦੇ ਸਨ ਉਥੇ "ਆਤਮ ਕਥਾ" ਵਾਲੇ ਕਾਲਮ ਵਿਚ ਗੁਰਮਤਿ ਅਨੁਸਾਰੀ ਅਧਿਆਤਮਕ ਪਰਵਚਨਾਂ ਦੁਆਰਾ ਮਨ ਚਿਤ ਨੂੰ ਉਚਿਆਂ ਉਠਣ ਲਈ ਪ੍ਰੇਰਦੇ ਸਨ ਅਤੇ "ਬੀਰ ਦਰਸ਼ਨ" ਵਾਲੇ ਕਾਲਮ ਵਿਚ ਸਿਖ ਧਰਮ ਤੇ ਸਿਖ ਇਤਿਹਾਸ ਦੇ ਸੂਰਮਿਆਂ ਤੇ ਧਰਮ ਬਧਿਆਂ ਦੇ ਜੀਵਨ--ਪ੍ਰਸੰਗ ਪੇਸ਼ ਕਰਿਆ ਕਰਦੇ ਸਨ। ਇਹ ਢੇਰ ਸਾਰੀ ਸਾਮਗਰੀ ਅਜੇ ਪੁਸਤਕ ਰੂਪ ਵਿਚ ਪ੍ਰਕਾਸ਼ਤ ਨਹੀਂ ਹੋਈ।

"ਸੰਤ ਗਾਥਾ" ਦਾ ਪਹਿਲਾ ਭਾਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਨਿਗਰਾਨੀ ਹੇਠ ਜੂਨ ੧੯੩੮ ਵਿਚ ਪ੍ਰਕਾਸ਼ਤ ਹੋਇਆ ਸੀ ਜਿਸ ਦੇ ਬਾਦ ਵਿਚ ਕਈ ਐਡੀਸ਼ਨ ਛਪ ਚੁਕੇ ਹਨ। ਇਸ ਦਾ ਦੂਜਾ ਭਾਗ ੧੯੭੪ ਵਿਚ ਪ੍ਰਕਾਸ਼ਤ ਕੀਤਾ ਗਿਆ ਸੀ। ਸੰਤ ਗਾਥਾ ਦੇ ਪਹਿਲੇ ਭਾਗ ਦੀ ਪਹਿਲੀ ਐਡੀਸ਼ਨ ਦੀ ਭੂਮਿਕ ਵਜੋਂ "ਦੋ ਗੱਲਾਂ" ਲਿਖਦਿਆਂ ਭਾਈ ਸਾਹਿਬ ਜੀ ਨੇ ਆਪਣੇ ਪਾਠਕਾਂ ਨਾਲ ਇਹ ਇਕਰਾਰ ਕੀਤਾ ਸੀ ਕਿ " 'ਬੀਰ ਦਰਸ਼ਨ' ਦੇ ਹੈਡਿੰਗ ਹੇਠ, ਜਿਨ੍ਹਾਂ ਧਰਮ ਬਧੇ ਤੇ ਦੇਸ਼ ਭਗਤ ਸੂਰਮਿਆਂ ਦੇ ਪ੍ਰਸੰਗ ਪ੍ਰਕਾਸ਼ਤ ਹੋ ਚੁੱਕੇ ਹਨ, ਉਹ ਵੀ ਪੁਸਤਕ ਦੀ ਸ਼ਕਲ ਵਿਚ ਪਾਠਕਾਂ ਦੇ

ਕਰ-ਕਮਲਾਂ ਵਿਚ ਛੇਤੀ ਹੀ ਪਹੁੰਚਾਣ ਦੀ ਆਸ ਹੈ।'' ਪਰ ਪਤਾ ਨਹੀਂ ਕਿਹੜੇ ਕਾਰਨ-ਵਸ ਇਕ ਲੰਮੀ ਮੁੱਦਤ ਤੱਕ ਅਜਿਹੀ ਪੁਸਤਕ ਹੋਂਦ ਵਿਚ ਨਹੀਂ ਆ ਸਕੀ।

ਅੱਜ ਅਸੀਂ ਇਸ ਗੱਲ ਉਤੇ ਬੜਾ ਮਾਣ ਮਹਿਸੂਸ ਕਰ ਰਹੇ ਹਾਂ ਕਿ ਅਸੀਂ 'ਖਾਲਸਾ ਸਮਾਚਾਰ' ਦੀਆਂ ਪੁਰਾਣੀਆਂ ਫਾਈਲਾਂ ਵਿਚੋਂ ਸਾਮਗਰੀ ਇਕੱਤਰ ਕਰਕੇ 'ਬੀਰ ਦਰਸ਼ਨ'' ਦਾ ਪਹਿਲਾ ਭਾਗ ਪਾਠਕਾਂ ਦੇ ਹੱਥਾ ਵਿਚ ਪਹੁੰਚਾਉਣ ਦੀ ਖੁਸ਼ੀ ਪ੍ਰਾਪਤ ਕਰ ਰਹੇ ਹਾਂ। ਇਸ ਸਾਮਗਰੀ ਦੀ ਚੋਣ ਤੇ ਸੰਪਾਦਨਾ ਦਾ ਕਾਰਜ ਡਾ. ਕਰਨਜੀਤ ਸਿੰਘ ਨੇ ਨੇਪਰੇਂ ਚਾੜ੍ਹਿਆ ਹੈ ਜਿਸ ਲਈ ਉਹ ਸਾਡੇ ਧਨੰਵਾਦ ਦੇ ਪਾਤਰ ਹਨ। ਆਸ ਹੈ ਕਿ ਅਸੀਂ ਛੇਤੀ ਹੀ ''ਬੀਰ ਦਰਸ਼ਨ'' ਦਾ ਦੂਜਾ ਭਾਗ ਅਤੇ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਤ ਸਾਮਗਰੀ ਉਤੇ ਆਧਾਰਤ ਹੋਰ ਪੁਸਤਕਾਂ ਆਪਣੇ ਪਾਠਕਾਂ ਨੂੰ ਭੇਟ ਕਰ ਸਕਾਂਗੇ।

ਪ੍ਰਧਾਨ
ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ - ੧੧੦੦੦੧

ਭੂਮਿਕਾ

ਭਾਈ ਸਾਹਿਬ ਭਾਈ ਵੀਰ ਸਿੰਘ ਬਹੁ-ਪੱਖੀ ਪ੍ਰਤਿਭਾ ਤੇ ਬਹੁ-ਪੱਖੀ ਪ੍ਰਾਪਤੀਆਂ ਦੇ ਸਵਾਮੀ ਸਨ। ਉਹ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਹੀ ਨਹੀਂ, ਸਗੋਂ ਆਧੁਨਿਕ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਉਥਾਨ ਦੇ ਮੋਢੀ ਵੀ ਹਨ। ਸਿਖ ਧਰਮ ਦੀਆਂ ਉੱਚ ਅਧਿਆਤਮਕ ਤੇ ਮਾਨਵੀ ਕੀਮਤਾਂ ਅਤੇ ਸਿੱਖ ਇਤਿਹਾਸ ਪ੍ਰਤੀ ਲਗਨ ਉਹਨਾਂ ਦੀ ਪ੍ਰੇਰਨਾ ਦੇ ਸੋਮੇ ਵੀ ਸਨ ਅਤੇ ਉਹਨਾਂ ਦੀ ਰਚਨਾਤਮਕ ਕਾਰਜਸ਼ੀਲਤਾ ਦਾ ਉਦੇਸ਼ ਵੀ। ਆਪਣੇ ਇਸ ਮਹੱਤਵਪੂਰਨ ਉਦੇਸ਼ ਦੀ ਪ੍ਰਾਪਤੀ ਲਈ ਉਹਨਾਂ ਨੇ ਪਿਛਲੀ ਸਦੀ ਦੇ ਅੰਤਲੇ ਸਾਲ ੧੮੯੯ ਵਿੱਚ ਪੰਜਾਬੀ ਦਾ ਸਾਹਿਤਕ, ਸਭਿਆਚਾਰਕ ਤੇ ਧਾਰਮਿਕ ਸਪਤਾਹਿਕ ''ਖਾਲਸਾ ਸਮਾਚਾਰ'' ਜਾਰੀ ਕੀਤਾ ਸੀ ਜਿਹੜਾ ਅੱਜ ਤੱਕ ਬਾਕਾਇਦਾ ਪ੍ਰਕਾਸ਼ਤ ਹੋ ਰਿਹਾ ਹੈ। ਇਸ ਪਰਚੇ ਨੂੰ ਉਹਨਾਂ ਨੇ ਸਮਕਾਲੀ ਸਿਖ ਮਾਨਸਿਕਤਾ ਵਿਚ ਉਸ ਦੇ ਗੌਰਵਸ਼ਾਲੀ ਅਤੀਤ ਨੂੰ ਜਗਾਉਣ ਦਾ ਵਸੀਲਾ ਬਣਾਇਆ ਜਿਸ ਤੋਂ, ਉਹਨਾਂ ਦੀ ਦ੍ਰਿਸ਼ਟੀ ਅਨੁਸਾਰ, ਪੰਥ ਦੇ ਸਨਮੁਖ ਅੰਦਰੂਨੀ ਅਤੇ ਬਹਿਰੂਨੀ ਵੰਗਾਰਾਂ ਦਾ ਮੁਕਾਬਲਾ ਕਰਨ ਲਈ ਅਥਾਹ ਸ਼ਕਤੀਆਂ ਅਤੇ ਸਮਰਥਾਵਾਂ ਦੇ ਸੋਮੇ ਫੁਟ ਸਕਦੇ ਸਨ।

ਪੰਜਾਬੀ ਕਵਿਤਾ ਤੇ ਪੰਜਾਬੀ ਵਾਰਤਕ ਦੋਵਾਂ ਖੇਤਰਾਂ ਵਿੱਚ ਹੀ ਭਾਈ ਸਾਹਿਬ ਦੀ ਦੇਣ ਬੇਜੋੜ ਹੈ। ਰਾਣਾ ਸੂਰਤ ਸਿੰਘ ਵਰਗਾ ਮਹਾਕਾਵਿ ਅੱਜ ਤੱਕ ਸੈਂਕੜੇ ਨਹੀਂ ਹਜ਼ਾਰਾਂ ਪਾਠਕਾਂ ਦੀ ਦਿਲਚਸਪੀ ਦਾ ਕੇਂਦਰ ਬਣਿਆ ਹੋਇਆ ਹੈ। ਉਹਨਾਂ ਦੀਆਂ ਛੋਟੀਆਂ ਸਰੋਦੀ ਕਵਿਤਾਵਾਂ, ਖਾਸ ਤੌਰ ਤੇ ਕੁਦਰਤ ਦੇ ਕਾਦਰ ਦੇ ਜਲਵੇ ਨੂੰ ਸਮਰਪਤ ਕਵਿਤਾਵਾਂ, ਉਚ ਕੋਟੀ ਦੇ ਸੁਹਜ-ਸਵਾਦ ਦੀ ਤ੍ਰਿਪਤੀ ਕਰਦੀਆਂ ਹਨ। ਸ਼ਾਇਦ ਇਸੇ ਲਈ ਹੀ ਉਹਨਾਂ ਨੂੰ ਨਿਕੀਆਂ ਕਵਿਤਾਵਾਂ ਦੇ ਵੱਡੇ ਕਵੀ ਆਖਿਆ ਜਾਂਦਾ ਹੈ।

ਵਾਰਤਕ ਦੇ ਖੇਤਰ ਵਿੱਚ ਉਹਨਾਂ ਦੀ ਕਲਮ ਤੋਂ 'ਖਾਲਸਾ ਸਮਾਚਾਰ' ਵਾਸਤੇ ਜਾਂ ਗੁਰਪੁਰਬਾਂ ਸਮੇਂ ਪ੍ਰਕਾਸ਼ਨ-ਹਿਤ ਟਰੈਕਟਾਂ ਵਾਸਤੇ ਲਿਖੇ ਗੁਰੂ ਸਾਹਿਬਾਨ ਦੇ ਜੀਵਨ ਪ੍ਰਸੰਗ ਜਿਨ੍ਹਾਂ ਨੂੰ ਮਗਰੋਂ ਸੰਪਾਦਨ ਕਰਕੇ ਸ੍ਰੀ ਗੁਰੂ ਨਾਨਕ ਚਮਤਕਾਰ, ਸ੍ਰੀ ਅਸ਼ਟ ਗੁਰੂ ਚਮਤਕਾਰ, ਸ੍ਰੀ ਕਲਗੀਧਰ ਚਮਤਕਾਰ ਦੇ ਨਾਮ ਹੇਠ ਪੁਸਤਕ ਰੂਪ ਵਿਚ ਛਾਪਿਆ ਗਿਆ, ਆਧੁਨਿਕ ਪੰਜਾਬੀ ਵਾਰਤਕ ਦਾ ਨੁੱਕ ਬੰਨਣ ਵਿੱਚ ਮੀਲ-ਪੱਥਰ ਸਿਧ ਹੋਏ ਹਨ।

ਭਾਈ ਸਾਹਿਬ ਦੀ ਕਲਮ ਤੋਂ ਸੁੰਦਰੀ, ਬਿਜੈ ਸਿੰਘ ਤੇ ਸਤਵੰਤ ਕੌਰ ਉਹ ਗਲਪ-ਰਚਨਾਵਾਂ ਹਨ ਜਿਨ੍ਹਾਂ ਦੇ ਕਥਾਨਕ ਨੂੰ ਪੰਜਾਬ ਦੇ ੧੮ਵੀਂ ਤੇ ੧੯ਵੀਂ ਸਦੀ ਦੇ ਇਤਿਹਾਸਕ ਪਿਛੋਕੜ ਵਿੱਚ ਰੱਖ ਕੇ ਚਿਤਰਿਆ ਗਿਆ ਹੈ। ਇਸੇ ਲਈ ਹੀ ਇਹਨਾਂ ਰਚਨਾਵਾਂ ਨੂੰ ਇਤਿਹਾਸਕ ਨਾਵਲ ਵੀ ਆਖਿਆ ਗਿਆ ਹੈ ਅਤੇ ਇਤਿਹਾਸਕ ਰੁਮਾਂਸ ਵੀ। ਇਹ ਰਚਨਾਵਾਂ ਨਾਵਲ ਹਨ ਜਾਂ ਰੁਮਾਂਸ, ਇਥੇ ਅਸੀਂ ਇਸ ਆਲੋਚਨਾਤਮਕ ਧਾਰਨਾ ਉਤੇ ਕੋਈ ਚਰਚਾ ਨਹੀਂ ਕਰਨਾ ਚਾਹੁੰਦੇ। ਸਾਡਾ ਪ੍ਰਯੋਜਨ ਸਿਰਫ ਇਸ ਗੱਲ ਵੱਲ ਧਿਆਨ ਦੁਆਉਣਾ ਹੀ ਹੈ ਕਿ ਇਹਨਾਂ ਰਚਨਾਵਾਂ ਵਿੱਚ ਜੋ ਇਤਿਹਾਸਕ ਝਲਕਾਰੇ ਮਿਲਦੇ ਹਨ ਉਹ ਕਰੜੀ ਕਸਵੱਟੀ ਉਤੇ ਪਰਖਿਆਂ ਨਰੋਲ ਇਤਿਹਾਸ ਨਹੀਂ, ਹਾਂ ਇਹਨਾਂ ਦੀ ਰੰਗਣ ਜ਼ਰੂਰ ਇਤਿਹਾਸਕ ਹੈ। ਪਰ ਤਾਂ ਵੀ ਜ਼ਾਹਿਰ ਹੈ ਕਿ ਇਹ ਨਾਵਲ ਜਾਂ ਰੁਮਾਂਸ ਲਿਖਣ ਦੀ ਤਿਆਰੀ ਹਿਤ ਭਾਈ ਸਾਹਿਬ ਨੂੰ ਪੰਜਾਬ ਦੇ ਇਤਿਹਾਸ ਦਾ ਜਾਂ ਕਹਿ ਲਓ ਕਿ ਉਸ ਸਮੇਂ ਦੇ ਸਿਖ ਇਤਿਹਾਸ ਦਾ ਵਿਸ਼ਾਲ ਅਧਿਅਨ ਤੇ ਇਸ ਦੀ ਘੋਖ ਪਰਖ ਕਰਨੀ ਪਈ ਹੋਵੇਗੀ। ਇਸ ਦੇ ਬਗੈਰ ਵਿਸ਼ੈ ਉਤੇ ਪਕੜ ਸੰਭਵ ਨਹੀਂ ਸੀ।

''ਖਾਲਸਾ ਸਮਾਚਾਰ'' ਦੇ ਪੁਰਾਣੇ ਪਰਚਿਆਂ ਉਤੇ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਆਪਣੇ ਪਾਠਕਾਂ ਲਈ ਕੁਝ ਵਿਸ਼ੇਸ਼ ਕਾਲਮ ਕਈ ਵਰ੍ਹਿਆਂ ਤੱਕ ਲਗਾਤਾਰ ਲਿਖਦੇ ਰਹੇ ਹਨ। 'ਆਤਮ--ਕਥਾ' ਨਾਂ ਹੇਠ ਛਪਦੇ ਕਾਲਮ ਵਿੱਚ ਉਹ ਆਪਣੇ ਪਾਠਕਾਂ ਅੱਗੇ ਆਤਮਕ-ਮੰਡਲਾਂ ਦੇ ਰਹੱਸ ਖੋਹਲਣ ਦਾ ਉਪਰਾਲਾ ਕਰਿਆ ਕਰਦੇ ਸਨ ਅਤੇ ''ਸੰਤ ਗਾਥਾ'' ਵਾਲੇ ਕਾਲਮ ਵਿੱਚ ਉਹਨਾਂ ਅਨੁਭਵੀ ਅਤੇ ਕਰਨੀ ਵਾਲੇ ਸੰਤਾਂ ਮਹਾਤਮਾਵਾਂ ਦੇ ਜੀਵਨ ਪ੍ਰਸੰਗ ਲਿਖਿਆ ਕਰਦੇ ਸਨ ਜਿਹੜੇ ਜਾਂ ਤਾਂ ਉਹਨਾਂ ਦੇ ਨਿਜੀ ਸੰਪਰਕ ਵਿੱਚ ਆਏ ਜਾਂ ਜਿਨ੍ਹਾਂ ਦੀਆਂ ਕਹਾਣੀਆਂ ਉਹਨਾਂ ਨੇ ਆਪਣੇ ਸੰਪਰਕ ਵਿੱਚ ਆਉਣ ਵਾਲੇ ਵਿਅਕਤੀਆਂ ਪਾਸੋਂ ਸੁਣੀਆਂ। ''ਬੀਰ ਦਰਸ਼ਨ'' ਅਜਿਹਾ ਕਾਲਮ ਸੀ ਜਿਸ ਵਿੱਚ ਉਹ ਮੁਖ ਕਰਕੇ ਇਤਿਹਾਸਕ ਰੂਪ ਵਿੱਚ ਜਾਣੇ ਜਾਂਦੇ ਦੇਸ਼ ਤੇ ਪੰਥ ਦੇ ਪ੍ਰੇਮੀਆਂ, ਸੂਰਬੀਰਾਂ ਅਤੇ ਸ਼ਹੀਦਾਂ ਦੇ ਪ੍ਰਸੰਗ ਲਿਖਿਆ ਕਰਦੇ ਸਨ।

ਬਹੁਤ ਵਰ੍ਹੇ ਹੋਏ, ੧੯੩੮ ਵਿੱਚ ਭਾਈ ਸਾਹਿਬ ਨੇ ਆਪਣੇ ਪਾਠਕਾਂ ਨਾਲ ਇਕਰਾਰ ਕੀਤਾ ਸੀ ਕਿ ''ਬੀਰ ਦਰਸ਼ਨ'' ਵਾਲੇ ਕਾਲਮ ਵਿੱਚ ਛਪਣ ਵਾਲੇ ਪ੍ਰਸੰਗਾਂ ਨੂੰ ਉਹ ਛੇਤੀ ਹੀ ਪੁਸਤਕ ਰੂਪ ਵਿੱਚ ਪ੍ਰਕਾਸ਼ਤ ਕਰਨਗੇ। ਪਰ ਇਸ ਗੱਲ ਦੇ ਕਾਰਨ

ਅਗਿਆਤ ਹਨ ਕਿ ਉਹ ਆਪਣੇ ਜੀਵਨ-ਕਾਲ ਵਿੱਚ ਇਹ ਇਕਰਾਰ ਪੂਰਾ ਕਿਉ ਨਾ ਕਰ ਸਕੇ। ਉਹਨਾਂ ਦੀ ਇਸ ਇੱਛਾ ਨੂੰ ਮੁਖ ਰਖਦਿਆਂ ਹੀ, ਇਹ ਪੁਸਤਕ ਤਿਆਰ ਕੀਤੀ ਗਈ ਹੈ ਜਿਸ ਨੂੰ ਅਸੀਂ "ਬੀਰ ਦਰਸ਼ਨ", (ਭਾਗ ਪਹਿਲਾ) ਦਾ ਨਾਂ ਹੀ ਦੇਣਾ ਚਾਹਾਂਗੇ।

ਇਸ ਭਾਗ ਵਿੱਚ ਅਸੀਂ ੧੯੩੨, ੧੯੩੩ ਤੇ ੧੯੩੪ ਦੇ "ਖਾਲਸਾ ਸਮਾਚਾਰ" ਵਿੱਚੋਂ ਪ੍ਰਾਪਤ ਸਮਗਰੀ ਪੇਸ਼ ਕਰ ਰਹੇ ਹਾਂ। ਇਕ ਵਾਰੀ ਫੇਰ, ਭਾਵੇਂ ਇਸ ਪੁਸਤਕ ਵਿਚਲੇ ਬਹੁਤੇ ਪ੍ਰਸੰਗ ੧੮ਵੀਂ ਤੇ ੧੯ਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਨਾਲ ਜੁੜੇ ਹੋਏ ਹਨ, ਪਰ ਇਸ ਪੁਸਤਕ ਨੂੰ ਅਸੀਂ ਇਤਿਹਾਸ ਇਸ ਲਈ ਨਹੀਂ ਕਹਿ ਸਕਦੇ ਕਿ ਇਸ ਸਮਗਰੀ ਨੂੰ ਕਿਸੇ ਕਾਲ-ਕ੍ਰਮ ਵਿੱਚ ਰਖਕੇ ਨਹੀਂ ਪੇਸ ਕੀਤਾ ਗਿਆ ਜੋ ਇਤਿਹਾਸ ਦੀ ਲਿਖਤ ਦੀ ਪਹਿਲੀ ਸ਼ਰਤ ਹੁੰਦੀ ਹੈ। ਦੂਜੀ ਗੱਲ ਇਹ ਕਿ ਸਮਗਰੀ ਵਿਚਲੇ ਇਤਿਹਾਸਕ ਤੱਥਾਂ ਦੀ ਸਚਾਈ ਪ੍ਰਤੀ ਭਾਈ ਸਾਹਿਬ ਦੀ ਵਫ਼ਾਦਾਰੀ ਬੇਸ਼ਕ ਨਿਸ਼ਚਿਤ ਹੈ, ਪਰ ਫਿਰ ਵੀ ਉਹ ਇਸ ਨੂੰ ਇਕ ਮਿਸ਼ਨਰੀ ਦੀ ਬਿਰਤੀ ਨਾਲ ਪ੍ਰਸਤੁਤ ਕਰ ਰਹੇ ਹਨ ਇਤਿਹਾਸਕਾਰ ਦੀ ਬਿਰਤੀ ਨਾਲ ਨਹੀਂ। ਉਹਨਾਂ ਦਾ ਮਨੋਰਥ ਸਿਖ ਇਤਿਹਾਸ ਨੂੰ ਉਲੀਕਣਾ ਘਟ ਅਤੇ ਸਿਖ ਚ੍ਰਿਤਰ ਨੂੰ ਉਲੀਕਣਾ ਵਧੇਰੇ ਹੈ। ਇਹ ਉਹਨਾਂ ਸੰਤ-ਸਿਪਾਹੀਆਂ ਦੇ ਪ੍ਰਸੰਗ ਹਨ ਜਿਹੜੇ ਧਰ ਪਏ ਪਰ ਧਰਮ ਨਹੀਂ ਹਾਰਿਆ। ਇਹ ਉਹਨਾਂ ਗੁਰਸਿਖਾਂ ਦੀਆਂ ਵਾਰਤਾਵਾਂ ਹਨ ਜਿਨ੍ਹਾਂ ਇਹ ਧਾਰਿਆ ਹੋਇਆ ਸੀ ਕਿ ਸਿਰ ਜਾਏ ਤੇ ਜਾਏ ਮੇਰਾ ਸਿਖੀ ਸਿਦਕ ਨਾ ਜਾਏ।

ਭਾਈ ਸਾਹਿਬ ਦੇ ਇਤਿਹਾਸਕ ਨਾਵਲਾਂ ਉਤੇ ਚਰਚਾ ਕਰਦਿਆਂ ਕਈ ਵਾਰੀ ਪੰਜਾਬੀ ਆਲੋਚਕ ਆਖ ਦੇਂਦੇ ਹਨ ਕਿ ਭਾਈ ਸਾਹਿਬ ਦੀ ਪਹੁੰਚ ਵਿਚ ਸੰਤੁਲਨ ਨਹੀਂ ਕਿਉਕਿ ਉਹ ਸਿਖ ਨੂੰ ਆਦਰਸ਼-ਪਾਤਰ ਦੇ ਰੂਪ ਵਿੱਚ ਦਰਸਾਉਂਦੇ ਹਨ, ਮੁਗ਼ਲ ਨੂੰ ਜਾਬਰ ਦੇ ਰੂਪ ਵਿੱਚ ਅਤੇ ਹਿੰਦੂ ਨੂੰ ਬੁਜਦਿਲ ਤੇ ਅਧੀਨਗੀ ਪ੍ਰਵਾਨ ਕਰਨ ਵਾਲੇ ਦੇ ਰੂਪ ਵਿੱਚ। ਇਹ ਗੱਲ ਇਸ ਪੁਤਸਕ ਨੂੰ ਪੜ੍ਹ ਕੇ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਪਰ ਅਸੀਂ ਉਪਰੋਕਤ ਧਾਰਨਾ ਨਾਲ ਸਹਿਮਤੀ ਨਹੀਂ ਰਖ ਸਕਦੇ। ਸਾਨੂੰ ਪ੍ਰਤੀਤ ਹੁੰਦਾ ਹੈ ਕਿ ਜੇ ਪਾਠਕ ਆਪਣੀ ਮਾਨਸਿਕਤਾ ਨੂੰ ਆਪਣੀਆਂ ਸਮਕਾਲੀ ਸਥਿਤੀਆਂ ਨਾਲੋਂ ਤੋੜ ਕੇ ਉਸ ਕਾਲ ਦੇ ਪਰਿਪੇਖ ਵਿੱਚ ਲੈ ਜਾਵੇ ਤਾਂ ਉਸ ਨੂੰ ਉਪਰੋਕਤ ਕਿੰਤੂ ਨਿਰਮੂਲ ਜਾਪਣ ਲਗ ਜਾਵੇਗਾ। ਸੰਕੇਤ ਮਾਤਰ, ਦੀਵਾਨ ਲਖਪਤ ਰਾਏ ਤੇ ਜਸਪਤ ਰਾਏ ਵਰਗੇ

ਅਧਿਕਾਰੀਆਂ ਨੂੰ ਕੀ ਸਮਝਿਆ ਜਾਏ ਜੋ ਜ਼ੁਲਮ ਦਾ ਮਾਥ ਦੇਂਦੇ ਹਨ, ਪਰ ਦੀਵਾਨ ਕੌੜਾ ਮੱਲ ਵਰਗੇ ਉਹਨਾਂ ਦਾ ਤੋੜ ਵੀ ਹਨ ਜਿਹੜੇ ਇਨਸਾਫ ਤੇ ਆਜ਼ਾਦੀ ਨੂੰ ਸਮਰਪਤ ਸਿਖ ਲਹਿਰ ਨਾਲ ਹਮਦਰਦੀ ਰਖਦੇ ਹਨ। ਮੁਗ਼ਲ ਹਾਕਮ ਤਾਂ ਜਾਬਰ ਹਨ ਹੀ, ਪਰ ਕਈ ਮੁਸਲਮਾਨ ਸ਼ਖਸੀਅਤਾਂ ਸਿਖ ਆਦਰਸ਼ ਲਈ ਮਾਥ ਦੇਂਦੀਆਂ ਹਨ। ਤੇ ਇਸ ਤੋਂ ਕਿਵੇਂ ਇਨਕਾਰ ਹੋ ਸਕਦਾ ਹੈ ਕਿ ਲੜਨ ਵਾਲਾ ਸਿਖ ਹੀ ਹੈ। ਕਾਰਨ ਇਹ ਹੈ ਕਿ ਉਸ ਸਮੇਂ ਦਾ ਸਿਖ ਮਾਇਆ ਦਾ ਮੋਹਿਆ ਨਹੀਂ ਮਾਇਆ ਦੇ ਪ੍ਰਬੰਧ ਵਿਰੁਧ ਜੂਝਣ ਵਾਲਾ, ਉਚ ਮਾਨਵੀ ਕੀਮਤਾਂ ਉਤੇ ਪਹਿਰਾ ਦੇਣ ਵਾਲਾ ਗੁਰਸਿਖ ਸੀ। ਜਿਹੜੇ ਹਿੰਦੂ ਇਨਸਾਫ ਤੇ ਆਜ਼ਾਦੀ ਲਈ, ਜਬਰ ਤੇ ਜ਼ੁਲਮ ਵਿਰੁਧ ਲੜਨ ਲਈ ਤਤਪਰ ਸਨ ਉਹੀ ਸਿਖ ਸਜੇ ਸਨ। ਸਰਸਵਤੀ ਓਦੋਂ ਹੀ ਬੀਰਾਗਣ ਬਣਦੀ ਹੈ ਜਦੋਂ ਉਹ ਸੁੰਦਰ ਕੌਰ ਅਥਵਾ ਸੁੰਦਰੀ ਬਣ ਜਾਂਦੀ ਹੈ। ਇਸ ਪੁਸਤਕ ਵਿੱਚ ਕੁਝ ਚ੍ਰਿਤਰ ਹਨ ਜਿਨ੍ਹਾਂ ਪ੍ਰਤੀ ਨਫਰਤ ਜਾਗਦੀ ਹੈ, ਕੁਝ ਐਸੇ ਹਨ ਜਿਨ੍ਹਾਂ ਪ੍ਰਤੀ ਕਰੁਣਾ ਤੇ ਤਰਸ ਦੀ ਭਾਵਨਾ ਉਤਪਨ ਹੁੰਦੀ ਹੈ ਤੇ ਕੁਝ ਐਸੇ ਹਨ ਜੋ ਸਾਡੀ ਸ਼ਰਧਾ ਦੇ ਪਾਤਰ ਬਣਦੇ ਹਨ।

ਇਸ ਸਮਗਰੀ ਨੂੰ ਪੁਸਤਕ ਰੂਪ ਦੇਂਦਿਆਂ ਅਸੀਂ ਇਕ ਤਾਂ ਕੁਝ ਪ੍ਰਸੰਗਾਂ ਨੂੰ ਢੁਕਵੇਂ ਸਿਰਲੇਖ ਦੇਣ ਦੀ ਖੁਲ੍ਹ ਲਈ ਹੈ ਅਤੇ ਦੂਜੇ ਜਿਨ੍ਹਾਂ ਪੁਸਤਕਾਂ ਜਾਂ ਲੇਖਕਾਂ ਦੇ ਹਵਾਲੇ ਭਾਈ ਸਾਹਿਬ ਨੇ ਦਿੱਤੇ ਹੋਏ ਸਨ ਪਰ ਉਹ ਅਧੂਰੇ ਸਨ ਉਹਨਾਂ ਨੂੰ ਯਥਾਸੰਭਵ ਖੋਜ-ਭਾਲ ਕਰ ਕੇ ਸੰਪੂਰਨ ਬਣਾਉਣ ਦਾ ਉਪਰਾਲਾ ਕੀਤਾ ਹੈ। ਕੁਝ ਹਵਾਲੇ ਪੁਰਾਤਨ ਪੁਸਤਕਾਂ ਉਪਲਬਧ ਨਾ ਹੋ ਸਕਣ ਕਾਰਨ ਅਜੇ ਵੀ ਅਧੂਰੇ ਹੀ ਰਹਿ ਗਏ ਹਨ।

ਪੰਜਾਬੀ ਭਾਸ਼ਾ ਦੀ ਸਮਰਥਾ ਤੇ ਅਮੀਰੀ ਨੂੰ ਦਰਸਾਉਂਦੀ, ਵਿਵੇਕ-ਸ਼ੀਲ ਤੇ ਸੂਖ਼ਮ ਸ਼ੈਲੀ ਵਿੱਚ ਲਿਖੀ ਸਾਡੀ ਸੋਝੀ, ਬੌਧਿਕਤਾ ਤੇ ਭਾਵੁਕਤਾ ਨੂੰ ਸਿਖੀ ਦੇ ਮਹਾਨ ਆਦਰਸ਼ ਨਾਲ ਜੋੜਨ ਵਾਲੀ ਭਾਈ ਸਾਹਿਬ ਦੀ ਇਹ ਰਚਨਾ ਅਸੀਂ ਇਸ ਆਸ ਨਾਲ ਪਾਠਕਾਂ ਦੀ ਭੇਟ ਕਰ ਰਹੇ ਹਾਂ ਕਿ ਉਹ ਇਸ ਨੂੰ ਪੜ੍ਹ ਕੇ ਆਨੰਦ ਵੀ ਪ੍ਰਾਪਤ ਕਰਨਗੇ ਅਤੇ ਪ੍ਰੇਰਨਾ ਵੀ ਲੈਣਗੇ।

ਨਵੀਂ ਦਿੱਲੀ

ਕਰਨਜੀਤ ਸਿੰਘ

ਸਾਹਬ ਰਾਏ ਨੂੰ ਡੰਡ

ਰਿਤੂ ਰਾਜ ਬਸੰਤ ਦੇ ਜੋਬਨ ਦੇ ਦਿਨ ਸਨ, ਇਕ ਹਰੀ ਭਰੀ ਤੇ ਫੁਲੀ ਫਲੀ ਫੁਲਵਾੜੀ ਵਿਚ ਪਿੰਜਰੇ ਵਿਚ ਬੰਦ ਪੰਛੀ ਰਖਿਆ ਵੇਖਕੇ ਹਮਦਰਦੀ ਵਜੋਂ ਕੁਛ ਪੰਛੀ ਉਹਦੇ ਲਾਗੇ ਆ ਜੁੜੇ। ਚੁੰਜਾਂ ਨਾਲ ਪਿੰਜਰੇ ਦਾ ਦਰਵਾਜ਼ਾ ਖੋਹਲਿਆ, ਬਹਾਰ ਦੇ ਦ੍ਰਿਸ਼ਯਾਂ ਦਾ ਦਿਲ ਹਿਲਾ ਦੇਣ ਵਾਲੇ ਸ਼ਬਦਾਂ ਵਿਚ ਜ਼ਿਕਰ ਕੀਤਾ ਤੇ ਉਸਨੂੰ ਸੁਤੰਤਰ ਹੋਣ ਦਾ ਸੰਦੇਸਾ ਸੁਣਾਇਆ। ਬੰਦੀ ਵਿਚ ਪਏ ਪੰਛੀ ਨੇ ਜਿਸਦੀ ਨਸ ਨਸ ਵਿਚ ਗੁਲਾਮੀ ਰਚ ਗਈ ਸੀ, ਪੰਛੀਆਂ ਦੀਆਂ ਗਲਾਂ ਸੁਣੀਆਂ, ਸਮਝੀਆਂ ਤੇ ਮੁਸਕਰਾਇਆ। ਇਨਾਂ ਦੀ ਅਕਲ ਤੇ ਪਹਿਲਾਂ ਹੱਸਿਆ ਤੇ ਫਿਰ ਕ੍ਰੋਧ, ਜੋਸ਼ ਤੇ ਗ਼ਜ਼ਬ ਵਿਚ ਆ ਕੇ ਆਪਣੇ ਹਿਤੂਆਂ ਨੂੰ ਵੈਰੀ ਦਸਕੇ ਇਨ੍ਹਾਂ ਦੀ ਵਿਰੋਧਤਾ 'ਤੇ ਤੁਲ ਖਲੋਤਾ ਤੇ ਆਪਣੀ ਗੁਲਾਮੀ ਤੋਂ ਪੰਛੀਆਂ ਦੀ ਦਸੀ ਸੌ ਸੁਤੰਤ੍ਰਤਾ ਕੁਰਬਾਨ ਕਰਨਾ ਵਾਜਬ ਦਸਣ ਲਗਾ। ਗੁਲਾਮੀ ਨੇ ਉਹਦੇ ਦਿਲ ਦੀ ਜੋ ਦਸ਼ਾ ਬਣਾ ਦਿਤੀ ਸੀ ਉਹਦਾ ਜ਼ਿਕਰ ਇਕ ਕਵੀ ਨੇ ਇਨ੍ਹਾਂ ਅੱਖਰਾਂ ਵਿਚ ਕੀਤਾ ਹੈ :

ਨੈ ਤੀਰ ਕਮਾਂ ਮੇਂ ਹੈ ਨੈ ਸਯਾਦ ਕਮੀ ਮੇਂ
ਗੋਸ਼ੇ ਮੇਂ ਕਫਸ ਕੇ ਮੁਝੇ ਆਰਾਮ ਬਹੁਤ ਹੈ।

ਨੁਸ਼ੈਹਰਾ ਜ਼ਿਲਾ ਲਾਹੌਰ ਦੇ ਚੌਧਰੀ ਸਾਹਿਬ ਰਾਏ ਨੂੰ ਸਿਖਾਂ ਦੇ ਨਾਲ ਰਬ ਵਾਸਤੇ

ਦਾ ਵੈਰ ਸੀ। ਸਿਖਾਂ ਦਾ ਅਪਰਾਧ ਹਿੰਦੂਆਂ ਦੀਆਂ ਬਹੂਆਂ ਬੇਟੀਆਂ ਦੀ ਇੱਜ਼ਤ ਤੇ ਪਤਿਬ੍ਰਤ ਧਰਮ ਲਈ ਆਪਣੇ ਆਪ ਨੂੰ ਉਜਾੜਨਾਂ, ਤੇ ਹਿੰਦੂਆਂ ਦੀ ਇਜ਼ਤ, ਜਾਨ ਤੇ ਮਾਲ ਉਸ ਵੇਲੇ ਦੇ ਦੁਰਾਚਾਰੀ ਹਾਕਮਾਂ, ਅਫਸਰਾਂ ਤੇ ਲੁਟੇਰਿਆਂ ਦੇ ਹਥੋਂ ਬਚਾਣਾ ਸੀ। ਸਿਖਾਂ ਦਾ ਇਹ ਅਪਰਾਧ ਅਜਿਹਾ ਅਪਰਾਧ ਨਹੀਂ ਸੀ ਜੋ ਸਾਹਬ ਰਾਏ ਦੀ ਨਜ਼ਰ ਵਿੱਚ ਬਖਸ਼ਣ ਯੋਗ ਹੁੰਦਾ, ਇਸ ਵਾਸਤੇ ਇਹ ਆਪਣੇ ਸਾਰੇ ਦਲ ਬਲ ਨਾਲ ਸਿਖਾਂ ਨੂੰ ਦਬਾਣ ਦੁਖਾਣ ਤੇ ਤਬਾਹ ਕਰਨ ਲਈ ਤੁਲਿਆ ਹੋਇਆ ਸੀ।

ਉਹਦੇ ਇਲਾਕੇ ਵਿਚ ਇਕ ਸੌ ਦੇ ਕਰੀਬ ਸਿੰਘਾਂ ਦੇ ਘਰ ਸਨ ਜੋ ਵਾਹੀ ਕਰਕੇ ਆਪਣਾ ਨਿਰਬਾਹ ਕਰਦੇ ਸਨ।

ਚੌਧਰੀ ਸਾਹਿਬ ਰਾਏ ਨੇ ਸਿਖਾਂ ਨੂੰ ਤੰਗ ਕਰਨ ਲਈ ਇਕ ਨਵੀਂ ਵਿਉਂਤ ਕਢੀ ਤੇ ਉਹ ਇਹ ਸੀ ਕਿ ਉਹ ਆਪਣੇ ਘੋੜੇ ਸਿਖਾਂ ਦੀਆਂ ਫਸਲਾਂ ਵਿੱਚ ਛਡ ਦੇਂਦਾ ਤੇ ਫਸਲ ਨਸ਼ਟ ਕਰ ਛਡਦਾ। ਉਸ ਵੇਲੇ ਦੇ ਹਾਕਮ ਸਿਖਾਂ ਦੇ ਵੈਰੀ ਸਨ, ਇਨਾਂ ਦੀ ਫਰਯਾਦ ਕਿਸ ਨੇ ਸੁਣਨੀ ਤੇ ਦਾਦ ਕਿਸਨੇ ਦੇਣੀ ਸੀ। ਇਸ ਗਲ ਨੇ ਸਾਹਿਬ ਰਾਏ ਨੂੰ ਹੋਰ ਵੀ ਸ਼ੇਰ ਕਰ ਛਡਿਆ ਸੀ। ਸਿਖਾਂ ਦੇ ਸਮਝਾਣ ਬੁਝਾਣ ਤੇ ਉਹ ਕਿਸੇ ਕੁਲੀ ਤੇ ਨਾ ਆਉਂਦਾ ਸਗੋਂ ਹੈਂਕੜ ਵਿਚ ਆ ਕੇ ਕਹਿੰਦਾ ਕਿ ਮੈਂ ਆਪਣੇ ਪਿਉ ਦਾ ਪੁਤਰ ਤਦ ਹਾਂ ਜੇ ਤੁਹਾਡੇ ਸਿਰ ਦੇ ਕੇਸ ਉਤਰਵਾਕੇ ਆਪਣੇ ਘੋੜਿਆਂ ਦੀਆਂ ਪਿਛਾੜੀਆਂ ਬਣਵਾਵਾਂਗਾ। ਸਿਖਾਂ ਖੇਤਾਂ ਦਾ ਨੁਕਸਾਨ ਹੁੰਦਾ ਵੇਖਿਆ, ਸਾਹਿਬ ਰਾਏ ਦੇ ਦਿਲ ਦੁਖਾਵੇਂ ਵਾਕ ਸੁਣੇ, ਉਸਨੂੰ ਸਮਝਾਇਆ ਤੇ ਜਿੰਨੀ ਵਾਰੀ ਸਮਝਾਇਆ ਉਨ੍ਹਾਂ ਹੀ ਅਗੋਂ ਉਸਨੂੰ ਕਰੜਾ ਹੁੰਦਾ ਪਾਇਆ। ਜਦ ਉਨ੍ਹਾਂ ਵੇਖਿਆ ਕਿ ਇਸਦੇ ਸੁਧਾਰਨ ਦਾ ਨਿਮ੍ਰਤਾ ਕੋਈ ਰਾਹ ਨਹੀਂ ਤਦ :

ਤੰਗ ਆਮਦ–ਬਜੰਗ ਆਮਦ

ਵਾਲੀ ਦਸ਼ਾ ਬਣ ਗਈ। ਸਾਹਿਬ ਰਾਏ ਦੀਆਂ ਘੋੜੀਆਂ ਸਿਖਾਂ ਦੇ ਖੇਤਾਂ ਵਿੱਚ ਛੁਟੀਆਂ ਹੋਈਆਂ ਸਨ, ਕੁਛ ਸਿੰਘ ਆਏ ਉਨ੍ਹਾਂ ਰਾਖਿਆਂ ਨੂੰ ਵੰਗਾਰਿਆ ਤੇ ਲਲਕਾਰਿਆ ਅਤੇ ਫਿਰ ਫੜਕੇ ਉਨ੍ਹਾਂ ਦੇ ਹੱਥ ਪੈਰ ਬੰਨ੍ਹ ਦਿਤੇ ਤੇ ਘੋੜੀਆਂ ਲਿਜਾ ਕੇ ਵੇਚ ਦਿਤੀਆਂ।

ਇਸ ਇਲਾਕੇ ਵਿਚ ਇਕ ਭਾਈ ਤਾਰਾ ਸਿੰਘ ਜੀ ਰਿਹਾ ਕਰਦੇ ਸਨ। ਆਪ ਬੜੇ ਗੁਰਮੁਖ ਤੇ ਨਾਮ ਅਭਿਆਸੀ ਸਨ ਤੇ ਗੁਰੂ ਕਾ ਲੰਗਰ ਹਰ ਵੇਲੇ ਆਪ ਦੇ ਡੇਰੇ ਤੇ ਜਾਰੀ ਰਹਿੰਦਾ ਸੀ। ਜਿਸ ਵਿਚ ਰਾਹ ਗੁਜ਼ਰੂ ਹਿੰਦੂ, ਸਿਖ ਤੇ ਮੁਸਲਮਾਨਾਂ ਨੂੰ ਬਿਨਾਂ ਕਿਸੇ ਤਰਾਂ

ਦੇ ਵਿਤਕਰੇ ਦੇ ਪ੍ਰਸ਼ਾਦ ਮਿਲਦਾ ਸੀ।

ਇਹ ਖਬਰ ਸਾਹਿਬ ਰਾਏ ਪਾਸ ਪੁਜੀ, ਗੁਸੇ ਨਾਲ ਆਪੇ ਤੋਂ ਬਾਹਰ ਹੋਕੇ ਕ੍ਰੋਧਾਤਰ ਹੋਏ ਹੋਏ ਨੇ ਆਪਣੇ ਸਵਾਰਾਂ ਸਣੇ, ਮਨਧਬਧ ਹੋ ਅੱਚਣਚੇਤ ਭਾਈ ਤਾਰਾ ਸਿੰਘ ਜੀ ਦੇ ਮਕਾਨ ਨੂੰ ਆ ਘੇਰਿਆ ਤੇ ਘੋੜੀਆਂ ਦੀ ਮੰਗ ਉਨ੍ਹਾਂ ਤੋਂ ਕੀਤੀ। ਉਸ ਵੇਲੇ ਘੋੜੀਆਂ ਲਿਜਾਣ ਵਾਲੇ ਸਿੰਘ ਪਿੰਡ ਵਿਚ ਨਹੀ ਸਨ। ਭਾਈ ਤਾਰਾ ਸਿੰਘ ਜੀ ਨੇ ਉਨ੍ਹਾ ਦੀ ਖਬਰ ਮੰਗਾਵਾ ਕੇ ਕਹਿ ਦਿਤਾ ਕਿ ਉਹ ਇਸ ਵੇਲੇ ਘਰ ਨਹੀਂ ਹਨ। ਸਾਹਿਬ ਰਾਏ ਨੂੰ ਇਹ ਗਲ ਤਸਲੀ ਨਾ ਦੇ ਸਕੀ। ਜਿੰਨੀ ਇਧਰੋਂ ਨਰਮੀ ਨਾਲ ਗਲ ਹੁੰਦੀ ਸੀ ਉਨੀ ਉਹਦੀ ਸਖਤੀ ਵਧਦੀ ਗਈ। ਸਿਖਾਂ ਦੀ ਨਰਮੀ ਨੇ :

ਮੂਰਖ ਆਖੇ ਮੈਥੋਂ ਡਰੇ

ਵਾਲੀ ਗਲ ਸਾਹਿਬ ਰਾਏ ਦੇ ਦਿਲ ਵਿੱਚ ਖਿਠਾ ਦਿਤੀ ਅਤੇ ਆਖਰ ਹਥੋ ਪਾਈ ਤਕ ਨੌਬਤ ਪੁਜੀ। ਸਿੰਘ ਉਗਲਾਂ ਤੇ ਗਿਣਨ ਜੋਗੇ ਸਨ ਤੇ ਸਾਹਿਬ ਰਾਏ ਦੇ ਨਾਲ ਕਾਫੀ ਜਮੀਅਤ ਸੀ, ਪਰ ਖਾਲਸੇ ਨੇ ਉਨ੍ਹਾਂ ਸਾਰਿਆਂ ਦਾ ਹਥੋ ਹਥ ਨਬੇੜਾ ਕਰ ਦਿਤਾ। ਸਾਹਿਬ ਰਾਏ ਨੂੰ ਫੜ ਲਿਆ ਪਰ ਜਾਨੋਂ ਨਹੀ ਮਾਰਿਆ। ਥੋੜੀ ਕੁ ਹੋਸ਼ ਦਿਵਾਕੇ ਉਸਨੂੰ ਛਡ ਦਿਤਾ ਗਿਆ ਕਿ ਜਾਹ ਹੁਣ ਅਗੋਂ ਨੂੰ ਸਿਖਾਂ ਦੇ ਕੇਸਾਂ ਬਾਬਤ ਦਿਲ ਦੁਖਾਵੇਂ ਵਾਕ ਨਹੀਂ ਕਹਿਣੇ ।

☆ ☆ ☆

ਫੌਜਦਾਰ ਨੂੰ ਭਾਂਜ

ਸਾਹਿਬ ਰਾਏ ਸਿਰ ਤੇ ਪਟੀਆਂ ਬੰਨ੍ਹੀ, ਰਤੂ ਭਰੇ ਕਪੜਿਆਂ ਵਿਚ ਲੱਥ ਪੁਲਥ ਹੋਇਆ ਘੋੜੇ ਤੇ ਸਵਾਰ ਗਰਦਨ ਹਿਠਾਹਾਂ ਨੂੰ ਸੁਟੀ ਜਾ ਰਿਹਾ ਹੈ ; ਲਗਾਮ ਢਿਲੀ ਛਡੀ ਹੋਈ ਹੈ, ਘੋੜਾ ਆਪਣੀ ਮਰਜ਼ੀ ਨਾਲ ਟੁਰ ਰਿਹਾ ਹੈ। ਕਿਸੇ ਕਿਸੇ ਵੇਲੇ ਸਾਹਿਬ ਰਾਏ ਲੰਮਾ ਸਾਹ ਲੈਂਦਾ, ਸਿਰ ਚਕਦਾ, ਪਿਛੇ ਵੇਖਦਾ, ਤਰਬਕਦਾ ਤੇ ਫਿਰ ਘੋੜੇ ਦੀ ਵਾਗ ਖਿਚ ਅਡੀ ਦਾ ਇਸ਼ਾਰਾ ਕਰਦਾ ਹੈ। ਪਰ ਥੋੜੇ ਹੀ ਚਿਰ ਮਗਰੋਂ ਫਿਰ ਸੋਚਾਂ ਤੇ ਵਿਚਾਰਾਂ ਵਿਚ ਪੈ ਜਾਂਦਾ ਹੈ ਤੇ ਘੋੜਾ ਵੀ ਉਹ ਹੀ ਟਕੇ ਵਟੀ ਵਾਲੀ ਚਾਲ ਤੇ ਟੁਰਨਾ ਸ਼ੁਰੂ ਕਰ ਦੇਂਦਾ ਹੈ।

ਚੌਧਰੀ ਸਾਹਿਬ ਰਾਏ ਸ੍ਰ. ਤਾਰਾ ਸਿੰਘ ਤੋਂ ਭਾਂਜ ਖਾ ਕੇ ਬੜਾ ਸ਼ਰਮਿੰਦਾ ਹੋਇਆ ਹੈ। ਉਹ ਲੋਕ ਜਿਨ੍ਹਾਂ ਦੇ ਸਾਹਮਣੇ ਸਿੰਘਾਂ ਦੀ ਬੀਰਤਾ, ਧੀਰਤਾ ਤੇ ਗੰਭੀਰਤਾ ਦੀ ਨਿੰਦਯਾ ਕੀਤਾ ਕਰਦਾ ਸੀ, ਉਹ ਲੋਕ ਜਿਨਾਂ ਦੇ ਸਾਹਮਣੇ ਸਿੰਘਾਂ ਦੇ ਨਿਸ਼ਾਨ ਤਕ ਮਿਟਾ ਦੇਣ ਲਈ ਛਾਤੀ ਤੇ ਹਥ ਮਾਰਕੇ ਦਾਅਵਾ ਕੀਤਾ ਕਰਦਾ ਸੀ, ਉਹ ਲੋਕ ਜਿਨਾਂ ਦੇ ਸਾਹਮਣੇ ਮੁਛਾਂ ਨੂੰ ਤਾਓ ਦੇਕੇ ਆਪਣੇ ਬਾਹੂਬਲ ਦੀ ਮਹਿਮਾਂ ਕਰਦਾ ਨਹੀਂ ਥਕਦਾ ਸੀ, ਉਨਾਂ ਨੂੰ ਹੁਣ ਕਿਹੜੇ ਮੂੰਹ ਜਾਕੇ ਮਿਲੇ ? ਇਹ ਖਯਾਲ ਸਨ ਜਿਹੜੇ ਉਹਦੇ ਦਿਮਾਗ ਵਿਚ ਚਕਰ ਖਾ ਰਹੇ ਸਨ।

ਪਟੀ ਦਾ ਥਾਣੇਦਾਰ ਤੇ ਉਸ ਦੇ ਕੁਛ ਸਪਾਹੀ ਚੌਧਰੀ ਸਾਹਿਬ ਰਾਏ ਦੇ ਨਾਲ ਆਏ ਸਨ ਤੇ ਸ੍ਰ. ਤਾਰਾ ਸਿੰਘ ਜੀ ਦੀ ਪਾਰਟੀ ਦੇ ਹਥੋਂ ਕਤਲ ਹੋ ਚੁਕੇ ਸਨ। ਹੁਣ ਉਹ ਜਾਵੇ ਤਾਂ ਕਿਸ ਦੇ ਪਾਸ ਫਰਿਆਦੀ ਹੋ ਕੇ ਜਾਏ ? ਇਹ ਸੋਚ ਸੀ ਜੋ ਉਸ ਨੂੰ ਵਾਪਰ ਰਹੀ ਸੀ, ਕਾਫ਼ੀ ਦੇਰ ਦੀ ਵਿਚਾਰ ਮਗਰੋਂ ਉਸ ਨੇ ਘੋੜੇ ਨੂੰ ਰੋਕਿਆ ਤੇ ਉਹਦੀਆਂ ਵਾਗਾਂ ਮੋੜੀਆਂ ਤੇ ਪੱਟੀ ਦੇ ਫੌਜਦਾਰ ਜਅਫਰ ਬੇਗ ਪਾਸ ਪੁਜਾ। ਜਅਫਰ ਬੇਗ ਸਾਹਿਬ ਰਾਏ ਨੂੰ ਘਾਇਲ ਹੋਇਆ ਵੇਖ ਹੈਰਾਨ ਹੋ ਕੇ ਪੁਛਣ ਲਗਾ ਕਿ ਚੌਧਰੀ ਸਾਹਿਬ ਇਹ ਕੀ ਬਣਿਆਂ ?

ਸਾਹਿਬ ਰਾਏ ਨੇ ਆਪਣੀ ਸਿਰ ਬੀਤੀ ਆਦਿ ਤੋਂ ਅੰਤ ਤਕ ਸੁਣਾਈ ਤੇ ਜਅਫਰ ਬੇਗ ਨੂੰ ਕੁੜਕਾਣ ਲਈ ਕਿਹਾ ਜੇ ਕਦੀ ਮੇਰੇ ਜਹੇ ਸਰਦੇ ਪੁਜਦੇ ਤੇ ਤੁਹਾਡੇ ਵਫਾਦਾਰ ਦੀ ਮੁਠੀ ਭਰ ਸਿਖ ਬੇਪਤੀ ਕਰ ਕੇ ਤੁਹਾਡੇ ਇਲਾਕੇ ਵਿਚ ਰਹਿ ਸਕਦੇ ਹਨ, ਹਾਂ ਜੋ ਆਪ ਦੇ ਥਾਣੇਦਾਰ ਤੇ ਸਿਪਾਹੀਆਂ ਦੀ ਕਤਲ ਮਗਰੋਂ ਵੀ ਸਿਖ ਆਪਣੇ ਆਪ ਨੂੰ ਤੁਹਾਡੇ ਇਲਾਕੇ ਵਿਚ ਨਿਸ਼ਚਿੰਤ ਸਮਝ ਸਕਦੇ ਹਨ ਤਦ ਇਹ ਗਲ ਤੁਸੀਂ ਵੀ ਸਮਝ ਲਓ ਕਿ ਅਜ ਤੋਂ ਪਿਛੋਂ ਘਟੋ ਘਟ ਕੋਈ ਹਿੰਦੂ ਕਿਸੇ ਵੀ ਲਾਲਚ ਪਿਛੇ ਤੁਹਾਡਾ ਸਾਥ ਨਹੀਂ ਦੇਵੇਗਾ ਤੇ ਨਾ ਹੀ ਕੋਈ ਹਾਕਮ ਸਿਖਾਂ ਦੇ ਮਾਮਲੇ ਵਿਚ ਤੁਹਾਡੀ ਸਹਾਇਤਾ ਕਰੇਗਾ।

ਜਅਫਰ ਬੇਗ ਦੀਆਂ ਅਖੀਆਂ ਵਿਚ ਲਹੂ ਉਤਰ ਆਇਆ, ੫੦੦ ਪੈਦਲ ਸਿਪਾਹੀ ਨਾਲ ਲੈ ਕੇ ਸ੍ਰ. ਤਾਰਾ ਸਿੰਘ ਤੇ ਚੜ੍ਹਾਈ ਕੀਤੀ। ਸ੍ਰ. ਤਾਰਾ ਸਿੰਘ ਦੇ ਮਕਾਨ ਤੇ ਛਾਪਾ ਪੈਣ ਦੀ ਖਬਰ ਸੁਣ ੧੦੦ ਸਿੰਘ ਇਕਠਾ ਹੋ ਗਿਆ ਸੀ। ਜਅਫਰ ਬੇਗ ਫੌਜਦਾਰ ਦੀ ਚੜ੍ਹਾਈ ਸੁਣ ਖਾਲਸਾ ਜੰਗ ਲਈ ਤਯਾਰ ਹੋ ਗਿਆ। ਲੋਕੀ ਕਹਿੰਦੇ ਹਨ ਇਕ ਦਾ ਇਲਾਜ ਦੋ ਤੇ ਦੋ ਦਾ ਦਾਰੂ ਚਾਰ, ਪਰ ਇਥੇ ੫੦੦ ਦੇ ਟਾਕਰੇ ਤੇ ੧੦੦ ਸਿੰਘ ਸੀ। ਫਿਰ ਬੀ ਸਿਖ ਲੜਾਈ ਲਈ ਤਿਆਰ ਹੋ ਗਏ। ਪਿੰਡੋਂ ਬਾਹਰ ਕੁਛ ਵਾਟ ਤੇ ਸਿੰਘ ਆ ਗਏ ਤਾਂ ਕਿ ਪਿੰਡ ਦੀ ਵਸੋਂ ਨੂੰ ਕਿਸੇ ਤਰਾਂ ਦਾ ਨੁਕਸਾਨ ਨਾ ਪੁਜੇ ਤੇ ਕੋਈ ਨਿਰਦੋਸ਼ ਅਭੋਲ ਨਾ ਮਾਰਿਆ ਜਾਏ। ਸਿੰਘਾਂ ਨੂੰ ਰਾਹ ਰੋਕੀ ਖੜੇ ਵੇਖ ਫੌਜਦਾਰ ਨੇ ਫਾਇਰ ਕਰਨ ਦਾ ਹੁਕਮ ਦਿਤਾ। ਤਾੜ ਤਾੜ ਗੋਲੀ ਚਲਣ ਲਗੀ। ਦੋ ਪਾਸਿਆਂ ਤੋਂ ਸੂਰਮੇ ਜਾਨਾਂ ਤੇ ਖੇਡਣ ਲਗੇ, ਗਗਨ ਭੇਦੀ ਨਅਰਿਆਂ ਨਾਲ ਮੈਦਾਨ ਗੂੰਜ ਉਠਿਆ। ਬੰਦੂਕਾਂ, ਤੀਰ, ਨੇਜ਼ੇ ਤੇ ਤਲਵਾਰਾਂ ਸਮੇਂ ਅਨੁਸਾਰ ਵਰਤੀਆਂ ਗਈਆਂ। ਮੁਸ਼ਕਲ ਨਾਲ ਇਕ ਘੰਟਾ ਹੀ ਬੀਤਿਆ ਹੋਵੇਗਾ ਕਿ ਖਾਲਸੇ ਨੇ ਆਪਣੇ ਬਾਹੂ ਬਲ, ਬਹਾਦਰੀ, ਦਲੇਰੀ ਤੇ ਨਿਡਰਤਾ

ਨਾਲ ਫੌਜਦਾਰ ਦੀ ਫੌਜ ਦੇ ਮੂੰਹ ਮੋੜ ਦਿਤੇ । ਅੱਧੇ ਤੋਂ ਵਧੀਕ ਵੈਰੀ ਨੇ ਧਰਤੀ ਨੂੰ ਸਦਾ ਲਈ ਸੇਜਾ ਬਣਾ ਲਿਆ, ਜਿਹੜੇ ਜ਼ਖਮੀ ਹੋਏ ਉਹ ਨਸ ਟੁਰੇ। ਫੌਜਦਾਰ ਦਾ ਭਰਾ ਮੈਦਾਨ ਜੰਗ ਵਿਚ ਕੰਮ ਆਇਆ ਤੇ ਫੌਜਦਾਰ ਖ਼ੁਦ ਫਟੜ ਹੋ ਕੇ ਕੰਨਾਂ ਤੇ ਹਥ ਰਖੀ ਨਸਦਾ ਚਾਰ ਕੋਹ ਪਿਛੇ ਹਟ ਗਿਆ ਤੇ ਮਾੜੀ ਕੰਬੋ ਵਿਚ ਜਾ ਸਿਰ ਲੁਕਾਇਆ।

ਭਾਂਜ ਖਾ ਕੇ ਭੱਜੇ ਮਿਰਜ਼ਾ ਜਅਫਰ ਬੇਗ ਵਿੱਚ ਹੁਣ ਮੁੜਕੇ ਤਾਰਾ ਸਿੰਘ ਵਲ ਮੂੰਹ ਕਰਨ ਦੀ ਹਿੰਮਤ ਨਹੀਂ ਸੀ। ਉਸ ਲਾਹੌਰ ਚਿਠੀ ਭੇਜੀ ਤੇ ਆਪਣੀ ਸਹਾਇਤਾ ਲਈ ਫੌਜ ਮੰਗੀ। ਮੋਮਨ ਖਾਂ ਨੂੰ ਹੁਕਮ ਹੋਇਆ ਕਿ ੪੦੦੦ ਚੋਣਵੇਂ ਜਵਾਨ ਲੈ ਕੇ ਜਾਏ ਤੇ ਸ੍ਰ. ਤਾਰਾ ਸਿੰਘ ਨੂੰ ਫੜ ਲਿਆਵੇ।

ਮੋਮਨ ਖਾਂ ਦੇ ਕੂਚ ਦੀ ਖਬਰ ਨੇ ਜਅਫਰ ਬੇਗ਼ ਦੇ ਮੁਰਦਾ ਸਰੀਰ ਵਿਚ ਜਾਨ ਪਾ ਦਿਤੀ, ਆਪਣੀ ਸੈਨਾਂ ਇਕੱਠੀ ਕਰਕੇ ਮੋਮਨ ਖਾਂ ਨੂੰ ਦੋ ਪੜਾਓ ਅਗੇ ਜਾ ਮਿਲਿਆ ਤੇ ਸ੍ਰ. ਤਾਰਾ ਸਿੰਘ ਜੀ ਦੇ ਪਿੰਡ ਵਲ ਚੜ੍ਹਾਈ ਕਰ ਦਿਤੀ।

ਮੋਮਨ ਖਾਂ ਦੀ ਅਵਾਈ ਦੀ ਖਬਰ ਸ੍ਰ. ਤਾਰਾ ਸਿੰਘ ਨੇ ਵੀ ਸੁਣੀ। ਉਨ੍ਹਾਂ ਨੇ ਨੇੜੇ ਤੇੜੇ ਚਿਠੀਆਂ ਲਿਖਕੇ ਖਾਲਸੇ ਨੂੰ ਸੱਦਿਆ। ੫੦੦ ਦੇ ਲਗ ਭਗ ਸਿੰਘ ਅਜੇ ਇਕਠੇ ਹੋਏ ਸਨ ਕਿ ਸ਼ਾਹੀ ਫੌਜ ਨੇ ਪਿੰਡ ਦੇ ਲਾਗੇ ਜਾ ਡੇਰਾ ਕੀਤਾ। ਪਿੰਡ ਤੋਂ ਬਾਹਰ ਇਕ ਤਲਾ ਹੈ। ਇਸ ਥਾਂ ਤੇ ਖਾਲਸੇ ਨੇ ਮੋਰਚੇ ਬਣਾ ਲਏ, ਤੇ ਪਿੰਡ ਵਲ ਵਧਦੀ ਆ ਰਹੀ ਸੈਨਾਂ ਦੇ ਬੰਦੂਕਾਂ ਦੀ ਬੁਛਾੜ ਨਾਲ ਸਥਰ ਲਾਹ ਦਿਤੇ। ਗੋਲੀ ਬਾਰੂਦ ਮੁਕਣ ਤੇ ਕਮਾਨਾਂ ਨੂੰ ਹੱਥਾਂ ਵਿਚ ਲਿਆ। ਸੱਪਾਂ ਵਾਂਗ ਸ਼ੂਕਦੇ ਤੀਰ ਸ਼ਤਰੂ ਦੀ ਸੈਨਾ ਤੇ ਪੈਣ ਲਗੇ, ਇਕ ਇਕ ਤੀਰ ਦੋ ਦੋ ਤਿੰਨ ਤਿੰਨ ਨੂੰ ਮਾਰਦਾ ਸੀ। ਜਦ ਵੈਰੀ ਦਾ ਦਲ ਹੋਰ ਵੀ ਕਰੀਬ ਆ ਗਿਆ ਤਾਂ ਖਾਲਸੇ ਨੇ ਆਪਣੇ ਖਾਸ ਹਥਯਾਰ ਸ੍ਰੀ ਸਾਹਿਬ ਨੂੰ ਹਥ ਵਿਚ ਲਿਆ ਤੇ ਸ਼ਤਰੂ ਦੀ ਸੈਨਾਂ ਤੇ ਜਾ ਪਏ । ਮੋਮਨ ਖ਼ਾਂ ਦੀ ਸੈਨਾਂ ਲਈ ਇਕ ਕਦਮ ਅਗੇ ਵਧਣਾ ਅਸੰਭਵ ਹੋ ਰਿਹਾ ਸੀ।

ਮੋਮਨ ਖਾਂ ਦੀ ਸੈਨਾਂ ਵਿਚ ਇਕ ਤਕੀ ਬੇਗ ਨਾਮ ਦਾ ਬੜਾ ਮਨਚਲਾ ਜਵਾਨ ਸੀ। ਨਸਲ ਵਿਚੋਂ ਤੂਰਾਨੀ ਸੀ, ਹਾਥੀ ਤੇ ਬੈਠਾ ਸ੍ਰ. ਤਾਰਾ ਸਿੰਘ 'ਤੇ ਤੀਰਾਂ ਦਾ ਮੀਂਹ ਵਰਸਾ ਰਿਹਾ ਸੀ। ਇਸਨੇ ਮਹਾਵਤ ਨੂੰ ਹਾਥੀ ਅਗੇ ਵਧਾਣ ਲਈ ਕਿਹਾ ਤੇ ਸ੍ਰ. ਤਾਰਾ ਸਿੰਘ ਜੀ ਨੂੰ ਲਲਕਾਰ ਕੇ ਕਿਹਾ ਕਿ ''ਸ੍ਰਦਾਰ ਜੀ ! ਮੈਂ ਤੁਹਾਡੇ ਹਥ ਵੇਖਣ ਦੇ ਸ਼ੌਕ ਵਿਚ ਲਾਹੌਰ ਤੋਂ ਆਇਆ ਹਾਂ, ਜ਼ਰਾ ਸੰਭਲ ਕੇ ਸਾਹਮਣੇ ਆਓ ।'' ਇਹ ਗਲ

ਸੁਣਦਿਆਂ ਹੀ ਸ੍ਰ. ਤਾਰਾ ਸਿੰਘ ਨੇ ਘੋੜੇ ਨੂੰ ਅੱਡੀ ਲਾਈ ਤੇ ਤਕੀ ਬੇਗ ਪਾਸ ਜਾ ਪੁਜੇ ਤੇ ਕਿਹਾ ਕਿ ''ਜੇ ਤੁਸੀਂ ਲਾਹੌਰ ਤੇ ਸਾਡੇ ਪਾਸ ਉਚੇਚੇ ਆਏ ਹੋ ਤਾਂ ਖਾਲਸਾ ਹਰ ਤਰ੍ਹਾਂ ਤੁਹਾਡਾ ਸਵਾਗਤ ਕਰਨ ਨੂੰ ਤਿਆਰ ਹੈ, ਸੰਭਲੋ ਤੇ ਮੇਰੇ ਵਾਰ ਤੋਂ ਬਚ ਸਕਦੇ ਹੋ ਤਾਂ ਬਚੋ !'' ਇਹ ਕਹਿੰਦੀਆਂ ਭਾਲਾ ਮਾਰਿਆ, ਤਕੀ ਬੇਗ ਦੇ ਮੂੰਹ ਤੇ ਲਗਾ, ਸਾਹਮਣੇ ਦੇ ਦੰਦ ਟੁਟ ਗਏ, ਫਿਰ ਸ੍ਰੀ ਸਾਹਿਬ ਚਲਾਈ ਹਾਥੀ ਦਾ ਕੰਨ ਕਟਦੀ ਉਹਦੇ ਕੰਦ ਤੇ ਜਾ ਟਿਕੀ। ਹਾਥੀ ਚੀਕ ਮਾਰਕੇ ਪਿਛੇ ਨੱਠਾ। ਤਕੀ ਬੇਗ ਦਾ ਮੂੰਹ ਖੂਨ ਨਾਲ ਲਹੂ ਲੁਹਾਨ ਹੋਇਆ ਪਿਆ ਸੀ। ਮੋਮਨ ਖਾਂ ਨੇ ਤਕੀ ਬੇਗ ਦਾ ਮੂੰਹ ਲਾਲ ਵੇਖਕੇ ਪੁਛਿਆ ਕਿ ਕੀ ਪਾਨ ਖਾ ਰਹੇ ਹੋ ? ਤਕੀ ਬੇਗ ਨੇ ਉਤਰ ਦਿਤਾ, ਹਾਂ ! ਹਾਂ !! ਖਾਨ ਸਾਹਿਬ ਅਜ ਸ੍ਰ. ਤਾਰਾ ਸਿੰਘ ਪਾਨਾਂ ਦੇ ਬੀੜੇ ਵੰਡ ਰਹੇ ਹਨ, ਤੁਸੀਂ ਵੀ ਜ਼ਰਾ ਅਗੇ ਵਧੋ ਤੇ ਲਓ। ਤਕੀ ਬੇਗ ਨੇ ਥੋੜੇ ਮਿੰਟਾਂ ਪਿਛੋਂ ਦਮ ਤੋੜ ਦਿਤਾ। ਮੋਮਨ ਖਾਂ ਆਪਣੇ ਇਕ ਸਰਦਾਰ ਦੀ ਮੌਤ ਤੋਂ ਤੜਪ ਉਠਿਆ। ਹਾਥੀ ਨੂੰ ਸ੍ਰ. ਤਾਰਾ ਸਿੰਘ ਵਲ ਵਧਣ ਲਈ ਇਸ਼ਾਰਾ ਕੀਤਾ। ਭੀਮ ਸਿੰਘ ਨੇ ਸ੍ਰ. ਤਾਰਾ ਸਿੰਘ ਵਲ ਹਾਥੀ ਆਉਂਦਿਆਂ ਵੇਖ ਘੋੜੇ ਤੋਂ ਛਾਲ ਮਾਰੀ ਤੇ ਹਾਥੀ ਦੀ ਗਰਦਨ ਤੇ ਜਾ ਬੈਠੇ। ਤਲਵਾਰ ਦੇ ਪਹਿਲੀ ਵਾਰ ਨਾਲ ਮੁਰੀਦ ਖਾਂ ਦਾ ਸਿਰ ਧੜ ਨਾਲੋਂ ਅੱਡ ਕਰ ਦਿਤਾ। ਝਟਕੇ ਨਾਲ ਮੋਮਨ ਖਾਂ ਸ੍ਰ. ਤਾਰਾ ਸਿੰਘ ਜੀ ਦੇ ਕਦਮਾਂ ਵਿਚ ਆ ਡਿਗਾ।

ਮੁਠੀ ਭਰ ਸਿੰਘ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਦਾ ਕਿੰਨਾ ਕੁ ਚਿਰ ਟਾਕਰਾ ਕਰ ਸਕਦੇ ਸਨ, ਇਕ ਇਕ ਸਿੰਘ ਨੇ ਵੈਰੀ ਦੇ ਕਈ ਜਵਾਨਾਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਚੜ੍ਹਾਈ ਕੀਤੀ। ਪੰਜ ਸੌ ਦੇ ਪੰਜ ਸੌ ਸਿੰਘ ਇਥੇ ਹੀ ਸ਼ਹੀਦ ਹੋ ਗਏ, ਅਜ ਤਕ ਉਨਾਂ ਦਾ ਉਥੇ ਸ਼ਹੀਦ ਗੰਜ ਬਣਿਆ ਪਿਆ ਹੈ।

☆ ☆ ☆

ਪਹੁੰਚੇ ਸਚ ਖੰਡਹਿ ਜਾਈ।

ਸੰਮਤ ੧੭੯੬ ਬਿਕ੍ਰਮੀ ਸਿਖਾਂ ਲਈ ਸਖਤੀ ਦਾ ਸਾਲ ਸੀ। ਤੁਰਕਾਨੀ ਤੇਜ ਤੇ ਹਿੰਦੂਆਂ ਦੇ ਧਰੋਹ ਨੇ ਇਹ ਹਾਲਤ ਬਣਾ ਰਖੀ ਸੀ ਕਿ ਸਿਖਾਂ ਲਈਪਿੰਡਾਂ ਤੇ ਸ਼ਹਿਰਾਂ ਵਿਚ ਵਸਣਾ ਅਸੰਭਵ ਹੋ ਗਿਆ। ਪਹਾੜਾਂ ਦੀਆਂ ਗ਼ਾਰਾਂ ਇਨ੍ਹਾਂ ਦੀਆਂ ਵਸਤੀਆਂ ਸਨ, ਤੇ ਜੰਗਲ ਤੇ ਬੇਲੇ ਇਨ੍ਹਾਂ ਦੇ ਟਿਕਾਣੇ। ਇਨੇ ਤੇ ਵੀ ਬਸ ਨਹੀਂ, ਥਾਂ ਥਾਂ ਤੇ ਸੂਹੀਏ ਖਾਲਸੇ ਦੀਆਂ ਖਬਰਾਂ ਕਢ ਰਹੇ ਤੇ ਗਸ਼ਤੀ ਫੌਜਾਂ ਫੜਨ ਲਈ ਫਿਰ ਰਹੀਆਂ ਸਨ। ਹਿੰਦੂ ਤੇ ਮੁਸਲਮਾਨਾਂ ਦੀਆਂ ਲਲਚਾਈਆਂ ਅੱਖਾਂ ਵੀ ਇਸ ਭਾਲ ਵਿਚ ਲਗੀਆਂ ਰਹਿੰਦੀਆਂ ਸਨ ਕਿ ਕੋਈ ਸਿਖ ਕਿਤੇ ਨਜ਼ਰੀਂ ਪਏ, ਪਕੜ ਕੇ ਨਵਾਬ ਪਾਸ ਪੁਚਾ ਇਨਾਮੋ ਇਕਰਾਮ ਪ੍ਰਾਪਤ ਕੀਤਾ ਜਾਏ।

ਇਕ ਦਿਨ ੨੦ ਕੁ ਸਿੰਘਾਂ ਦੇ ਦਿਲ ਵਿਚ ਖਿਆਲ ਆਇਆ ਕਿ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਕਰਨ ਲਈ ਚਲਣਾ ਚਾਹੀਦਾ ਹੈ। ਇਹ ਵਿਚਾਰ ਵਿਚਾਰ ਕੇ ਉਨ੍ਹਾਂ ਘੋੜਿਆਂ ਤੇ ਕਾਠੀਆਂ ਪਾਈਆਂ ਤੇ ਸਵਾਰ ਹੋ ਕੇ ਟੁਰ ਪਏ। ਪਿੰਡਾਂ ਵਸਤੀਆਂ ਤੋਂ ਲਾਂਭ ਲਾਂਭ ਟੁਰਦੇ, ਜੰਗਲੀ ਫਲਾਂ ਫੁਲਾਂ ਤੇ ਬ੍ਰਿਛਾਂ ਦੇ ਪਤਿਆਂ ਪੁਰ ਨਿਰਬਾਹ ਕਰਦੇ ਘਣੀਏ ਕੇ ਪਿੰਡ ਪੁਜੇ। ਇਥੇ ਰੰਧਾਵਿਆਂ ਦੀ ਵਸੋਂ ਬਹੁਤੀ ਹੈ, ਇਹ ਹੀ ਇਲਾਕੇ ਦੇ ਮਾਲਗੁਜ਼ਾਰ ਸਨ। ਚੌਧਰੀ ਰਾਮਾ ਇਥੇ ਦਾ ਮਸ਼ਹੂਰ ਕਾਰਦਾਰ ਸੀ। ਪਿੰਡ ਤੋਂ ਬਾਹਰ ਇਕ ਤਲਾ ਤੇ

ਸਿੰਘਾਂ ਨੇ ਡੇਰਾ ਕੀਤਾ। ਰਾਮੇ ਦੇ ਕੰਨਾਂ ਵਿਚ ਸਿਖਾਂ ਦੀ ਆਓਂਦ ਦੀ ਭਿਣਕ ਪਈ, ਖੁਸ਼ੀ ਨਾਲ ਮੰਜੇ ਤੋਂ ਛਾਲ ਮਾਰ ਉਠ ਖੜੋਤਾ। ਇਸ ਕਰਕੇ ਨਹੀਂ ਕਿ ਧਰਮ ਧੀਰ, ਦੇਸ਼ ਭਗਤ ਤੇ ਹਿੰਦੂ ਕੌਮ ਦੇ ਰਖਛਕ ਸਿੰਘ ਮੇਰੇ ਪਿੰਡ ਆਏ ਹਨ, ਚਲ ਕੇ ਇਨ੍ਹਾਂ ਦੀ ਆਓ ਭਗਤ ਕੀਤੀ ਜਾਏ ; ਪ੍ਰਸ਼ਾਦ, ਪਾਣੀ ਨਾਲ ਸੇਵਾ ਕਰਾਂ ਤੇ ਉਨ੍ਹਾਂ ਦੇ ਚਰਨਾਂ ਦੀ ਧੂੜੀ ਪ੍ਰਾਪਤ ਕਰਕੇ ਜਨਮਾਂ ਜਨਮਾਂਤਰਾਂ ਦੇ ਪਾਪ ਕਟਾਂ। ਨਹੀਂ ਨਹੀਂ, ਉਹ ਇਸ ਕਰਕੇ ਖੁਸ਼ੀ ਨਾਲ ਆਪੇ ਤੋਂ ਬਾਹਰ ਹੋ ਗਿਆ ਕਿ ਇਕ ਸਿਖ ਪਕੜਾਨ ਵਾਲੇ ਨੂੰ ੮੦ ਰੁਪੈ ਇਨਾਮ ਮਿਲਦਾ ਹੈ, ਮੈਂ ਅਜ ਇਕ ਨਹੀਂ ਦੋ ਨਹੀਂ, ਦੋ ਦਰਜਨ ਸਿੰਘ ਪਕੜਵਾਕੇ ਮਾਲਾ ਮਾਲ ਹੋ ਜਾਵਾਂਗਾ। ਰਾਜ ਦਰਬਾਰ ਵਿਚ ਉਚਾ ਦਰਜਾ ਮਿਲੇਗਾ, ਹੋ ਸਕਦਾ ਹੈ ਕਿ ਕੋਈ ਖਾਸ ਪਦਵੀ ਵੀ ਮਿਲ ਜਾਏ। ਇਹ ਵਿਚਾਰ ਰਾਮਾ ਚੌਧਰੀ ਘਰੋਂ ਨਿਕਲਿਆ। ਆਪਣੇ ਆਦਮੀ ਗਸ਼ਤੀ ਫੌਜ ਵਲ ਦੁੜਾਏ, ਪਿੰਡਾਂ ਦੇ ਮੁਸਲਮਾਨ ਜ਼ਿਮੀਂਦਾਰਾਂ ਨੂੰ ਖਬਰ ਕੀਤੀ। ਅਜੇ ਸਿੰਘ ਵਿਚਾਰੇ ਤਾਲ ਕੰਢੇ ਉਤਰ ਥਕੇਵਾਂ ਵੀ ਲਾਹ ਨਹੀਂ ਸਕੇ ਸਨ ਕਿ ਪਿੰਡਾਂ ਦੀ ਵਸੋਂ ਨੇ ਆ ਘੇਰਿਆ। ਕੋਈ ਆਖਦਾ ਸੀ ਕਿ ਸਿੰਘ ਗਿਣਤੀ ਵਿਚ ਵੀਹ ਹਨ, ਮੁਲਖੇਈਆ ਅਨਗਿਣਤ ਹੈ। ਕੋਈ ਕਹਿੰਦਾ ਸੀ ਡਾਢੇ ਸੋਹਣੇ ਛੈਲ ਛਬੀਲੇ ਜਵਾਨ ਹਨ, ਹੁਣੇ ਇਨਾਂ ਨੂੰ ਕਾਠ ਮਾਰ ਕੇ ਲਾਹੌਰ ਪੁਚਾ ਦਿਤਾ ਜਾਏਗਾ। ਗਸ਼ਤੀ ਫੌਜਾਂ ਹੁਣੇ ਪੁਜੀਆਂ ਕਿ ਪੁਜੀਆਂ। ਅਜੇਹੀ ਹਾਲਤ ਵਿਚ ਇਹ ਸਿੰਘ ਕਰਨ ਤਾਂ ਕੀ ਕਰਨ। ਸਿਖਾਂ ਦੀ ਹਮਦਰਦੀ ਨਾਲ ਨਹੀਂ ਰਾਮੇ ਦੇ ਵੈਰ ਭਾਵ ਨਾਲ ਕਈ ਕਹਿੰਦੇ ਸਨ ਕਿ ਹੁਣ ਨੱਸਣ ਜੋਗੇ ਇਹ ਨਹੀਂ ਤੇ ਵੈਰੀ ਦੇ ਮੁਕਾਬਲੇ 'ਤੇ ਆਟੇ ਵਿਚ ਲੂਣ ਵੀ ਤਾਂ ਨਹੀਂ। ਕੋਈ ਕਹਿੰਦਾ ਸੀ ਕਿ ਜੇ ਹਥਯਾਰ ਸੁਟ ਦੇਣ ਤਦ ਪਕੜੇ ਜਾਣਗੇ ਤੇ ਤੁਰਕਾਨੀ ਦਰਬਾਰ ਵਿਚ ਪੇਸ਼ ਹੋ ਸਜ਼ਾ ਪਾਣਗੇ। ਕੋਈ ਕਹਿੰਦਾ ਸੀ ਜੇ ਮੁਕਾਬਲਾ ਕਰਦੇ ਹਨ ਤਦ ਮੌਤ ਯਕੀਨੀ ਹੈ ਤੇ ਇਕ ਦਾ ਵੀ ਬਚਣਾ ਅਸੰਭਵ ਹੈ। ਕੋਈ ਕਹਿੰਦਾ ਸੀ ਇਕ ਤਰੀਕਾ ਛੁਟਕਾਰੇ ਦਾ ਹੈ ਉਹ ਹੈ ਧਰਮ ਤਯਾਗ। ਪਰ ਇਹ ਗਲ ਸਿੰਘ ਜਾਣਦੇ ਹੀ ਨਹੀਂ, ਇਨ੍ਹਾਂ ਦੇ ਕੰਨ ਇਹ ਗੱਲ ਸੁਣ ਹੀ ਨਹੀਂ ਸਕਦੇ, ਇਸ ਗਲ ਨੂੰ ਵਿਚਾਰਨ ਲਈ ਉਨ੍ਹਾਂ ਦਾ ਦਿਮਾਗ ਤਯਾਰ ਹੀ ਨਹੀਂ। ਇਸ ਪੰਜ ਭੂਤਕ ਸਰੀਰ ਨੂੰ ਬਚਾਣ ਲਈ--ਜੋ ਅਜ ਵੀ ਨਹੀਂ ਤੇ ਕਲ ਵੀ ਨਹੀਂ– ਧਰਮ ਛਡ ਕੇ ਸਿੰਘ ਨਾਮ ਨੂੰ ਬਦਨਾਮ ਕਰਨ ਲਈ ਤਯਾਰ ਨਹੀਂ। ਇਹ ਕਿਹਾ ਕਰਦੇ ਹਨ ਕਿ ਰੋਗਾਂ ਨਾਲ ਮੰਜੀਆਂ ਤੇ ਅਡੀਆਂ ਗੋਡੇ ਰਗੜ ਰਗੜ ਕੇ ਵੀ ਸਰੀਰ ਛਡਣਾ ਹੀ ਹੈ ਕਿਉਂ ਨਾ ਸਨਮੁਖ ਹੋ ਸੂਰਮਿਆਂ ਦੀ ਗਤੀ ਪ੍ਰਾਪਤ ਕੀਤੀ ਜਾਏ। ਇਨ੍ਹਾਂ

ਨੇ ਨਕਤ ਧਰਮ ਧਾਰਨ ਕੀਤਾ ਹੈ ਜਿਸਨੇ ਮੌਤ ਦੇ ਡਰ ਤੋਂ ਇਨ੍ਹਾਂ ਨੂੰ ਉਚਾ ਕਰ ਦਿੱਤਾ ਹੈ। ਜਿਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਕਦਮਾਂ ਤੇ ਟੁਰਨ ਦਾ ਪ੍ਰਣ ਲਿਆ ਹੈ, ਇਹ ਕਦ ਧਰਮ ਛਡ ਸਕਦੇ ਹਨ। ਲੋਕੀਂ ਇਸ ਤਰਾਂ ਦੀਆਂ ਸੋਚਾਂ ਵਿਚਾਰਾਂ ਵਿਚ ਅਨੁਮਾਨਾਂ ਤੇ ਪ੍ਰਮਾਣਾਂ ਤੋਂ ਕੰਮ ਲੈ ਰਹੇ ਸਨ। ਉਧੱਰ ਸਿੰਘ ਆਪੋ ਵਿਚ ਇਕ ਦੂਜੇ ਵੱਲੋ ਵੇਖਕੇ ਉਹ ਕੰਮ ਜੇਹੜਾ ਉਨ੍ਹਾਂ ਦੀ ਸ਼ਾਨ ਦੇ ਅਨਕੂਲ ਹੈ ਕਰਨ ਲਈ ਉੱਠੇ।

ਇਹ ਵੀਹ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਦਰਸ਼ਨ ਲਈ ਆਏ ਸਨ, ਇਸ ਵਾਸਤੇ ਇਨ੍ਹਾਂ ਦੇ ਪਾਸ ਸ਼ਰਧਾ ਸੀ, ਭਗਤੀ ਸੀ, ਨਿਮਰਤਾ ਸੀ, ਸਹੋਦਰਤਾ ਸੀ, ਪਿਆਰ ਸੀ ਤੇ ਨਿਰਵੈਰਤਾ ਸੀ। ਅਤੇ ਇਹ ਚੀਜ਼ਾਂ ਇਨਾਂ ਪਾਸ ਇੰਨੀਆਂ ਵਧੀਕ ਸਨ ਕਿ ਜੇ ਕਦੀ ਇਨ੍ਹਾਂ ਵਸਤਾਂ ਦੇ ਜਗਿਆਸੂ ਸੈਂਕੜੇ ਤੇ ਹਜ਼ਾਰਾਂ ਨਹੀਂ ਲੱਖਾਂ ਦੀ ਗਿਣਤੀ ਵਿੱਚ ਆ ਜਾਂਦੇ ਤਦ ਇਹ ਉਨ੍ਹਾਂ ਨੂੰ ਮਾਲਾ ਮਾਲ ਤੇ ਨਿਹਾਲ ਨਿਹਾਲ ਕਰਕੇ ਭੇਜਦੇ ਤੇ ਹਰ ਇਕ ਨੂੰ ਮਨ ਬਾਂਛਤ ਦਾਨ ਦੇਕੇ ਭੇਜਦੇ।

ਇਹ ਜੰਗ ਵਾਸਤੇ ਨਹੀਂ ਆਏ ਸਨ। ਇਸ ਵਾਸਤੇ ਲੜਾਈ ਦਾ ਸਾਮਾਨ ਨਹੀ ਲਿਆਏ ਸਨ। ਤੁਰਕਾਨੀ ਦਲ ਹਜ਼ਾਰਾਂ ਦੀ ਗਿਣਤੀ ਵਿੱਚ ਸਿਰ ਤੇ ਚੜ੍ਹ ਆਇਆ ਵੇਖ ਜੋ ਕੁਛ ਇਨ੍ਹਾਂ ਪਾਸ ਥੋੜਾ ਜਿਹਾ ਜੰਗ ਦਾ ਸਾਮਾਨ ਸੀ ਲੈ ਕੇ ਯਥਾ ਯੋਗ ਸੇਵਾ ਲਈ ਬਿਨਾਂ ਕਿਸੇ ਸੰਕੋਚ ਤਯਾਰ ਹੋ ਗਏ।

ਸਿੰਘ ਉਠੇ। ਬੰਦੂਕਾਂ ਹੱਥਾਂ ਵਿੱਚ ਹਨ, ਅੱਖਾਂ ਜੁੜ ਗਈਆਂ ਤੇ ਇਕ ਮਨ ਤੇ ਇਕ ਚਿਤ ਹੋ ਅਰਦਾਸਾ ਸੋਧਿਆ, ਦਸਾਂ ਪਾਤਸ਼ਾਹੀਆਂ ਦਾ ਨਾਮ ਲਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਬਾਣੀ ਦਾ ਧਿਆਨ ਧਰਿਆ, ਧਰਮ ਹੇਤ ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਦੀ ਅਰਾਧਨਾ ਕੀਤੀ ਤੇ ਬੇਨਤੀ ਕੀਤੀ ਕਿ ਹੇ ਅਕਾਲ ਪੁਰਖ ਸਚੇ ਪਾਤਸ਼ਾਹ! ਆਪ ਜੀ ਦੇ ਦਰਬਾਰ ਦੇ ਦਰਸ਼ਨ ਕਰਨ ਆਏ ਸੀ, ਦੁਰਜਨਾਂ ਨੇ ਘੇਰ ਲਿਆ ਹੈ, ਹੁਣ ਸਾਥੋਂ ਉਹ ਕੰਮ ਲੈਣਾ ਜੋ ਆਪ ਦੇ ਪੰਥ ਦੀ ਸ਼ਾਨ ਨੂੰ ਕਾਇਮ ਰਖਣ ਵਾਲਾ ਹੋਵੇ; ਆਪਣੇ ਬਿਰਦ ਬਾਣੇ ਦੀ ਲਾਜ ਆਪ ਹੀ ਰਖਣੀ।

ਤਲਾ ਦੇ ਇਕ ਕੰਢੇ ਥੋੜੀਆਂ ਜਹੀਆਂ ਝਾੜੀਆਂ ਸਨ, ਉਨ੍ਹਾਂ ਦੀ ਓਟ ਲੈ ਲਈ, ਬੰਦੂਕਾਂ ਭਰ ਲਈਆਂ ਤੇ ਬੈਠ ਗਏ।

ਵੈਰੀ ਨੂੰ ਖਬਰ ਸੀ ਕਿ ਸਿੰਘ ਗਿਣਤੀ ਵਿਚ ਸਾਰੇ ੨੦ ਹਨ, ਲੜਾਈ ਦਾ ਸਾਮਾਨ ਵੀ ਇਨ੍ਹਾਂ ਪਾਸ ਨਹੀਂ। ਇਹ ਹਜ਼ਾਰਾਂ ਦੀ ਗਿਣਤੀ ਵਿੱਚ ਹਨ। ਲੜਾਈ ਦਾ ਸਾਮਾਨ

ਵੀ ਪਾਸ ਹੈ ਪਰ ਫਿਰ ਵੀ ਸ਼ੇਰਾਂ ਦੇ ਨੇੜੇ ਵਧਣ ਦੀ ਹਿੰਮਤ ਕਿਸੇ ਨੂੰ ਨਾਂ ਪਈ। ਦੂਰੋਂ ਹੀ ਫਾਇਰ ਕਰਨੇ ਸ਼ੁਰੂ ਕਰ ਦਿਤੇ। ਸਿੰਘ ਚੁਪ ਚਾਪ ਬੈਠੇ ਰਹੇ, ਜਦ ਤੁਰਕਾਂ ਨੂੰ ਸਿੰਘਾਂ ਵਲੋਂ ਗੋਲੀ ਦਾ ਜਵਾਬ ਗੋਲੀ ਨਾਲ ਨਾ ਮਿਲਿਆ ਤਾਂ ਉਹ.ਮੀਹ ਵਾਂਗ ਗੋਲੀ ਵਸਾਉਦੇ ਅਗੇ ਵਧੇ। ਜਦ ਇਨ੍ਹਾਂ ਸੂਰਮਿਆਂ ਵੇਖਿਆ ਕਿ ਵੈਰੀ ਨੇੜੇ ਆ ਗਿਆ ਹੈ ਤਾਂ ਇਨ੍ਹਾਂ ਝਾੜੀਆਂ ਦੀ ਓਟ ਵਿਚੋਂ ਫਾਇਰ ਕੀਤੇ, ਜਿਸ ਦੇ ਨਾਲ ਪਹਿਲੀ ਲਾਈਨ ਦੇ ੨੫-੩੦ ਜਵਾਨ ਗੋਲੀ ਨਾਲ ਤੇ ਇੰਨੇ ਕੁ ਹੀ ਦਹਸ਼ਤ ਨਾਲ ਡਿੱਗੇ। ਵੈਰੀ ਨੇ ਫਿਰ ਤੁੰਦੀ ਨਾਲ ਹੱਲਾ ਕੀਤਾ। ਸਿੰਘਾਂ ਨੇ ਇਨੇ ਚਿਰ ਵਿਚ ਫਿਰ ਬੰਦੂਕਾਂ ਭਰ ਲਈਆਂ ਤੇ ਫਾਇਰ ਕੀਤੇ, ਇੰਜ ਝੁਲਾ ਦੇ ਲਾਗੇ ਪੁਜਦਿਆਂ ਤਕਣ ਵੈਰੀ ਦਾ ਤਿੰਨ ਕੁ ਸੌ ਜਵਾਨ ਮਰ ਗਿਆ।

ਹੁਣ ਵੈਰੀ ਬਿਲਕੁਲ ਲਾਗੇ ਆ ਗਿਆ ਸੀ। ਇਸ ਵਾਸਤੇ ਖਾਲਸੇ ਨੇ ਤਲਵਾਰਾਂ ਹਥਾਂ ਵਿੱਚ ਫੜ ਲਈਆਂ। ਘੰਮਸਾਨ ਦਾ ਯੁਧ ਮਚ ਗਿਆ। ਸਿੰਘਾਂ ਨੇ ਇਸ ਫੁਰਤੀ ਨਾਲ ਤਲਵਾਰ ਵਾਹੀ ਕਿ ਵੈਰੀ ਦੇ ਸਿਰਾਂ ਨੂੰ ਕੱਟਦੇ ਵਢਦੇ ਚਲੇ ਗਏ। ਜਦ ਇਨ੍ਹਾਂ ਬੀਰਾਂ ਨੇ ਵੇਖਿਆ ਕਿ ਇਕ ਇਕ ਦੇ ਟਾਕਰੇ ਤੇ ਇਕ ਇਕ ਦੀ ਨਹੀਂ ਦੋ ਦੋ ਦੀ ਨਹੀਂ ਬਲਕੇ ਇਕ ਇਕ ਸਿੰਘ ਦੀ ਜਾਨ ਦਾ ਮੁੱਲ ੨੦-੨੦ ਤੇ ੨੫-੨੫ ਗੁਣਾਂ ਵਧੀਕ ਵਸੂਲ ਕਰ ਚੁੱਕੇ ਹਾਂ, ਕਰੀਬ ਤਿੰਨ ਘੰਟੇ ਇਨਾਂ ਨੂੰ ਲੜਦਿਆਂ ਹੋ ਗਏ ਹਨ, ਅੰਨ ਬੀ ਰਜਕੇ ਕਿੰਨੇ ਚਿਰ ਤੋਂ ਨਹੀ ਖਾਧਾ ਸੀ,ਸਫਰ ਦੇ ਥਕੇਵੇਂ ਵਿਚ ਬੀ ਸਨ, ਪਰ ਅਜੇ ਨਹੀਂ ਰੱਜੇ, ਅਜੇ ਚਾਹੁੰਦੇ ਹਨ ਵੈਰੀ ਦੇ ਹੋਰ ਘਾਣ ਲਾਹੇ ਜਾਹੁਣ। ਆਪੋ ਵਿਚ ਪਿਛਾ ਜੋੜਕੇ ਖੜੋ ਗਏ ਤੇ ਵੈਰੀ ਦੇ ਹਲੇ ਨੂੰ ਰੋਕਣ ਲਈ ਦੁਸ਼ਮਨ ਦਾ ਲਸ਼ਕਰ ਸਮੁੰਦਰ ਵਾਂਗ ਠਾਠਾਂ ਮਾਰਦਾ ਅਗੇ ਵੱਧਦਾ ਪਰ ਪਹਾੜ ਨਾਲ ਸਿਰ ਟਕਰਾ ਪਿਛੇ ਮੁੜ ਜਾਂਦਾ ਰਿਹਾ, ਪੰਥ ਪ੍ਰਕਾਸ਼ ਵਿਚ ਲਿਖਯਾ ਹੈ ਕਿ:

ਹਥ ਭਲਥਨ ਕੇ ਕਰ ਸਿੰਘਨ ਲੋਥਨ ਊਪਰ ਲੋਥ ਚੜ੍ਹਾਈ।
ਲਾਗ ਅੰਬਾਰ ਗਏ ਚਹੂੰ ਘਾਜਨ ਸਿੰਘਨ ਸੂਰਗ ਕੀ ਸੀੜੀ ਬਨਾਈ।
ਹ੍ਵੈ ਟੁਕੜੇ ਟੁਕੜੇ ਸਭ ਸੰਮੁਖ ਜੂਝ ਪਰੇ ਬਹੁ ਦੁਜਨ ਘਾਈ।
ਹੋਇ ਸ਼ਹੀਦ ਰਸੀਦ ਲਈ ਭਵ ਤੈ ਪਹੁੰਚੇ ਸਚ ਖੰਡਹਿ ਜਾਈ।

ਇਸ ਤਰਾਂ ਲੜਦੇ ਸਾਰੇ ਸਿੰਘ ਸ਼ਹੀਦ ਹੋ ਗਏ ।

☆ ☆ ☆

ਲਾਸਾਨੀ ਦਬਦਬਾ

ਪੰਜਾਬ ਹਿੰਦ ਦਾ ਦਰਵਾਜ਼ਾ ਹੈ। ਸਾਰੇ ਪਛਮੀ ਹਮਲਆਵਰ ਹਿੰਦ ਵਿਚ ਇਸੇ ਰਾਹ ਆਏ, ਤੇ ਸਭ ਤੋਂ ਵਧੀਕ ਜ਼ੋਰ ਅਜ਼ਮਾਈ ਇਥੇ ਹੀ ਹੋਈ ਜਿਸ ਦਾ ਫਲ ਇਹ ਨਿਕਲਿਆ ਕਿ ਇਥੋਂ ਦੀ ਪਰਜਾ ਸਾਹਸ ਹੀਨ, ਉਤਸ਼ਾਹ ਹੀਨ, ਬਲ ਹੀਨ ਤੇ ਇੰਨੀ ਦਿਲ ਦੀ ਕਮਜ਼ੋਰ ਹੋ ਗਈ ਕਿ ਕੁਛ ਨਾ ਪੁਛੋ।

ਵਰਿਹਾਂ ਨਹੀਂ ਸਦੀਆਂ ਤੋਂ ਪੈਰਾਂ ਹੇਠ ਦਲੀ ਮਲੀ ਹਿੰਦੂ ਕੌਮ, ਜਿਸਦੀਆਂ ਤੀਵੀਆਂ ਤੇ ਬੱਚੇ ਗਜ਼ਨੀ ਦੇ ਬਾਜ਼ਾਰਾਂ ਵਿੱਚ ਦੋ ਦੋ ਰੁਪਯੇ ਤੋਂ ਵਿਕਦੇ ਰਹੇ, ਜਿਸ ਦੇ ਮਾਲ਼ ਮਤਾ ਨਾਲ ਪਛਮੀ ਹਮਲਆਵਰਾਂ ਦੇ ਘਰ ਸੋਨੇ ਚਾਂਦੀ ਨਾਲ ਭਰ ਗਏ ਸਨ ਵਿਚੋਂ ਮੁਠੀ ਭਰ ਸਿਖਾਂ ਦਾ ਉਤਪੰਨ ਹੋ ਕੇ, ਆਪਣੇ ਸੂਬੇ ਦੀ ਬਹੁ-ਗਿਣਤੀ ਦੀ ਮੁਸਲਮ ਪਰਜਾ-ਜੋ ਸਦੀਆਂ ਤੋਂ ਇਥੇ ਹੁਕਮਰਾਨ ਸੀ- ਤੋਂ ਹਥਯਾਰ ਸੁਟਵਾ ਕੇ ਅਧੀਨ ਬਣਾ ਲੈਣਾ ਇਕ ਕਰਾਮਾਤ ਸੀ ਤੇ ਪਿਸ਼ਾਵਰ, ਕੁਹਾਟ, ਬੰਨੂੰ, ਚਤਰਾਲ ਤੇ ਕਾਬਲ ਤਕ 'ਤੇ ਆਪਣਾ ਸਿੱਕਾ ਜਮਾ ਲੈਣਾ ਉਸ ਤੋਂ ਵੀ ਵੱਡੀ ਕਰਾਮਾਤ ਸੀ, ਜੋ ਆਮ ਲੋਕਾਂ ਹੀ ਨਹੀਂ ਰਾਜਨੀਤੀ ਦੇ ਪੰਡਤਾਂ, ਰਾਜ ਕਰਮਚਾਰੀਆਂ ਤੇ ਪੁਲੀਟੀਕਲ ਵਰਕਰਾਂ ਦੀ ਸਮਝ ਤੇ ਬੂਝ ਤੋਂ ਉਪੱਰ ਦੀ ਗਲ ਸੀ।

'ਮੋਹਨ ਲਾਲ' ਯੂ.ਪੀ. ਦਾ ਵਸਨੀਕ ਈਸਟ ਇੰਡੀਆ ਕੰਪਨੀ ਦੇ ਦਿਲੀ ਵਾਲੇ

ਪ੍ਰਦੇਸੀ ਦਫਤਰ ਵਿੱਚ ਮੁਲਾਜ਼ਮ ਸੀ। ਇਸ ਦੀ ਦਾਨਾਈ, ਦੂਰ ਦਰਸ਼ਤਾ, ਤਜਰਬਾਕਾਰੀ ਤੇ ਸਿਆਣਪ ਨੇ ਸਾਰੇ ਮਹਿਕਮੇਂ ਵਿਚ ਇਸਨੂੰ ਮੁਖੀ ਬਣਾ ਦਿਤਾ ਸੀ। ਇਸ ਦਫਤਰ ਵਿੱਚ ਅੰਗ੍ਰੇਜ਼ ਵੀ ਸਨ ਤੇ ਮੁਸਲਮਾਨ ਵੀ, ਪ੍ਰੰਤੂ ਖਾਸ ਅਹਮੀਅਤ ਰਖਣ ਵਾਲੇ ਕੰਮਾਂ ਵਿਚ ਇਸ ਨੂੰ ਨੀਯਤ ਕੀਤਾ ਜਾਂਦਾ ਸੀ ਤੇ ਜਦ ਕਦੀ ਕਿਸੇ ਮੁਲਕੀ ਗੁੰਝਲ ਨੂੰ ਸੁਲਝਾਣ ਲਈ ਕੋਈ ਆਦਮੀ ਭੇਜਣ ਦੀ ਲੋੜ ਪਏ ਤਦ ਬਹੁਤਾ ਇਹ ਹੀ ਆਇਆ ਜਾਇਆ ਕਰਦਾ ਸੀ।

ਈਸਟ ਇੰਡੀਆ ਕੰਪਨੀ ਨੂੰ ਈਰਾਨ ਦੇ ਬਾਦਸ਼ਾਹ ਪਾਸ ਆਦਮੀ ਭੇਜਣ ਦੀ ਲੋੜ ਪਈ। ਮੋਹਨ ਲਾਲ ਦਾ ਨਾਮ ਚੁਣਿਆਂ ਗਿਆ। ਇਹ ਸਫਾਰਤ ਬਣਾ ਕੇ ਈਰਾਨ ਪੁਜਾ। ਮੋਹਨ ਲਾਲ ਜੀ ਦਾ ਸੁਾਗਤ ਹੋਇਆ, ਬਾਦਸ਼ਾਹ ਮਿਲਿਆ, ਵਜ਼ੀਰਾਂ ਨਾਲ ਗਲਾਂ ਬਾਤਾਂ ਹੁੰਦੀਆਂ ਰਹੀਆਂ, ਤੇ ਮੋਹਨ ਲਾਲ ਨੂੰ ਕਈ ਦਿਨ ਇਥੇ ਠਹਿਰਨਾ ਪਿਆ।

ਇਹ ਓਹ ਦਿਨ ਸਨ ਜਦੋਂ ਸਿਖ ਰਾਜ ਦਾ ਜਾਹੋ ਜਲਾਲ, ਦੌਲਤ ਤੇ ਇਕਬਾਲ ਦੁਪਹਿਰ ਦੇ ਸੂਰਜ ਵਾਂਗ ਪੂਰੇ ਜੋਬਨ ਤੇ ਸੀ। ਦੂਰ ਨੇੜੇ ਤੇ ਆਪਣੇ ਬਿਗਾਨਿਆਂ ਦੀਆਂ ਮਜਲਸਾਂ ਵਿਚ ਗੁਪਤ ਪਰਗਟ ਰੂਪ ਕਿਸੇ ਨਾ ਕਿਸੇ ਤਰਾਂ ਲਾਹੌਰ ਦਰਬਾਰ ਦਾ ਜ਼ਿਕਰ ਛਿੜਿਆ ਹੀ ਰਹਿੰਦਾ ਸੀ।

ਇਕ ਦਿਨ ਈਰਾਨ ਦੇ ਬਾਦਸ਼ਾਹ ਦਾ ਦਰਬਾਰ ਲਗਾ ਹੋਇਆ ਸੀ। ਉਸ ਵੇਲੇ ਦੇ ਹਿੰਦ ਬਾਬਤ ਬਾਤ ਚੀਤ ਛਿੜ ਪਈ। ਈਰਾਨ ਦੇ ਬਾਦਸ਼ਾਹ ਨੇ ਮੋਹਨ ਲਾਲ ਨੂੰ ਪੁਛਿਆ ਕਿ ਮੇਰੇ ਰਾਜ ਪਾਟ, ਦਰਬਾਰ ਤੇ ਠਾਠ ਬਾਠ ਨੂੰ ਤੁਸਾਂ ਵੇਖਿਆ ਹੈ ਤੇ ਮਹਾਰਾਜਾ ਰਣਜੀਤ ਸਿੰਘ ਤੁਹਾਡੇ ਗੁਾਂਢ ਰਹਿੰਦਾ ਹੈ ਉਹਦਾ ਦਰਬਾਰ ਤੇ ਫੌਜ ਵੀ ਤੁਸਾਂ ਵੇਖੀ ਹੋਈ ਹੈ, ਤੁਸੀਂ ਈਰਾਨ ਤੇ ਪੰਜਾਬ ਦੇ ਦਰਬਾਰ ਤੇ ਫੌਜ ਸਬੰਧੀ ਆਪਣੀ ਰਾਏ ਕੀ ਰਖਦੇ ਹੋ?

ਇਸ ਸਬੰਧ ਵਿਚ ਇਉਂ ਲਿਖਿਆ ਮਿਲਦਾ ਹੈ☆ :

> ਜਦੋਂ ਪਹਿਲੀਆਂ ਰਸਮਾਂ ਖਤਮ ਹੋ ਚੁਕੀਆਂ ਤੇ ਅਹਿਲਕਾਰ ਨਜ਼ਰਾਨੇ ਭੇਟਾ ਕਰਕੇ ਆਪੋ ਆਪਣੇ ਥਾਂ ਦਰਬਾਰ ਵਿਚ ਸਜ ਗਏ ਤਾਂ ਹਿਜ਼ ਹਾਈਨੈਸ ਨੇ ਮੋਹਨ ਲਾਲ ਵੱਲ ਤੱਕਿਆ ਤੇ ਪੁਛਿਆ ਕਿ ਤੁਸਾਂ ਰਣਜੀਤ ਸਿੰਘ ਦੀ

---

* ਮੋਹਨ ਲਾਲ ਲਿਖਤ Travels in The Punjab, Afghanistan and Turkistan ਦੀ ਭੂਮਿਕਾ। – ਸੰਪਾ

ਕਚੈਹਰੀ ਤੇ ਇਹ ਦਰਬਾਰ ਹੁਣ ਅਪਣੇ ਸਾਮ੍ਹਣੇ ਡਿੱਠਾ ਹੈ, ਦੋਹਾਂ ਵਿਚੋਂ ਕਿਸਦੀ ਸ਼ਾਨੋ ਸ਼ੌਕਤ ਵੱਧ ਹੈ ਤੇ ਨਾਲ ਹੀ ਸਿੱਖ ਫੌਜ ਤੇ ਹਿਜ਼ ਹਾਈਨੈਸ ਦੀ ਫੌਜ ਦੀ ਬਹਾਦਰੀ ਤੇ ਯੋਗਤਾ ਦਾ ਮੁਕਾਬਲਾ ਕਰਕੇ ਦੱਸੋ। ਇਸਦੇ ਉਤਰ ਵਿਚ ਮੋਹਨ ਲਾਲ ਜੀ ਬੜੀ ਨਿੰਮ੍ਰਤਾ ਨਾਲ ਪਰ ਬੜੀ ਪਕਿਆਈ ਨਾਲ ਕਹਿਣ ਲਗੇ ਕਿ ਮਹਾਰਾਜ ਰਣਜੀਤ ਸਿੰਘ ਦੇ ਦਰਬਾਰ ਦਾ ਤੰਬੂ ਕਸ਼ਮੀਰੀ ਦੁਸ਼ਾਲਿਆਂ ਦਾ ਬਣਿਆ ਹੋਇਆ ਸੀ ਤੇ ਫਰਸ਼ ਬੀ ਕੁਝ ਏਸੇ ਤਰ੍ਹਾਂ ਦੇ ਕੀਮਤੀ ਸਾਮਾਨਾਂ ਦਾ ਸ਼ੋਭ ਰਿਹਾ ਸੀ। ਤੇ ਫੌਜ ਬਾਬਤ ਇਹ ਅਰਜ਼ ਹੈ ਕਿ ਜੇ ਸਰਦਾਰ ਹਰੀ ਸਿੰਘ (ਜੋ ਮਹਾਰਾਜਾ ਰਣਜੀਤ ਸਿੰਘ ਦਾ ਕਮਾਂਡਰ ਇਨ ਚੀਫ ਹੈ ਅਫਗਾਨ ਫਰੰਟੀਅਰ ਉਤੇ (ਕਿਸੇ ਹੋਰ ਕੰਮ)ਦਰਯਾ ਸਿੰਧ ਪਾਰ ਕਰ ਲੈਣ (ਤੇ ਹਜ਼ੂਰ ਨੂੰ ਪਤਾ ਲਗ ਜਾਵੇ) ਤਾਂ (ਆਪ) ਹਿਜ਼ ਹਾਈਨੈਸ ਬੜੀ ਖੁਸ਼ੀ ਨਾਲ ਇਥੋਂ ਆਪਣੀ ਰਾਜਧਾਨੀ ਤਬਰੇਜ਼ ਵਿਚ ਪਹੁੰਚਣ ਵਿਚ ਭਲਿਆਈ ਜਾਣਨਗੇ। ਭਾਵ ਡਰਦੇ ਮਾਰੇ ਪਿਛੇ ਹਟ ਜਾਓ।

ਇਹ ਲਿਖਤ ਦਸਦੀ ਹੈ ਕਿ ਸਿਖ ਸੂਰਮੇ ਆਪਣੇ ਡੀਲਡੋਲ, ਕਦ ਕਾਮਤੋਂ, ਸਜੀਲੇ,ਛਬੀਲੇ, ਫਬੀਲੇ ਚੇਹਰਿਆਂ ਤੇ ਬਾਹੂ ਬਲ ਨਾਲ ਆਪਣਾ ਸਾਨੀ ਨਹੀਂ ਰਖਦੇ। ਉਨਾਂ ਦਾ ਰੋਅਬ ਤੇ ਦਬਦਬਾ ਇਨਾਂ ਬੈਠਾ ਹੋਇਆ ਸੀ ਉਨ੍ਹਾਂ ਦਾ ਨਾਮ ਸੁਣਕੇ ਵੈਰੀਆਂ ਦੇ ਕਾਲਜੇ ਹਿਲ ਜਾਂਦੇ ਸਨ।

☆ ☆ ☆

ਇਤਿਹਾਸਕ ਕਸਬਾ- ਰਹੁਤਾਸ

ਰਹੁਤਾਸ ਇਕ ਕਸਬਾ ਹੈ। ਇਸਦਾ ਅਜਕਲ ਜ਼ਿਲਾ ਜੇਹਲਮ ਹੈ। ਪਰ ਕਦੇ ਆਪ ਵੀ ਜ਼ਿਲਾ ਰਹਿ ਚੁਕਾ ਹੈ। ਦਿਲੀ ਤੋਂ ਪਿਸ਼ਾਵਰ ਨੂੰ ਜੋ ਰਾਹ ਜਾਂਦਾ ਸੀ, ਇਸ ਦੇ ਉਤੇ ਪਹਾੜੀ ਟਿਕਾਣਾ ਹੈ। ਇਹ ਵਸੋਂ ਜੇਹਲਮ ਸ਼ਹਿਰ ਤੋਂ ੧੦ ਕੋਹ ਪਛਮੋੜ੍ਹੀ ਕੋਨੇ ਤੇ ਹੈ। ਵਸੋਂ ਪਹਾੜ ਤੇ ਹੈ, ਹੇਠ ਘਾਣ ਨਾਮ ਦਾ ਇਕ ਨਾਲਾ ਹੈ। ਇਹਦੇ ਵਿਚ ਬਾਰਾਂ ਮਹੀਨੇ ਪਾਣੀ ਨਹੀਂ ਰਹਿੰਦਾ। ਬਰਸਾਤੀ ਨਾਲਾ ਹੈ। ਜਿਸ ਵੇਲੇ ਪਹਾੜ ਤੇ ਬਰਖਾ ਹੋਵੇ ਉਸ ਵੇਲੇ ਭਰ ਜਾਂਦਾ ਹੈ, ਅਗੇ ਪਿਛੇ ਸੁਕਾ ਰਹਿੰਦਾ ਹੈ। ਇਸ ਕਸਬੇ ਨੇ ਜ਼ਮਾਨੇ ਦੇ ਬੜੇ ਉਤਾਰ ਚੜ੍ਹਾਓ ਵੇਖੇ ਹਨ ਤੇ ਕਈ ਵੇਰ ਇਹ ਧਰਤੀ ਖੂਨ ਨਾਲ ਧੋਣ ਹੋਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ ਨੂੰ ਆਪਣੇ ਪਵਿਤ੍ਰ ਚਰਨਾਂ ਨਾਲ ਨਿਵਾਜਿਆ, ਇਥੋਂ ਦੀ ਵਸੋਂ ਦੀ ਪਾਣੀ ਦੀ ਤਕਲੀਫ ਨਾ ਸਹਾਰ ਕੇ ਆਪ ਨੇ ਸੀਤਲ--ਜਲ ਦਾ ਚਸ਼ਮਾਂ ਬਖਸ਼ਿਆ।

ਸ਼ੇਰ ਸ਼ਾਹ ਸੂਰੀ ਨੇ ਇਸ ਨੂੰ ਫੌਜੀ ਛਾਉਣੀ ਲਈ ਉਤਮ ਟਿਕਾਣਾ ਸਮਝਿਆ। ਵਸੋਂ ਦੇ ਗਿਰਦਾ ਗਿਰਦ ਚੌੜੀ ਫਸੀਲ ਬਣਾਈ ਤੇ ਨੁਕਰਾਂ ਪੁਰ ਬੁਰਜ ਬਣਵਾਕੇ, ਇਸਨੂੰ ਇਕ ਕਿਲੇ ਦੀ ਸੂਰਤ ਵਿਚ ਆਂਦਾ। ਕਿਲੇ ਤੇ ੪੦ ਲਖ ੨੫ ਹਜ਼ਾਰ ਰੁਪਯਾ ਖਰਚ ਆਇਆ ਸੀ। ਇਕ ਤਾਰੀਖ ਵਿਚ ਲਿਖਿਆ ਹੈ ੮ ਕਰੋੜ ੫ ਲਖ ੫ ਹਜ਼ਾਰ ਤੇ ਢਾਈ

ਦਾਮ ਇਹਦੇ ਤੇ ਖਰਚ ਆਏ ਸਨ। ਦੀਵਾਰ ੩੦ ਫੁਟ ਚੌੜੀ ਅਤੇ ੩੦ ਤੋਂ ੫੦ ਫੁਟ ਤਕ ਉਚੀ ਹੈ। ੬੮ ਬੁਰਜ ੧੨ ਦਰਵਾਜ਼ੇ ਹਨ ਤੇ ਵਡੇ ਦਰਵਾਜ਼ੇ ਦੀ ਉਚਿਆਈ ੭੦ ਫੁਟ ਹੈ। ਕਿਲੇ ਵਿਚ ਪਾਣੀ ਦੀ ਹੋਂਦ ਸਭ ਤੋਂ ਜ਼ਰੂਰੀ ਸਮਝੀ ਜਾਂਦੀ ਹੈ। ਪਾਣੀ ਦਾ ਹੋਰ ਕੋਈ ਪ੍ਰਬੰਧ ਹੁੰਦਾ ਨਾ ਵੇਖ ਗੁਰੂ ਨਾਨਕ ਜੀ ਵਾਲੇ ਚਸ਼ਮੇ ਨੂੰ ਕਿਲੇ ਦੇ ਅੰਦਰ ਲਿਆਉਣ ਦੇ ਉਪਰਾਲੇ ਹੋਏ। ਦਿਨ ਨੂੰ ਚਸ਼ਮਾਂ ਵਲਗਣ ਦੇ ਅੰਦਰ ਕਰਕੇ ਮਜ਼ਦੂਰ ਛੁੱਟੀ ਕਰਦੇ ਸਨ ਪਰ ਰਾਤ ਦੇ ਆਰਾਮ ਪਿਛੋਂ ਜਦ ਸਵੇਰੇ ਆਣ ਕੇ ਵੇਖਦੇ ਤਾਂ ਚਸ਼ਮਾਂ ਚਾਰ ਦੀਵਾਰੀ ਤੋਂ ਬਾਹਰ ਹੁੰਦਾ ਸੀ। ਇੰਜ ਕਿੰਨੀ ਵੇਰ ਚਸ਼ਮੇ ਨੂੰ ਵਲਗਣ ਵਿਚ ਲਿਆਉਣ ਦਾ ਉਪਰਾਲਾ ਕੀਤਾ ਗਿਆ। ਪਰੰਤੂ ਆਜ਼ਾਦ ਗੁਰੂ ਦਾ ਚਸ਼ਮਾ ਬੰਦੀ ਵਿਚ ਨਹੀਂ ਰਹਿਣਾ ਚਾਹੁੰਦਾ ਸੀ, ਉਹ ਆਜ਼ਾਦ ਹੀ ਰਿਹਾ। ਚਸ਼ਮੇ ਵਾਲੇ ਪਾਸੇ ਦੀ ਫਸੀਲ ਨੇ ਕਈ ਥਾਂਵਾਂ ਤੋਂ ਵਿੰਗ ਖਾਂਦੇ ਹੋਏ ਹਨ। ਆਮ ਖਿਆਲ ਹੈ ਕਿ ਇਹ ਵਿੰਗ ਚਸ਼ਮੇ ਨੂੰ ਅੰਦਰ ਲਿਆਉਣ ਵਾਸਤੇ ਹੀ ਬਣੇ ਸਨ।

ਕਲਗੀਧਰ ਜੀ ਨੇ ਅੰਮ੍ਰਿਤ ਛਕਾਣ ਸਮੇਂ ਖਾਲਸੇ ਨੂੰ ਮਾਤਾ ਸਾਹਿਬ ਦੇਵਾਂ ਦੀ ਝੋਲੀ ਪਾਇਆ ਹੈ। ਮਾਤਾ ਸਾਹਿਬ ਦੇਵਾਂ ਦਾ ਜਨਮ ਅਸਥਾਨ ਰੁਹਤਾਸ ਹੀ ਹੈ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਇਹ ਟਿਕਾਣਾ ਫੌਜੀ ਕੇਂਦਰ ਬਣਿਆ ਰਿਹਾ ਹੈ। ਪਰੰਤੂ ਜਿਸ ਘਟਨਾਂ ਦਾ ਅਸੀਂ ਜ਼ਿਕਰ ਕਰਨ ਲਗੇ ਹਾਂ ਇਹ ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਦੀ ਹੈ। ਉਨਾਂ ਦਿਨਾਂ ਵਿਚ ਇਥੇ ਗਿਲਜ਼ਿਆਂ ਦੀ ਭਾਰੀ ਫੌਜੀ ਛਾਉਣੀ ਸੀ।

ਅਹਿਮਦ ਸ਼ਾਹ ਦਾ ਚਾਚਾ 'ਸਰ ਬਲੰਦ ਖਾਂ' ਇਕ ਮਸ਼ਹੂਰ ਫੌਜੀ ਅਫਸਰ ਸੀ ਜਿਹੜਾ ਆਪਣੇ ਬਾਹੂ ਬਲ, ਦਲੇਰੀ, ਤੇ ਸ਼ਸ਼ਤ੍ਰ ਵਿਦਯਾ ਵਿਚ ਉਸ ਵੇਲੇ ਦਾ ਮੰਨਿਆ ਯੋਧਾ ਸੀ। ਸਿਖਾਂ ਨਾਲ ਕਈ ਜੰਗ ਕਰਨ ਮਗਰੋਂ ਇਸ ਨੇ ਰੁਹਤਾਸ ਆ ਡੇਰਾ ਕੀਤਾ। ਇਹ ਜਗਾ ਸਿਖਾਂ ਦੀ ਵਸੋਂ ਤੋਂ ਦੂਰ ਤੇ ਮੁਸਲਮਾਨੀ ਕੇਂਦਰ ਵਿਚ ਹੋਣ ਕਰਕੇ ਬੇਫਿਕਰੀ ਦਾ ਟਿਕਾਣਾ ਸੀ, ਜਿਸਤੋਂ ਉਸਨੇ ਇਥੇ ਦਿਨ ਈਦ ਤੇ ਰਾਤ ਸ਼ਬਰਾਤ ਬਣਾ ਰਖੀ ਸੀ। ਹਰ ਵੇਲੇ ਸ਼ਰਾਬ ਦੇ ਦੌਰ ਚਲਦੇ ਤੇ ਨਾਚ ਮੁਜਰੇ ਹੁੰਦੇ ਰਹਿੰਦੇ ਸਨ।

ਇਕ ਵੇਰ ਸ੍ਰਦਾਰ ਚੜ੍ਹ ਸਿੰਘ (ਚੜ੍ਹਤ ਸਿੰਘ)* ਇਧਰ ਆ ਨਿਕਲੇ, ਸਰ ਬਲੰਦ ਖਾਂ ਨੇ ਇਨਾਂ ਦੀ ਅਵਾਈ ਸੁਣੀ, ਦਿਲ ਧੜਕ ਗਿਆ। ਫੌਜ ਨੂੰ ਤਯਾਰ ਹੋਣ ਦਾ ਹੁਕਮ ਦਿੱਤਾ, ਪਰੰਤੂ ਉਹਦੇ ਦਿਲ ਵਿਚ ਇਨੀ ਸ਼ਕਤੀ ਨਹੀਂ ਸੀ ਕਿ ਸਰਦਾਰ ਚੜ੍ਹ ਸਿੰਘ ਨਾਲ ਖਾਹ ਮੁਖਾਹ ਜੰਗ ਛੇੜੇ। ਇਸ ਕਰਕੇ ਸਰਦਾਰ ਜੀ ਦੀਆਂ ਸਰਗਰਮੀਆਂ ਲਈ ਸੂਹੀਏ ਛਡ ਦਿੱਤੇ ਤੇ ਆਪ ਕਿਸੇ ਆਉਣ ਵਾਲੇ ਸਮੇਂ ਦੀ ਉਡੀਕ ਕਰਨ ਲਗਾ।

ਸ੍ਰ. ਚੜ੍ਹ ਸਿੰਘ ਨੇ ਰੁਹਤਾਸ ਦਾ ਸਾਰਾ ਇਲਾਕਾ ਗਾਹਿਆ। ਕਿਲੇ ਦੇ ਅਗੇ, ਪਿਛੇ, ਸਜੇ ਤੇ ਖਬੇ ਸ਼ਕਾਰ ਖੇਡਦੇ ਰਹੇ। ਲਾਗੇ ਦੀਆਂ ਪਹਾੜੀਆਂ ਵਿਚ ਇਨਾਂ ਨੇ ਚੱਪਾ ਚੱਪਾ ਥਾਂ ਵੇਖੀ ਤੇ ਕੁਛ ਚਿਰ ਇਧਰ ਫਿਰ ਫਿਰਾਕੇ ਵਾਪਸ ਮੁੜੇ। ਜੇਹਲਮ ਦਰਯਾ ਲੰਘਦਿਆਂ ਇਨਾਂ ਨੂੰ ਪਤਾ ਲਗਾ ਕਿ ਸਾਡੇ ਇਸ ਇਲਾਕੇ ਵਿਚੋਂ ਬਿਨਾਂ ਕਿਸੇ ਤਰਾਂ ਦੀ ਛੇੜ ਛਾੜ ਕੀਤੇ ਦੇ ਵਾਪਸ ਮੁੜਨ ਤੋਂ ਸਰ ਬਲੰਦ ਖਾਂ ਨੂੰ 'ਪਰ' ਨਿਕਲ ਆਏ ਹਨ ਤੇ ਉਸਨੇ ਆਪਣੀ ਫੌਜ ਸਾਡੇ ਪਿਛੇ ਭੇਜੀ ਹੈ। ਸ੍ਰਦਾਰ ਜੀ ਦਰਯਾ ਜੇਹਲਮ, ਜੇਹਲਮ ਸ਼ਹਿਰ ਤੋਂ ਪਾਰ ਹੋਏ, ਤੇ ਕੁਛ ਦੂਰ ਹਿਠਾਂਹਾਂ ਨੂੰ ਜਾ ਕੇ ਫਿਰ ਦਰਯਾ ਜੇਹਲਮ ਤੋਂ ਪਾਰ ਹੋ ਰੁਹਤਾਸ ਤੇ ਆ ਪਏ। ਦਰਵਾਜਿਆਂ ਤੇ ਸਿੱਖ ਸੈਨਾ ਬੈਠ ਗਈ, ਬੁਰਜੀਆਂ ਤੇ ਖਾਲਸੇ ਨੇ ਕਬਜਾ ਕਰ ਲਿਆ। ਕਿਲੇ ਦੇ ਅੰਦਰ ਦੀ ਫੌਜ ਲੜਨ ਲਈ ਤਯਾਰ ਹੋਈ ਪਰੰਤੂ ਸਿੱਖ ਸੈਨਕਾਂ ਨੇ ਬੁਰਜੀਆਂ ਵਿਚੋਂ ਉਹ ਅੱਗ ਵਸਾਈ ਕਿ ਵੈਰੀ ਤੋਂ ਕੁਛ ਸਰ ਬਣ ਨਾ ਪਈ। ਜਿਸ ਬੁਰਜੀ ਵਲ ਦੌੜਨ ਉਧਰੋਂ ਹੀ ਅੱਗ ਵੱਸੇ, ਜਿਸ ਦਰਵਾਜ਼ੇ ਵਲ ਨੱਠਣ ਉਧਰੋਂ ਹੀ ਫਾਇਰ ਹੋਣ, ਸਰ ਬਲੰਦ ਖਾਂ ਦੀ ਫੌਜ਼ ਨੇ ਬਹੁਤ ਥੋੜੇ ਚਿਰ ਵਿਚ ਹੀ ਆਪਣੇ ਅਫ਼ਸਰ ਦੇ ਸਾਹਮਣੇ ਹਥਯਾਰ ਰਖ ਦਿੱਤੇ, ਤੇ ਆਪਣੀ ਬੇਬਸੀ ਪ੍ਰਗਟ ਕੀਤੀ।

ਸਰ ਬਲੰਦ ਖਾਂ ਨੇ ਦਰਬਾਰ ਲਾਇਆ ਤੇ ਆਪਣੇ ਵਕੀਲ ਸ੍ਰ. ਚੜ੍ਹ ਸਿੰਘ ਵਲ ਭੇਜੇ। ਵਕੀਲਾਂ ਨੇ ਬੇਨਤੀ ਕੀਤੀ ਕਿ ਸਰ ਬਲੰਦ ਖਾਂ ਸੁਲਹ ਕਰਨੀ ਚਾਹੁੰਦਾ ਹੈ ਤੇ ਦਰਬਾਰ ਵਿਚ ਦਰਸ਼ਨ ਦੇਣ ਦੀ ਯਾਚਨਾ ਕਰਦਾ ਹੈ। ਸ੍ਰ. ਚੜ੍ਹ ਸਿੰਘ ਕੁਛ ਸਪਾਹੀ ਲੈਕੇ ਟੁਰ ਪਏ। ਸਰ ਬਲੰਦ ਖਾਂ ਅਗੋਂ ਲੈਣ ਨਾ ਆਇਆ, ਜਦ ਦਰਵਾਜੇ ਤੇ ਪੁਜੇ ਤਦ ਉਹ ਬਾਹਰ ਤਕ ਵੀ ਨ ਨਿਕਲਯਾ। ਸਰਦਾਰ ਨੂੰ ਕਿਸੇ ਕਿਹਾ ਵੈਰੀ ਦੀ ਨੀਯਤ ਖੋਟੀ

---

* ਸ਼ੁਕ੍ਰਚੱਕੀਆ ਮਿਸਲ ਦਾ ਮੋਢੀ, ਮਹਾਰਾਜਾ ਰਣਜੀਤ ਸਿੰਘ ਦਾ ਦਾਦਾ। ਮਹਾਨ ਕੋਸ਼ ਅਨੁਸਾਰ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਸ ਦਾ ਨਾਂ ਚੜ੍ਹ ਸਿੰਘ ਲਿਖਿਆ ਗਿਆ ਹੈ। --ਸੰਪਾ

ਜਾਪਦੀ ਹੈ, ਉਹਦਾ ਸਲੂਕ ਵੀ ਸ਼ਰੀਫਾਨਾ ਨਹੀਂ। ਅਗੇ ਨਹੀਂ ਜਾਣਾ ਚਾਹੀਦਾ ਪਰ ਸਰਦਾਰ ਜੀ ਨੇ ਸੁਣਕੇ ਅਣਸੁਣੀ ਕੀਤੀ ਤੇ ਦਰਬਾਰ ਵਿਚ ਜਾ ਪੁਜੇ। ਸਰ ਬਲੰਦ ਖਾਂ ਸਤਕਾਰ ਲਈ ਉਠਿੱਆ, ਇਕ ਮੁਸਲਮਾਨ ਸਪਾਹੀ ਸ੍ਰਦਾਰ ਜੀ ਵਲ ਵਧਿਆ ਜਿਸਨੂੰ ਸਿਖ ਸਪਾਹੀਆਂ ਨੇ ਫੜਕੇ ਇਕ ਪਾਸੇ ਬਿਠਾ ਦਿਤਾ। ਸਰ ਬਲੰਦ ਖਾਂ ਨੇ ਸ੍ਰਦਾਰ ਚੜ੍ਹ ਸਿੰਘ ਜੀ ਨੂੰ ਕਿਹਾ ਕਿ ਮੈਂ ਅਹਿਮਦ ਸ਼ਾਹ ਦਾ ਚਾਚਾ ਹਾਂ। ਮੈਂ ਇਸ ਇਲਾਕੇ ਦਾ ਬਾਦਸ਼ਾਹ ਹੋਣਾ ਪ੍ਰਗਟ ਕਰਦਾ ਹਾਂ ਤੇ ਤੁਹਾਨੂੰ ਸੂਬਾ ਬਣਾਉਂਦਾ ਹਾਂ। ਸ੍ਰਦਾਰ ਜੀ ਨੇ ਕਿਹਾ ਕਿ ਸਾਡਾ 'ਸ਼ਾਹ' ਸਤਿਗੁਰੂ ਹੈ ਹੋਰ ਕਿਸੇ ਦੀ ਅਸੀਂ ਕਾਣ ਨਹੀਂ ਰਖਦੇ। ਸਰ ਬਲੰਦ ਖਾਂ ਨੂੰ ਕਿਹਾ ਗਿਆ ਕਿ ਸਰਦਾਰ ਜੀ ਦੇ ਇਸ ਇਲਾਕੇ ਵਿਚੋਂ ਚੁਪ ਚਾਪ ਮੁੜ ਜਾਣ ਦੇ ਬਾਵਜੂਦ ਇਨਾ ਪਿਛੇ ਫੌਜ ਭੇਜੀ ਗਈ ਹੈ ਇਸ ਕਰਕੇ ਇਕ ਰਕਮ ਜੁਰਮਾਨੇ ਵਜੋਂ ਦਿੱਤੀ ਜਾਏ। ਜਦ ਤਕ ਇਹ ਰਕਮ ਨਾ ਦਿੱਤੀ ਜਾਏਗੀ ਉਨਾਂ ਚਿਰ ਸਰਬਲੰਦ ਖਾਂ ਨੂੰ ''ਯਰਗਮਾਲ'' ਵਜੋਂ ਨਜ਼ਰ ਬੰਦ ਰਖਿਆ ਜਾਏਗਾ।

ਸ੍ਰਦਾਰ ਚੜ੍ਹ ਸਿੰਘ ਜੀ ਨੇ ਸਰਬਲੰਦ ਖਾਂ ਨੂੰ ਪੀਨਸ ਵਿਚ ਬਿਠਾ ਦਿੱਤਾ ਤੇ ਕੁਛ ਸੈਨਾਂ ਅਗੇ ਤੇ ਕੁਛ ਪਿੱਛੇ ਕਰਕੇ ਨਾਲ ਲੈ ਟੁਰੇ। ਜਦ ਵਜ਼ੀਰਾਬਾਦ ਦੇ ਲਾਗੇ ਪੁੱਜੇ ਤਦ ਸਰਬਲੰਦ ਖਾਂ ਨੇ ਰੁਪਯੇ ਵਲੋਂ ਆਪਣੀ ਅਸਮਰਥਤਾ ਦੱਸੀ। ਸ੍ਰਦਾਰ ਚੜ੍ਹ ਸਿੰਘ ਨੇ ਕਿਹਾ ਕਿ ਜੇ ਰੁਪਯਾ ਨਹੀਂ ਤਾਂ ਨਾ ਸਹੀ ਅਹਿਮਦ ਸ਼ਾਹ ਦੇ ਚਾਚੇ ਨੂੰ ਹਿਰਾਸਤ ਵਿਚ ਰਖਣਾ ਸਾਡੀ ਮਨ ਭਾਉਂਦੀ ਗਲ ਹੈ। ਦੋਨੋਂ ਵੇਲੇ ਖਾਣ ਪੀਣ ਲਈ ਖੁਰਾਕ ਦੇਂਦੇ ਸਰਦਾਰ ਜੀ ਨਾਲ ਲੈ ਕੇ ਟੁਰੀ ਗਏ। ਸਰ ਬਲੰਦ ਖਾਂ ਨੇ ਹਥ ਜੋੜਕੇ ਯਾਚਨਾ ਕੀਤੀ ਕਿ ਅਹਿਮਦ ਸ਼ਾਹ ਦੇ ਚਾਚੇ ਨੂੰ ਫੜਕੇ ਬਿਨਾਂ ਕੁਛ ਲਏ ਛੱਡਣਾ ਸਿਖ ਕੌਮ ਦੀ ਵਡਿਆਈ, ਖੁਲ ਦਿਲੀ, ਬਖਸ਼ਸ਼ ਤੇ ਮੁਲਹਕੁਲ ਪਾਲਸੀ ਦੇ ਅਨਕੂਲ ਹੋਵੇਗਾ। ਸਰਦਾਰ ਜੀ ਨੂੰ ਇਹ ਗੱਲ ਪਸੰਦ ਆਈ ਤੇ ਸਰ ਬਲੰਦ ਖਾਂ ਨੂੰ ਅਟਕੋਂ ਪਾਰ ਲਿਜਾਕੇ ਛੱਡ ਦਿੱਤਾ। ''ਸਰ ਬਲੰਦ ਖਾਂ'' ''ਸਰ ਨਿੰਗੂ'' ਹੋ ਕੇ ਕਾਬਲ ਵੱਲ ਚਲਾ ਗਿਆ ਜਿਥੋਂ ਫਿਰ ਕਦੇ ਮੁੜਕੇ ਪੰਜਾਬ ਵੱਲ ਆਉਣ ਦੀ ਉਸ ਨੂੰ ਹਿੰਮਤ ਨਹੀਂ ਪਈ।

☆ ☆ ☆

ਦ੍ਵੰਦ-ਜੁਧ

ਗੁਰੂ ਦੀ ਨਗਰੀ ਵਿਚ ਦੁਰਾਨੀ ਪੁੱਜ ਗਏ ਹਨ। ਇਹ ਖਬਰ ਕਾਫ਼ੀ ਸੀ ਇਕ ਸਿੱਖ ਬੱਚੇ ਦੇ ਬੀਰ ਰਸ ਨੂੰ ਜਗਾਣ ਤੇ ਉਹਦੀਆਂ ਰਗਾਂ ਵਿਚ ਫਿਰ ਰਹੇ ਸ਼ਹੀਦਾਂ ਦੇ ਖ਼ੂਨ ਨੂੰ ਜੋਸ਼ ਵਿਚ ਲਿਆਉਣ ਲਈ।

ਬੀਰ ਸਿੰਘ, ਕੌਰ ਸਿੰਘ, ਮੰਨਾ ਸਿੰਘ ਤੇ ਧਸੰਤ ਸਿੰਘ ਮਾਲਵੇ ਦੇ ਵਸਨੀਕ ਸਨ। ਦੁਰਾਨੀਆਂ ਦੇ ਅੰਮ੍ਰਿਤਸਰ ਆਉਣ ਤੇ ਯੁਧ ਮਚਾਣ ਦੀ ਖਬਰ ਇਨ੍ਹਾਂ ਵੀ ਸੁਣੀ। ਇਨ੍ਹਾਂ ਨੂੰ ਪਤਾ ਲਗ ਗਿਆ ਕਿ ਐਸ ਵੇਲੇ ਅੰਮ੍ਰਿਤਸਰ ਵਿਚ ਜਿੰਨੇ ਸਿੰਘ ਸਨ ਸ਼ਹੀਦ ਹੋ ਚੁੱਕੇ ਹਨ। ਦੁਰਾਨੀ ਸੈਨਾਂ ਦੇ ਸਾਹਮਣੇ ਇਨ੍ਹਾਂ ਦੇ ੪ ਸਿਘਾਂ ਦੀ ਕੀ ਹਸਤੀ ਹੈ ? ਇਸ ਗੱਲ ਤੋਂ ਵੀ ਅਗਯਾਤ ਨਹੀਂ ਸਨ। ਪ੍ਰੰਤੂ ਇਸ ਤੇ ਵੀ ਉਹ ਘਰ ਤੋਂ ਘੋੜਿਆਂ ਤੇ ਸਵਾਰ ਹੋ ਟੁਰ ਪਏ, ਵਾਹੋਦਾਹੀ ਬਬੇਕਸਰ ਆ ਡੇਰਾ ਕੀਤਾ। ਦੁਰਾਨੀਆਂ ਨੂੰ ਖਬਰ ਮਿਲੀ ਕਿ ਚਾਰ ਸਿੰਘ ਆ ਗਏ ਹਨ ਤੇ ਉਹ ਲੜਨ ਵਾਸਤੇ ਆਏ ਹਨ। ਦੁਰਾਨੀ ਸੈਨਾ ਦੇ ਸਰਦਾਰ ਨੇ ਸੂਹੀਆ ਭੇਜਿਆ ਜਿਸਨੇ ਆਕੇ ਖਬਰ ਦਿੱਤੀ ਕਿ ਸਿੰਘ ਸੋਹਣੇ ਜਵਾਨ ਹਨ, ਬਲਵਾਨ ਹਨ, ਸ਼ਸਤਰ ਵਿੱਦਯਾ ਵਿਚ ਨਿਪੁੰਨ ਦਸੀਦੇ ਹਨ ਤੇ ਕੱਲ ਯੁਧ ਮਚਾਉਣਾ ਚਾਹੁੰਦੇ ਹਨ।

ਦੁਰਾਨੀ ਸਰਦਾਰ ਇਹ ਸੁਣਕੇ ਕਿ ਚਾਰ ਸਿੰਘ ਸਾਡੀ ਸੈਨਾਂ ਨਾਲ ਲੜਨ ਆਏ ਹਨ, ਪਹਿਲਾਂ ਹੱਸਿਆ ਫਿਰ ਦੰਦਾਂ ਦੇ ਵਿਚ ਉਂਗਲੀ ਦਬਾਕੇ ਕੁਛ ਚਿਰ ਚੁਪ ਰਿਹਾ ਤੇ ਫਿਰ ਆਪਣੇ ਆਪ ਨੂੰ ਕਹਿਣ ਲੱਗਾ ਕਿ ਇਹ ਸਿਖ ਕਿਸ ਚੀਜ਼ ਦੇ ਬਣੇ ਹਨ ? ਕਿਸ ਮਿੱਟੀ ਦੇ ਘੜੇ ਹਨ ? ਤੇ ਦਸਵੇਂ ਗੁਰੂ ਨੇ ਇਨ੍ਹਾਂ ਤੇ ਕੀ ਜਾਦੂ ਫੂਕਿਆ ਹੈ ਜੋ ਮੌਤ ਦਾ ਡਰ ਇਨ੍ਹਾਂ ਦੇ ਸੀਨਿਆਂ ਵਿਚੋਂ ਉਠ ਗਿਆ ਹੈ। ਪੰਥ ਦੀ ਇਜ਼ੱਤ ਦਾ ਸਵਾਲ ਇਨ੍ਹਾਂ ਦੇ ਸਾਹਮਣੇ ਆ ਜਾਣ ਤੇ ਜਿਸ ਚੀਜ਼ ਨਾਲ ਕਿ ਮਨੁੱਖ 'ਮੇਰੀ' ਤੇ 'ਅਪਣਿਤ' ਸ਼ਬਦਾਂ ਨੂੰ

ਵਰਤ ਸਕਦਾ ਹੈ, ਕੁਰਬਾਨ ਕਰਨ ਨੂੰ ਤਯਾਰ ਹੋ ਜਾਂਦੇ ਹਨ। ਪੰਥਕ ਜੰਗਾਂ ਵਿਚ ਉਪਕਾਰ ਦੇ ਕੰਮਾਂ ਵਿਚ, ਦੁਖੀਆਂ ਦੇ ਦਰਦ ਵੰਡਾਣ ਦੇ ਵੇਲੇ ਇਨਾਂ ਨੂੰ ਧੀਆਂ, ਪੁੱਤਾਂ ਦਾ ਮੋਹ ਰੋਕ ਨਹੀਂ ਸਕਦਾ। ਜ਼ਾਤੀ ਸੁੱਖ ਤੇ ਆਰਾਮ ਦਾ ਖਿਆਲ ਇਨ੍ਹਾਂ ਦੇ ਨੇੜੇ ਨਹੀਂ ਢੁਕਦਾ। ਸੰਸਾਰਕ ਪਦਾਰਥਾਂ ਦੀ ਚਾਹ ਵਲੋਂ ਬੇਚਾਹ ਹਨ, ਸ੍ਵਾਰਥ ਤੇ ਖ਼ੁਦਗਰਜੀ ਦੇ ਵਾਕਾਂ ਤੋਂ ਇਨ੍ਹਾਂ ਦੇ ਕੰਨ ਅਨਜਾਣ ਹਨ। ਕੱਲ ਸਾਡੇ ਨਾਲ ਇਨ੍ਹਾਂ ਦਾ ਜੁੱਧ ਕਰਨਾ ਕੀੜੀ ਤੇ ਹਾਥੀ ਦਾ ਟਾਕਰਾ ਹੈ, ਚਾਰ ਆਦਮੀ ਚਾਰ ਹਜ਼ਾਰ ਨਾਲ ਕੀ ਲੜਨਗੇ ਤੇ ਕੀ ਕਰਨਗੇ ? ਇਨ੍ਹਾਂ ਸੋਚਾਂ ਤੇ ਵਿਚਾਰਾਂ ਵਿਚ ਫੌਜ ਨੂੰ ਕੋਈ ਹੁਕਮ ਦੇਣ ਤੋਂ ਪਹਿਲਾਂ ਸੌ ਗਿਆ। ਦੁਰਾਨੀ ਫੌਜ ਦਾ ਡੇਰਾ ਉਸ ਥਾਂ ਤੇ ਸੀ ਜਿਸਨੂੰ ਅਜ ਕਲ ਗੁਰੂ ਕਾ ਬਾਗ ਕਿਹਾ ਜਾਂਦਾ ਹੈ ਤੇ ਸ੍ਰੀ ਦਰਬਾਰ ਸਾਹਿਬ ਤੇ ਬਾਬਾ ਅਟਲ ਦੇ ਵਿਚਕਾਰ ਹੈ।

ਤਿਪਹਿਰੇ ਵੇਲੇ ਚਾਰੇ ਸਿੰਘ ਉਠੇ ਤੇ ਇਸ਼ਨਾਨ ਕੀਤਾ। ਆਪਣੇ ਨਿਤਨੇਮ ਤੋਂ ਫ਼ਾਰਗ ਹੋ ਜੰਗ ਛੇੜਨ ਦਾ ਅਰਦਾਸਾ ਸੋਧਕੇ ਵੈਰੀ ਤੇ ਆ ਪਏ। ਵੈਰੀ ਸੁੱਤੇ ਪਏ ਸਨ ਅਚਾਨਕ ਆ ਪਏ ਦੀ ਅਵਾਜ਼ ਉਠੀ ਉਨ੍ਹਾਂ ਦੇ ਕੈਂਪ ਵਿਚ ਤਰਥੱਲੀ ਮੱਚ ਗਈ। ਹਨੇਰਾ ਘੁੱਪ ਸੀ ਅੱਭੜਵਾਹੇ ਉਠੇ ਤੇ ਆਪੋ ਵਿਚ ਹੀ ਜੁਟ ਪਏ। ਦੁਰਾਨੀਆਂ ਦੇ ਅਫਸਰ ਨੂੰ ਪਤਾ ਲੱਗਾ ਕਿ ਉਸਦੇ ਪੁੱਜਣ ਤੋਂ ਪਹਿਲਾਂ ਇਕ ਸੌ ਦੇ ਅੰਦਰ ਅੰਦਰ ਸਿਪਾਹੀ ਮਰ ਚੁਕੇ ਹਨ। ਰਾਤ ਨੂੰ ਉਹ ਇਨ੍ਹਾਂ ਸਿੰਘਾਂ ਦੀ ਵਿਚਾਰ ਵਿਚ ਸੁੱਤਾ ਸੀ। ਸਵੇਰ ਹੋਣ ਤੋਂ ਪਹਿਲਾ ਸੌ ਜਵਾਨ ਮੋਇਆ ਵੇਖ ਫਿਰ ਸੋਚਾਂ ਵਿਚ ਪੈ ਗਿਆ ਤੇ ਇਕ ਆਦਮੀ ਸਿੰਘਾਂ ਨਾਲ ਗੱਲ ਕਰਨ ਲਈ ਨੀਯਤ ਕਰਕੇ ਭੇਜਿਆ ਕਿ ਤੁਸੀਂ ਥੋੜੇ ਹੋ ਤੇ ਅਸੀਂ ਬਹੁਤੇ ਹਾਂ। ਮੈਂ ਤੁਹਾਡੀ ਸੂਰਮਗਤੀ ਵੇਖਣੀ ਚਾਹੁੰਦਾ ਹਾਂ। ਇਸ ਵਾਸਤੇ ਚੰਗਾ ਹੋਵੇ ਕਿ ਤੁਸੀਂ ਦ੍ਵੰਦ-ਜੁਧ ਕਰੋ। ਸਿੰਘਾਂ ਨੇ ਇਹ ਗੱਲ ਮੰਨ ਲਈ। ਮਹਾਰਾਜਾ ਰਣਜੀਤ ਸਿੰਘ ਦੀ ਬਾਰਾਦਰੀ ਜੋ ਫੁਹਾਰਿਆਂ ਦੇ ਉਤੇ ਹੈ ਤੇ ਜਿਥੋ ਉਨ੍ਹਾਂ ਦੀ ਕੁਛ ਵਿਭੂਤੀ ਦਬੀ ਬੀ ਦਸੀ ਜਾਂਦੀ ਸੀ ਤੇ ਗੁਰਦਵਾਰਾ ਕਮੇਟੀ ਦੇ ਦਫਤਰ ਦੇ ਸਾਹਮਣੇ ਜਿਹੜਾ ਸ਼ਹੀਦਾਂ ਦਾ ਥੜਾ ਬਣਿਆ ਹੋਇਆ ਹੈ ਇਹ ਥਾਂ ਨੀਯਤ ਹੋਈ। ਦੁਰਾਨੀ ਸੈਨਾ ਇਕੱਠੀ ਹੋ ਗਈ ਤੇ ਮੈਦਾਨ ਖੁਲ੍ਹਾ ਛੱਡ ਕੇ ਬੈਠ ਗਈ। ਕਿਸ ਕਿਸ ਸਿੰਘ ਨਾਲ ਕਿਸ ਕਿਸ ਦਾ ਯੁੱਧ ਹੋਵੇ ਇਸ ਗੱਲ ਦੀਆਂ ਸੋਚਾਂ ਹੋਣ ਲੱਗੀਆਂ।

ਦੁਰਾਨੀ ਦੇ ਦਲ ਵਿਚ ਜ਼ਬਰਦਸਤ ਖਾਂ ਨਾਮ ਦਾ ਇਕ ਜਵਾਨ ਸੀ। ਇਹਦਾ ਨਾਮ ਹੀ ਜ਼ਬਰਦਸਤ ਖਾਂ ਨਹੀਂ ਸੀ, ਬਲਕੇ ਸੀ ਵੀ ਬੜਾ ਹੀ ਜ਼ਬਰਦਸਤ। ਮੁਨਾਰੇ ਜੇਡਾ ਉਚਾ ਕੱਦ, ਭਾਰੀ ਡੀਲ ਡੋਲ, ਹਾਥੀ ਵਰਗੀਆਂ ਮੋਟੀਆਂ ਲਤਾਂ, ਕੜੀਆਂ

ਵਰਗੀਆਂ ਬਾਹਾਂ, ਦਿਲ ਦਾ ਦਲੇਰ, ਤੇ ਜਿਥੇ ਖੜਾ ਹੋ ਜਾਏ ਉਥੇ ਇਕ ਦੂ ਇਕ ਕਰਨ ਵਾਲਾ ਸੂਰਮਾਂ ਸੀ। ਇਸ ਦੇ ਇਨ੍ਹਾਂ ਹੀ ਗੁਣਾਂ ਨੂੰ ਵੇਖਕੇ ੧੦ ਹਜ਼ਾਰੀ ਖਿਤਾਬ ਇਸਨੂੰ ਮਿਲਿਆ ਹੋਇਆ ਸੀ। ਦੁਰਾਨੀ ਸੈਨਾਂ ਨੇ ਆਪਣਾ ਸਿਕਾ ਸਿਖਾਂ ਦੇ ਦਿਲ ਤੇ ਬਿਠਾਣ ਲਈ ਉਸਨੂੰ ਕਢਿਆ। ਇਹਦਾ ਸਾਰਾ ਸਰੀਰ ਸੰਜੋ ਨਾਲ ਢਕਿਆ ਹੋਇਆ ਸੀ, ਘੋੜੇ ਤੇ ਸਵਾਰ ਹੋ ਮੈਦਾਨ ਵਿਚ ਆਇਆ। ਬਸੰਤ ਸਿੰਘ ਨੇ ਆਪਣੇ ਘੋੜੇ ਦੀ ਲਗਾਮ ਖਿਚੀ, ਪੈਰ ਦੀ ਅਡੀ ਲਾਈ ਤੇ ਗਰਦਨ ਤੇ ਥਾਪੀ ਦਿਤੀ। ਘੋੜਾ ਅੱਗੇ ਵਧਿਆ, ਬਸੰਤ ਸਿੰਘ ਨੇ ਜ਼ੋਰ ਨਾਲ ਜੈਕਾਰਾ ਛਡਿਆ ਤੇ ਜ਼ਬਰਦਸਤ ਖਾਂ ਨੂੰ ਜਾ ਘੇਰਿਆ। ਦੋਹਾਂ ਨੇ ਇਕ ਦੂਜੇ ਦੇ ਦਾਓ ਬਚਾਣ ਲਈ ਢਾਲਾਂ ਫੜੀਆਂ ਤੇ ਵਾਰ ਕਰਨ ਲਈ ਤਲਵਾਰਾਂ ਕਢੀਆਂ, ਬੜੀ ਚੌਕਸਤਾਈ ਨਾਲ ਆਪੋ ਵਿਚ ਇਕ ਦੂਜੇ ਨੂੰ ਵੇਖਯਾ, ਦਾਓ ਤੋਂ ਬਚਣ ਲਈ ਅੱਖਾਂ ਦਾ ਫਰਕਣਾ ਕਠਨ ਹੋ ਗਿਆ। ਡਰ ਸੀ ਕਿ ਇੰਨੇ ਵਿਚ ਹੀ ਦੂਜਾ ਵਾਰ ਨਾ ਕਰ ਜਾਏ, ਕੁਛ ਚਿਰ ਦੇ ਦਾਓ ਪੇਚ ਕਰਨ ਨਾਲ ਜਦ ਕਿਸੇ ਨੇ ਕਾਂਪ ਨਾ ਖਾਧੀ ਤਦ ਅੰਤ ਨੂੰ ਫੈਸਲਾ ਹੋਇਆ ਕਿ ਹਛਾ ਪਹਿਲਾਂ ਤੀਰਾਂ ਦਾ ਜੰਗ ਹੋਵੇ। ਦੋਹਾਂ ਜਵਾਨਾ ਕਮਾਨਾਂ ਸੰਭਾਲੀਆ, ਤੀਰ ਚੜ੍ਹਾਏ ਤੇ ਸਾਉਣ ਦੇ ਮੀਂਹ ਵਾਂਗ ਇਕ ਦੂਜੇ ਤੇ ਵਾਰ ਕਰਨੇ ਸ਼ੁਰੂ ਕੀਤੇ। ਤੀਰ ਸੰਜੋਅ ਪਾੜ ਕੇ ਸਰੀਰ ਵਿੰਨਦੇ ਸੀ, ਸਰੀਰ ਵਿਚ ਫੁਹਾਰੇ ਵਗਣ ਲੱਗੇ। ਬਸੰਤ ਸਿੰਘ ਦਾ ਇੱਕ ਤੀਰ ਖਾਨ ਦੇ ਪਟ ਤੇ ਵਜਾ ਤੇ ਦੂਜੇ ਪਾਸੇ ਨਿਕਲ ਗਿਆ। ਫਟੜ ਜ਼ਬਰਦਸਤ ਖਾਂ ਕ੍ਰੋਧਾਤਰ ਹੋ ਬਸੰਤ ਸਿੰਘ ਜੀ ਵੱਲ ਆਇਆ ਤੇ ਸ਼ੇਰ ਵਾਂਗ ਭਬਕਕੇ ਤਲਵਾਰ ਚਲਾਈ। ਤਲਵਾਰ ਘੋੜੇ ਦੀ ਗਰਦਨ ਤੇ ਵਜੀ, ਘੋੜੇ ਦਾ ਸਿਰ ਧੜ ਤੋਂ ਅੱਡ ਹੋ ਗਿਆ। ਦੂਜੇ ਵਾਰ ਨਾਲ ਬਸੰਤ ਸਿੰਘ ਜੀ ਨੂੰ ਫਟੜ ਕੀਤਾ। ਬਸੰਤ ਸਿੰਘ ਨੇ ਜ਼ਬਰਦਸਤ ਖਾਂ ਦੇ ਸਰੀਰ ਤੇ ਨਜ਼ਰ ਮਾਰੀ। ਸਿਰ ਤੋਂ ਪੈਰਾਂ ਤਕ ਲੋਹੇ ਵਿਚ ਮੜ੍ਹਿਆ ਵੇਖਯਾ, ਖਾਨ ਦੀ ਵਖੀ ਵਿਚ ਇਕ ਟਿਕਾਣਾ ਨਜ਼ਰੀ ਪਿਆ ਜਿਥੇ ਦੀ ਸੰਜੋ ਸਿੰਘ ਦੇ ਤੀਰ ਨਾਲ ਕਟੀ ਹੋਈ ਸੀ। ਨੇਜ਼ਾ ਸੰਭਾਲਿਆ ਤੇ ਕੱਟੀ ਹੋਈ ਸੰਜੋ ਦੀ ਥਾਂਓ ਤੇ ਮਾਰ ਉਹਦੇ ਪੇਟ ਵਿਚ ਧਸਾ ਦਿਤਾ ਤੇ ਜ਼ੋਰ ਨਾਲ ਹਿਲਾ ਖਾਨ ਨੂੰ ਧਰਤੀ ਤੇ ਸੁਟ ਲਿਆ। ਜਿਵੇਂ ਹਾਥੀ ਚਿੰਘਾੜਦਾ ਹੈ ਖਾਨ ਦੀਆ ਚੀਕਾਂ ਨਿਕਲ ਗਈਆਂ। ਬਸੰਤ ਸਿੰਘ ਨੇ ਤਲਵਾਰ ਦੇ ਵਾਰ ਨਾਲ ਜ਼ਬਰਦਸਤ ਖਾਂ ਦਾ ਸਿਰ ਧੜ ਤੋਂ ਅੱਡ ਕਰ ਦਿਤਾ।

ਜ਼ਬਰਦਸਤ ਖਾਂ ਦੀ ਮੌਤ ਵੇਖ ਸਿੰਘਾਂ ਨੇ ਜ਼ੋਰ ਦਾ ਜੈਕਾਰਾ ਛਡਿਆ। ਦੁਰਾਨੀ ਸਿਪਾਹੀ ਆਪਣੇ ਅਫਸਰ ਨੂੰ ਸੰਭਾਲਣ ਲਈ ਅੱਗੇ ਵਧੇ। ਜ਼ਬਰਦਸਤ ਖਾਂ ਨੂੰ ਇੰਜ ਧਰਤੀ ਤੇ ਲੇਟਿਆ ਵੇਖ ਦੁਰਾਨੀ ਦਲ ਵਿਚ ਕੁਹਰਾਮ ਮਚ ਗਿਆ।

☆ ☆ ☆

ਬਾਜ਼ ਸਿੰਘ ਦੀ ਬਹਾਦਰੀ

ਕਲਗੀਧਰ ਜੀ ਤੋਂ ਵਿਦਾ ਹੋ ਬੰਦਾ ਪੰਜਾਬ ਵੱਲ ਚਲਿਆ। ਰਾਹ ਵਿਚ ਉਸਨੂੰ ਦੁਖੀ ਲੋਕਾਂ ਦੀ ਜ਼ਬਾਨੀ ਉਹ ਸਾਰੇ ਅਤਯਾਚਾਰ ਜੇਹੜੇ ਉਨ੍ਹਾਂ 'ਤੇ ਹੋਏ ਸੀ ਸੁਣਨ ਦਾ ਮੌਕਾ ਮਿਲਿਆ। ਹਿੰਦੂਆਂ ਦੀ ਕੇਵਲ ਹਿੰਦੂ ਹੋਣ ਦੇ ਅਪਰਾਧ ਵਿਚ ਲੁੱਟ, ਹਿੰਦੂ ਤੀਵੀਆਂ ਦੀ ਬੇਪਤੀ, ਮੰਦਰਾਂ ਦਾ ਗਿਰਨਾ ਤੇ ਕਤਲਾਮਾਂ ਦੀਆਂ ਵਾਰਤਾ ਸੁਣ ਸੁਣ ਉਹਦੇ ਲੂੰ ਕੰਡੇ ਹੋ ਰਹੇ ਸਨ। ਜਿਉਂ ਜਿਉਂ ਉਹ ਪੰਜਾਬ ਦੇ ਨੇੜੇ ਆਉਂਦਾ ਗਿਆ, ਇਥੋਂ ਦੀ ਦੀਨ ਹੀਨ ਪਰਜਾ ਲਈ ਉਹਦੇ ਦਿਲ ਵਿਚ ਹਮਦਰਦੀ ਵੱਧਦੀ ਗਈ। ਸਰਹੰਦ ਵਿਚ ਕਲਗੀਧਰ ਜੀ ਦੇ ਸਾਹਿਬਜ਼ਾਦਿਆਂ ਪੁਰ ਹੋਏ ਅੱਤਯਾਚਾਰਾਂ ਦਾ ਇਸਦੇ ਦਿਲ 'ਤੇ ਖਾਸ ਅਸਰ ਸੀ। ਛੋਟੇ ਛੋਟੇ ਮਾਸੂਮ ਬਾਲਾਂ ਦਾ ਦੀਵਾਰ ਵਿਚ ਚਿਨਵਾਣਾ ਤੇ ਫਿਰ ਉਨ੍ਹਾਂ ਦੀ ਕਤਲ ਸੁਣ ਕੇ ਉਹਦਾ ਖੂਨ ਉਬਲ ਉਠਦਾ ਸੀ। ਉਹ ਡਾਢਾ ਵਿਆਕੁਲ ਹੋ ਉਸ ਘੜੀ ਦੀ ਉਡੀਕ ਕਰ ਰਿਹਾ ਸੀ ਕਿ ਕਦ ਸਰਹੰਦ ਪੁੱਜੇ ਤੇ ਵਜ਼ੀਰ ਖਾਂ ਜਿਸਨੇ ਇਹ ਨਿਹਾਇਤ ਕਮੀਨਾ ਮਹਾਂ ਉਪੱਦ੍ਰਵ ਕੀਤਾ ਹੈ ਨੂੰ ਦੰਡ ਦੇਵੇ। ਬੰਦੇ ਦੇ ਸਾਥ ਵਾਲੇ ਸਿੰਘ ਉਸਤੋਂ ਵੀ ਵਧੀਕ ਉਤਾਵਲੇ ਸਨ ਤੇ ਪੰਜਾਬ ਦੇ ਆਮ ਸਿੰਘ ਬੰਦੇ ਦੀ ਅਵਾਈ ਸੁਣ ਅੱਡੀਆਂ ਚੁਕ ਚੁਕ ਰਾਹ ਵੇਖ ਰਹੇ ਸਨ।

ਬੰਦਾ ਕਰਨਾਲ ਦੇ ਜ਼ਿਲੇ ਖਰਖੌਂਡੇ ਪੁੱਜਾ। ਸਿੰਘ ਵਹੀਰਾਂ ਪਾ ਕੇ ਉਹਦੇ ਗਿਰਦ

ਜਮਾਂ ਹੋ ਗਏ ਤੇ ਸਰਹੰਦ ਨੂੰਮਾਰਨ ਲਈ ਇਕ ਦੂੱਜੇ ਤੋਂ ਅੱਗੇ ਪੁੱਜਣ ਲਈ ਯਤਨ ਕਰਨ ਲਗੇ। ਮਝੈਲਾਂ ਲਈ ਰਸਤੇ ਰੋਕੇ ਗਏ ਸਨ, ਸੋ ਵਲੇ ਮਾਰ ਕੇ ਕੀਰਤਪੁਰ ਪੁੱਜਕੇ ਫੇਰ ਹੇਠਾਂ ਉਤਰ ਬੰਦੇ ਨੂੰ ਜਾ ਮਿਲੇ। ਆਖ਼ਰ ੧੦ ਮਈ ਨੂੰ ਬੰਦੇ ਨੇ ਖਾਲਸੇ ਦੇ ਦਲਾਂ ਨਾਲ ਸਰਹੰਦ ਵਲ ਚੜ੍ਹਾਈ ਕੀਤੀ। ਵਜ਼ੀਰ ਖਾਂ ਨੇ ਸਰਹੰਦ ਤੋਂ ੧੨ ਮੀਲ ਅੱਗੇ ਆ ਚਪੜ ਚੜੀ ਦੇ ਮੈਦਾਨ ਵਿਚ ਡੇਰਾ ਲਾ ਦਿੱਤਾ। ਜੰਗ ਸ਼ੁਰੂ ਹੋਈ, ਦੋਹਾਂ ਧਿਰਾਂ ਵਲੋਂ ਅੱਗ ਦੀ ਵਰਖਾ ਹੋਣ ਲਗੀ ਤੇ ਸੂਰਮੇ ਗਾਜਰ ਮੂਲੀ ਵਾਂਗ ਕਟੀਣ ਲਗੇ। ਵਜ਼ੀਰ ਖਾਂ ਰਣ ਵਿਚ ਆਪਣੇ ਸਿਪਾਹੀਆਂ ਦੇ ਹੌਂਸਲੇ ਵਧਾ ਲੜਨ ਲਈ ਪਰੇਰ ਰਿਹਾ ਸੀ। ਹਰੀ ਸਿੰਘ ਦੀ ਉਤਕੰਠਾ ਇਹ ਸੀ ਕਿ ਉਹ ਆਪਣੀ ਹੱਥੀਂ ਵਜ਼ੀਰ ਖਾਂ ਤੋਂ ਸਾਹਿਬਜ਼ਾਦਿਆਂ ਦਾ ਬਦਲਾ ਲਏ। ਪਰ ਕੁਦਰਤ ਦਾ ਲੇਖ ਵਜ਼ੀਰ ਖਾਂ ਦਾ ਬਾਜ਼ ਸਿੰਘ ਨਾਲ ਸਾਹਮਣਾ ਹੋ ਗਿਆ। ਬਾਜ਼ ਸਿੰਘ ਉਹ ਸੂਰਮਾ ਸੀ ਜੋ ਦਸਮੇਸ ਜੀ ਨੇ ਬੰਦੇ ਦੇ ਨਾਲ ਥਾਪੇ ਪੰਜ ਸਲਾਹਗੀਰਾਂ ਵਿਚ ਥਾਪਿਆ ਸੀ। ਅਖਾਂ ਚਾਰ ਹੁੰਦਿਆਂ ਵਜ਼ੀਰ ਖਾਂ ਨੇ ਕੰਨੀ ਕਤਰਾਉਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਬਾਜ਼ ਸਿੰਘ ਨੇ ਬਾਜ਼ ਵਾਂਗ ਝਪਟਾ ਮਾਰ ਉਸਨੂੰ ਆ ਘੇਰਿਆ ਤੇ ਲਲਕਾਰ ਕੇ ਕਿਹਾ ਕਿ ਆ ਹੁਣ ਸਾਵਧਾਨ ਹੋ, ਤੇਰੇ ਕਰਮਾਂ ਦਾ ਫਲ ਚਖਾਉਣ ਲਈ ਖਾਲਸਾ ਆ ਪੁੱਜਾ ਹੈ। ਮੀਰ ਮੁਹੰਮਦ ਅਹਸਨ ਈਜਾਦ ਨੇ ਆਪਣੇ ਲਿਖੇ 'ਸ਼ਾਹ ਨਾਮੇ' ਵਿਚ ਲਿਖਿਆ ਹੈ ਵਜ਼ੀਰ ਖਾਂ ਸਾਹਮਣੇ ਆਇਆ। ਓਹਦੇ ਚੋਣਵੇਂ ਸਾਥੀ ਨਾਲ ਸਨ ਵਜ਼ੀਰ ਖਾਂ ਤੇ ਬਾਜ਼ ਸਿੰਘ ਆਪੋ ਵਿੱਚੀ ਜੁਟ ਪਏ। ਵਜ਼ੀਰ ਖਾਂ ਨੇ ਬਾਜ਼ ਸਿੰਘ ਨੂੰ ਬਰਛੀ ਮਾਰੀ, ਬਾਜ਼ ਸਿੰਘ ਨੇ ਬਰਛੀ ਫੜ ਉਹਦੇ ਹਥੋਂ ਖੋਹ ਲਈ ਤੇ ਓਹ ਹੀ ਬਰਛੀ ਵਜ਼ੀਰ ਖਾਂ ਦੇ ਘੋੜੇ ਦੇ ਮਥੇ ਵਿਚ ਮਾਰੀ। ਵਾਰ ਖਾਲੀ ਜਾਂਦਾ ਵੇਖ ਵਜ਼ੀਰ ਖਾਂ ਨੇ ਕਮਾਨ ਸੰਭਾਲੀ। ਤੀਰ ਸੇਧਿਆ ਤੇ ਸ਼ਿਸਤ ਬੰਨ੍ਹਕੇ ਬਾਜ਼ ਸਿੰਘ ਤੇ ਤੀਰ ਛਡਿਆ, ਫੇਰ ਫੁਰਤੀ ਨਾਲ ਤਲਵਾਰ ਬਾਂਹ ਕਟਣ ਲਈ ਉਠਾਈ। ਅਨਕ੍ਰੀਬ ਸੀ ਕਿ ਬਾਜ਼ ਸਿੰਘ ਨੂੰ ਕਾਰੀ ਸੱਟ ਵਜੇ ਪਰ ਪਾਸ ਫਤਹ ਸਿੰਘ ਸੀ, ਉਸ ਨੇ ਏਹ ਫੁਰਤੀ ਤੱਕ ਕੇ ਅਪਨੀ ਤਲਵਾਰ ਦਾ ਤੋਲਵਾਂ ਵਾਰ ਕੀਤਾ। ਤਲਵਾਰ ਵਜ਼ੀਰ ਖਾਂ ਦੇ ਮੋਢੇ 'ਤੇ ਵਜੀ ਤੇ ਉਸਦੇ ਦੋ ਟੁਕੜੇ ਕਰਦੀ ਕਮਰ ਤਕ ਪੁਜ ਗਈ। ਵਜ਼ੀਰ ਖਾਂ ਤੇ ਉਹਦਾ ਘੋੜਾ ਜ਼ਮੀਨ ਤੇ ਜਾ ਪਏ। ਇੰਜ ਓਸ ਮਹਾਂ ਪਾਪੀ ਵਜ਼ੀਰ ਖਾਂ ਦਾ ਅੰਤ ਹੋਇਆ। ਜਿਸ ਨੇ ਰਾਜ ਮਦ ਵਿਚ ਆਕੇ ਦੋ ਬੇਗੁਨਾਹ ਤੇ ਮਾਸੂਮ ਬਾਲਾਂ ਦੇ ਖੂਨ ਨਾਲ ਦੁਨਯਾਂ ਵਿਚ ਲਅਨਤ ਦਾ ਤੌਕ ਆਪਣੇ ਗਲੇ ਪਵਾਇਆ ਤੇ ਆਪਣੀ ਆਕਬਤ ਵਿਗਾੜੀ ਸੀ। ਸਚ ਕਿਹਾ ਹੈ ਕਿ:– ਦੀਦੀ ਕਿ

ਖ਼ੂਨੇ ਨਾਹਕੇ ਪ੍ਰਵਾਨਾ ਸ਼ਮਅ ਰਾ, ਚੰਦ ਅਮਾਂ ਨਾ ਦਾਦ ਕਿ ਸ਼ਬ ਰਾ ਸਹਰ ਕੁਨਦ।

ਅਰਥ–ਤੂੰ ਵੇਖਿਆ ਕਿ ਬੇਗੁਨਾਹ ਪ੍ਰਵਾਨੇ ਦੇ ਖ਼ੂਨ ਨੇ ਸ਼ਮਅ ਨੂੰ ਇੰਨਾਂ ਮੌਕਾ ਵੀ ਨਾ ਦਿੱਤਾ ਕਿ ਰਾਤ ਤੋਂ ਦਿਨ ਹੋਵੇ। ਭਾਵ ਪ੍ਰਵਾਨਿਆਂ ਨੂੰ ਫੂਕਣ ਵਾਲੀ ਸ਼ਮ੍ਹਅ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਹੀ ਲੋਕਾਂ ਨੇ ਬੁਝਾ ਦਿੱਤੀ।

☆ ☆ ☆

ਰਾਜ ਪਿਆਰੇ ਰਾਜਿਆਂ

ਲਾਹੌਰ ਦਾ ਹਾਕਮ 'ਖਾਨ ਬਹਾਦਰ' ਮਰ ਗਿਆ। ਇਸਦੇ ਦੋ ਲੜਕੇ ਸਨ। ਇਕ ਦਾ ਨਾਮ ਯਹਯਾ ਖਾਂ ਤੇ ਦੂਜੇ ਦਾ ਸ਼ਾਹ ਨਿਵਾਜ਼ ਖਾਂ ਸੀ। ਇੱਕ ਨੂੰ ਮੁਲਤਾਨ ਦੀ ਸੂਬੇਦਾਰੀ ਮਿਲੀ ਤੇ ਦੂਜੇ ਨੂੰ ਲਾਹੌਰ ਦੀ। ਜੇ ਇਹ ਚਾਹੁੰਦੇ ਤਾਂ ਅਮਨ ਤੇ ਸ਼ਾਂਤੀ ਨਾਲ ਆਪਣੇ ਇਲਾਕਿਆਂ ਵਿਚ ਆਰਾਮ ਨਾਲ ਜ਼ਿੰਦਗੀ ਬਤੀਤ ਕਰ ਸਕਦੇ ਸਨ, ਪਰ 'ਹਿਰਸ' ਬੁਰੀ ਬਲਾ ਹੈ, ਤੇ ਇਹ ਆਦਮੀ ਨੂੰ ਉਥੇ ਮਾਰਦੀ ਹੈ ਜਿਥੇ ਇਹਦਾ ਕੋਈ ਵਾਹਰੂ ਨਾ ਹੋਵੇ।

ਜਿਵੇਂ ਦੋ ਤਲਵਾਰਾਂ ਦਾ ਇਕ ਮਿਆਨ ਵਿਚ ਰਹਿਣਾ ਅਸੰਭਵ ਹੈ ਉਸੇ ਤਰ੍ਹਾਂ ਲਾਲਚ ਤੇ ਪਿਆਰ ਦੋ ਚੀਜ਼ਾਂ ਇਕ ਥਾਂ ਤੇ ਨਹੀਂ ਟਿਕ ਸਕਦੀਆਂ। ਸ਼ਾਹ ਨਿਵਾਜ਼ ਤੇ ਯਹਯਾ ਖਾਂ ਦੋਨੋਂ ਭਰਾ ਇੱਕ ਦੂਜੇ ਦੇ ਇਲਾਕੇ ਨੂੰ ਲਲਚਾਈਆਂ ਅਖਾਂ ਨਾਲ ਵੇਖਣ ਲਗੇ। ਦਿਨ ਬਦਿਨ ਖਿਚਾ ਖਿਚੀ ਵੱਧਦੀ ਗਈ ਤੇ ਅਜੇ ਖਾਨ ਬਹਾਦਰ ਨੂੰ ਅਖਾਂ ਮੀਟਿਆਂ ਕੋਈ ਬਹੁਤਾ ਚਿਰ ਨਹੀਂ ਹੋਇਆ ਸੀ ਕਿ ਇਨ੍ਹਾਂ ਦੀ ਆਪੋ ਵਿਚ ਠਣ ਗਈ। ਸਿਰਾਂ ਧੜਾਂ ਦੇ ਵੈਰ ਪੈ ਗਏ। ਪੰਜਾਬੀ ਵਿਚ ਅਖਾਉਤ ਹੈ ਕਿ :–

ਰਾਜ ਪਿਆਰੇ ਰਾਜਿਆਂ, ਵੀਰ ਦੁਪਰਿਆਰੇ।

ਇਹ ਹੀ ਗਲ ਬਣੀ। ਤਲਵਾਰਾਂ ਮਿਆਨ ਵਿਚੋਂ ਉਛਲ ਪਈਆਂ। ਲਾਹੌਰ ਦਾ

ਯਹਯਾ ਖਾਂ ਤੇ ਮੁਲਤਾਨ ਦਾ ਸ਼ਾਹ ਨਿਵਾਜ਼ ਆਪੋ ਵਿਚ ਟੱਕਰ ਪਏ। ਸ਼ਾਹ ਨਿਵਾਜ਼ ਖਾਂ ਨੇ ਯਹਯਾ ਖਾਂ ਨੂੰ ਫੜ ਲਿਆ ਤੇ ਸ਼ਾਹ ਨਿਵਾਜ਼ ਖਾਂ ਦੀ ਹਰ ਪਾਸੇ ਤੂਤੀ ਬੋਲਣ ਲਗੀ।

ਸਿਖਾਂ ਦੇ ਭਾ ਦੀ ਖਿਪਤਾ ਤਾਂ ਖਾਨ ਬਹਾਦਰ ਨੇ ਹੀ ਬਿਥੇਰੀ ਆਂਦੀ ਹੋਈ ਸੀ। ਫਿਰ ਯਹਯਾ ਖਾਂ ਨੇ ਘਟ ਨਹੀਂ ਸੀ ਗੁਜ਼ਾਰੀ। ਕਾਹਨੂ ਵਾਨ, ਪੜੋੜ,ਕਠੂਹੇ ਦਾ ਘਲੂਘਾਰਾ ਇਸੇ ਦੇ ਸਮੇ ੧੮੦੩ ਸੰਮਤ ਵਿਚ ਹੋਇਆ ਸੀ। ਸਿਖਾਂ ਦੇ ਫੜਨ ਤੇ ਮਾਰਨ ਲਈ ਗਸ਼ਤੀ ਫੌਜਾਂ ਫਿਰਨ ਲਗੀਆਂ , ਪਿੰਡ ਪਿੰਡ ਚੌਂਕੀਆਂ ਬੈਠਾ ਦਿੱਤੀਆਂ, ਸਿੱਖਾਂ ਦੇ ਸਿਰਾਂ ਦੇ ਇਨਾਮ ਨੀਯਤ ਹੋ ਗਏ। ਸਿਖਾਂ ਦਾ ਕੋਈ ਘਰ ਘਾਟ ਨਹੀਂ ਸੀ ਰਿਹਾ। ਪਰ ਜੇ ਕਿਹਾ ਜਾਏ ਕਿ ਆਖਰ ਸਿਖਾਂ ਦਾ ਕੋਈ ਤਾਂ ਟਿਕਾਣਾ ਹੋਵੇਗਾ ਤਾਂ ਅਸੀ ਇਹ ਹੀ ਕਹਾਂਗੇ ਕਿ :

ਜਿਸ ਵੇਲੇ ਨਾਦਰ ਸ਼ਾਹ ਨੂੰ ਦਿੱਲੀ ਦੀ ਲੁਟ ਨਾਲ ਮਾਲਾ ਮਾਲ ਹੋ ਵਾਪਸ ਜਾਂਦਿਆਂ ਸਿਖਾਂ ਨੇ ਲੁਟ ਲਿਆ ਤਦ ਉਸ ਨੇ ਗੁਸੇ ਵਿਚ ਹੋ ਲਾਹੌਰ ਦੇ ਨਵਾਬ ਤੋਂ ਸਿਖਾਂ ਦਾ ਟਿਕਾਣਾ ਪੁਛਿਆ। ਜਨਰਲ ਗਾਰਡਨ ਲਿਖਦਾ ਹੈ ਕਿ ਇਸ ਪ੍ਰਸ਼ਨ ਦਾ ਉਤਰ ਉਸ ਨੂੰ ਇਹ ਦਿਤਾ ਗਿਆ ਸੀ ਕਿ–

''ਇਨ੍ਹਾਂ ਦੇ ਘਰ ਇਨ੍ਹਾਂ ਦੇ ਘੋੜਿਆਂ ਦੇ ਉਪਰ ਦੀਆਂ ਕਾਠੀਆਂ ਹਨ'' ☆

ਜਿਥੇ ਸ਼ਾਹੀ ਫੌਜ ਦਾ ਜ਼ੋਰ ਹੁੰਦਾ ਉਥੇ ਸਿੱਖ ਅੱਗੇ ਤੇ ਸ਼ਾਹੀ ਫੌਜ ਇਨਾਂ ਦੇ ਪਿਛੇ ਪਿਛੇ ਲਗੀ ਫ਼ਿਰਦੀ ਤੇ ਜਦ ਸਿੱਖ ਜ਼ੋਰ ਫੜਦੇ ਤਦ ਸ਼ਾਹੀ ਫੌਜ ਅੱਗੇ ਅੱਗੇ ਸਿਰ ਲੁਕਾਉਣ ਲਈ ਨੱਠੀ ਜਾਂਦੀ ਸੀ ਤੇ ਸਿੱਖ ਉਨਾਂ ਦੇ ਪਿਛੇ ਪਿਛੇ ਮਾਰਦੇ ਕੁਟਦੇ ਵਧਦੇ ਚਲੇ ਆਉਂਦੇ ਸਨ। ਸਿੱਖਾਂ ਦੇ ਇਸ ਤਰ੍ਹਾਂ ਦੇ ਜੰਗਾਂ ਦੇ ਢੰਗਾਂ ਦਾ ਵਰਨਨ ਇੱਕ ਯੂਰਪੀ ਇਤਿਹਾਸਕਾਰ ਨੇ ਇਸ ਪਰਕਾਰ ਕੀਤਾ ਹੈ:

''ਸਿਖਾਂ ਦੇ ਸ਼ਸਤਰ ਇੱਕ ਭਾਲਾ, ਇੱਕ ਬੰਦੂਕ ਤੇ ਇੱਕ ਤਲਵਾਰ ਹੈ। ਇਨਾਂ ਦੇ ਲੜਾਈ ਕਰਨ ਦੀ ਵਿਧੀ ਵਿਦਤ ਹੈ। ਅਸ਼ਨਾਨ ਪ੍ਰਾਰਥਨਾ ਆਦਿਕ ਆਪਣੇ ਜ਼ਰੂਰੀ ਧਾਰਮਕ ਫਰਜ਼ਾਂ ਨੂੰ (ਭਾਵ ਨਿਤਨੇਮ ਤੋਂ ਹੈ, ਐਡੀਟਰ) ਪੂਰਾ ਕਰਕੇ ਇੱਕ ਵਚਿੱਤ੍ਰ ਸਾਵਧਾਨੀ ਨਾਲ ਕੇਸਾਂ ਤੇ ਦਾੜੇ ਨੂੰ ਕੰਘਾ ਕਰਦੇ ਹਨ, ਫਿਰ ਅਪਣੇ ਅਪਣੇ ਘੋੜਿਆਂ ਤੇ ਸਵਾਰ ਹੋ ਉਹ ਸ਼ਤਰੂ ਵਲ ਜਾਂਦੇ ਹਨ, ਕਦੇ ਅੱਗੇ ਵੱਧਦੇ ਹਨ ਕਦੇ ਪਿੱਛੇ ਹਟਦੇ ਹਨ

---

* There Homes are the saddles on their Horse's backs. General, Sir John J.H. Gordon.

ਉਨ੍ਹਾਂ ਦੇ ਨਾਲ ਲਗਾਤਾਰ ਯੁੱਧ ਕਰਦੇ ਰਹਿੰਦੇ ਹਨ। ਐਥੋਂ ਤਕ ਕਿ ਘੋੜਾ ਤੇ ਸਵਾਰ ਦੋਨੋਂ ਇਕੋ ਜਹੇ ਥਕ ਜਾਂਦੇ ਹਨ, ਫਿਰ ਸ਼ੱਤਰੂ ਥੋਂ ਕੁਛ ਦੂਰ ਨਿਕਲ ਜਾਂਦੇ ਹਨ, ਅਤੇ ਖੇਤਾਂ ਵਿਚ ਘੋੜੇ ਨੂੰ ਚਰਨ ਲਈ ਛੱਡ ਦਿੰਦੇ ਹਨ ਤੇ ਆਪਣੇ ਵਾਸਤੇ ਕੁਛ ਦਾਣੇ ਭੁੰਨ ਲੈਂਦੇ ਹਨ, ਤੇ ਉਸ ਥੋੜੇ ਜਹੇ ਅਹਾਰ ਨਾਲ ਜਿੰਨੀ ਹੋ ਸਕਦੀ ਆਪਣੀ ਉਦਰ ਪੂਰਨਾ ਕਰਕੇ ਸ਼ਾਂਤੀ ਕਰਦੇ, ਜੇ ਵੈਰੀ ਨੇੜੇ ਹੁੰਦਾ ਤਾਂ ਫਿਰ ਜੰਗ ਸ਼ੁਰੂ ਕਰ ਦੇਂਦੇ ਹਨ''। ''ਅਤੇ ਜੇ ਕਦੀ ਵੈਰੀ ਪਿਛੇ ਹਟ ਗਿਆ ਹੋਵੇ ਤਾਂ ਇਹ ਆਪਣੇ ਪਸ਼ੂ ਨੂੰ ਚਾਰਾ ਆਦਿਕ ਦੇਂਦੇ ਹਨ ਤੇ ਆਪਣੇ ਵਾਸਤੇ ਕੁਛ ਭੋਜਨ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ। ਸ਼ਤ੍ਰੂ ਦੇ ਦੇਸ਼ ਵਿਚ ਰਹਿੰਦੇ ਹੋਏ ਇਹ ਕਦੇ ਡੇਰਿਆ ਦਾ ਸੁੱਖ ਨਹੀਂ ਭੋਗਦੇ। ਇਸ ਕਰਕੇ ਇੱਕ ਸਿੱਖ ਦੀ ਰੋਟੀ ਕਦੀ ਵੀ ਸਵਾਦੀ ਨਹੀਂ ਕਹੀ ਜਾ ਸਕਦੀ। ਇਹ ਪ੍ਰਿਥਵੀ ਤੇ ਬੈਠੇ ਹੋਏ ਹੁੰਦੇ ਹਨ, ਇਨ੍ਹਾਂ ਦੇ ਸਾਹਮਣੇ ਇਕ ਚਿਟਾਈ ਪਈ ਹੁੰਦੀ ਹੈ ਤੇ ਇਕ ਬ੍ਰਾਹਮਣ ਜੋ ਇਸ ਕੰਮ ਲਈ ਨੀਯਤ ਹੁੰਦਾ ਹੈ ਸਾਰਿਆਂ ਦੇ ਅੱਗੇ ਥੋੜਾ ਥੋੜਾ ਪ੍ਰਸ਼ਾਦ ਰਖ ਦੇਂਦਾ ਹੈ। ਤੇ ਆਟੇ ਦੀਆਂ ਰੋਟੀਆਂ ਜਿਨ੍ਹਾਂ ਨੂੰ ਕਿ ਇਹ ਖਾਂਦੇ ਹਨ ਰਕਾਬੀਆਂ ਦਾ ਕੰਮ ਦੇਂਦੀਆਂ ਹਨ। ਬਾਲਪਨ ਤੋਂ ਪ੍ਰੀਸ਼ਰਮੀ ਹੋਣ ਕਰਕੇ ਸਿੱਖ ਡੇਰਿਆਂ ਦੇ ਸੁਖ ਤੋਂ ਘ੍ਰਿਣਾਂ ਕਰਦੇ ਹਨ, ਡੇਰੇ ਵਿਚ ਹਰ ਸਿੱਖ ਸਿਪਾਹੀ ਨੂੰ ਦੋ ਕੰਬਲ ਮਿਲਦੇ ਹਨ, ਇਕ ਆਪਣੇ ਵਾਸਤੇ ਤੇ ਦੂਜਾ ਘੋੜੇ ਵਾਸਤੇ। ਇਹ ਕੰਬਲ ਕਾਠੀ ਹੇਠ ਰਖੇ ਹੋਏ ਹੁੰਦੇ ਹਨ। ਇਕ ਦਾਣਿਆਂ ਦਾ ਬੋਰਾ ਤੇ ਇਕ ਰਸੀ ਹਰ ਇਕ ਸਿੱਖ ਦੇ ਪਾਸ ਇਹ ਕੁਲ ਮਿਲਾਕੇ ਯੁੱਧ ਦੇ ਸਮੇਂ ਸਿਖਾਂ ਦਾ ਇਨਾਂ ਕੁ ਹੀ ਅਸਬਾਬ ਹੁੰਦਾ ਹੈ। ਇਨਾਂ ਦੇ ਰੋਟੀ ਪਾਣੀ ਤੇ ਬਰਤਨ ਟਟੂ ਉਤੇ ਲਦੇ ਹੋਏ ਹੁੰਦੇ ਹਨ।''

ਹਾਂ ਯਹਯਾ ਖਾਂ ਸਿੱਖਾਂ ਦਾ ਵੈਰੀ ਸੀ। ਇਸਦੇ ਪਾਸ ਲਖਪਤ ਰਾਇ ਤੇ ਜਸਪਤ ਰਾਇ ਨਾਮ ਦੇ ਦੋ ਭਰਾ ਕਲਾਨੌਰ ਦੇ ਵਸਨੀਕ ਸਨ। ਇਹ ਜਾਤ ਦੇ ਖੱਤਰੀ ਸਨ। ਇਹ ਜਾਣਦੇ ਸਨ ਸਿੱਖ ਹਿੰਦੂ ਜਾਤੀ ਦੀ ਰਖਿਆ ਲਈ ਵੈਰੀ ਦੀ ਕ੍ਰੋਧਾਗਨੀ ਦੀ ਅਹੂਤੀ ਬਣ ਰਹੇ ਹਨ, ਇਹ ਜਾਣਦੇ ਸਨ ਕਿ ਸਿੱਖ ਦੂਜਿਆਂ ਲਈ ਉਜੜ ਰਹੇ ਹਨ, ਇਨਾਂ ਨੂੰ ਪਤਾ ਸੀ ਕਿ ਇਹ ਪਰਉਪਕਾਰ ਲਈ ਘਰੋਂ ਬੇਘਰ ਹੋਏ ਫਿਰਦੇ ਹਨ, ਇਨਾਂ ਨੂੰ ਮਲੂਮ ਸੀ ਕਿ ਇਹ ਦੀਨਾਂ ਤੇ ਨਾਥਾਂ ਲਈ ਅਪਣੇ ਸੁਖ ਤੇ ਅਰਾਮ ਕੁਰਬਾਨ ਕਰ ਰਹੇ ਹਨ। ਪਰ ਇਹ ਸਭ ਕੁਛ ਜਾਣਦਿਆਂ ਵੀ ਸਿੱਖਾਂ ਦੇ ਵੈਰੀ ਸਨ, ਸਿੱਖਾਂ ਨੂੰ ਇਹ ਵੇਖਣਾ ਨਹੀਂ ਚਾਹੁੰਦੇ ਸਨ, ਸਿੱਖਾਂ ਦੀ ਹੋਂਦ ਇਨ੍ਹਾਂ ਨੂੰ ਚੁਭਦੀ ਸੀ, ਤੇ ਸਿੱਖ ਦਾ ਨਾਮ ਸੁਣਕੇ ਇਨਾਂ ਦੇ ਤਨ ਬਦਨ ਨੂੰ ਇੱਕ ਤਰਾਂ ਦੀ ਅਗਨੀ ਲਗ ਜਾਂਦੀ ਸੀ। ਸਿੱਖਾਂ ਨੂੰ ਦੁੱਖ ਦੇ ਕੇ ਯਹਯਾ ਖਾਂ

ਨੂੰ ਖੁਸ਼ ਕਰਨਾ ਤਾਂ ਇਨ੍ਹਾਂ ਦਾ ਪ੍ਰਯੋਜਨ ਸੀ ਹੀ, ਇਹ ਸਿੱਖਾਂ ਨਾਲ ਰੱਬ ਵਾਸਤੇ ਦਾ ਵੈਰ ਬਣਾਈ ਬੈਠੇ ਸਨ।

ਖਾਨ ਬਹਾਦਰ ਦੇ ਸਮੇਂ ਦੁਆਬਾ ਇਕ ਭਾਰਾ ਸੂਬਾ ਸੀ। ਜਸਪਤ ਰਾਏ ਨੂੰ ਇਥੋਂ ਹਟਾਕੇ ਐਮਨਾਬਾਦ ਦੇ ਛੋਟੇ ਜਹੇ ਇਲਾਕੇ ਤੇ ਨੀਯਤ ਕੀਤਾ ਗਿਆ ਤੇ ਜਾਲੰਧਰ ਅਦੀਨਾ ਬੇਗ ਨੂੰ ਦਿਤਾ ਗਿਆ। ਇਸ ਗਲ ਤੋਂ ਜਸਪਤ ਨੂੰ ਦੁਖ ਹੋਇਆ। ਖਾਨ ਬਹਾਦਰ ਦੇ ਮਰਨ ਮਗਰੋਂ ਉਹਦੀ ਥਾਂ ਯਹਯਾ ਖਾਨ ਬੈਠਾ ਸੀ। ਇਸਨੂੰ ਖੁਸ਼ ਕਰਨ ਦਾ ਇਕੋ ਢੰਗ ਸੀ ਕਿ ਸਿੱਖਾਂ ਨੂੰ ਕਸ਼ਟ ਦਿਤੇ ਜਾਣ, ਇਹ ਵਿਚਾਰ ਕੇ ਜਸਪਤ ਰਾਏ ਸਿਖਾਂ ਦੇ ਫੜਾਨ ਤੇ ਮਰਵਾਣ ਵਿਚ ਖਾਸ ਹਿੱਸਾ ਲੈਣ ਲਗਾ। ਇਸਨੂੰ ਖਬਰ ਹੋਈ ਕਿ ਕੁਛ ਸਿੰਘ ਰਾਵੀ ਦੇ ਬੇਲੇ ਵਿਚ ਹਨ। ਜਸਪਤ ਰਾਏ ਇਨ੍ਹਾਂ ਝੱਲਾਂ ਵਿਚੋਂ ਸਿੰਘਾਂ ਨੂੰ ਕਢਦਾ ਤੇ ਲੜਦਾ ਭਿੜਦਾ ਬੱਦੋ ਮਲੀ ਦੇ ਲਾਗੇ ਪੁਜਾ ਤੇ ਖੁਖਰਾਣੇ ਪਿੰਡ ਆ ਡੇਰਾ ਕੀਤਾ।

ਐਮਨਾਬਾਦ ਗੁਜਰਾਂ ਵਾਲੇ ਦੇ ਜ਼ਿਲੇ ਵਿਚ ਇਕ ਪ੍ਰਸਿੱਧ ਅਸਥਾਨ ਹੈ। ਇਹ ਉਹ ਪਵਿੱਤ੍ਰ ਭੂਮੀ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ, ਰੋੜਾਂ ਦੀ ਵਿਛਾਈ ਕਰ ਕੇ ਕਰੜੀ ਘਾਲਨਾ ਘਾਲੀ। ਭਾਈ ਲਾਲੋ ਪ੍ਰਸਿੱਧ ਗੁਰਸਿਖ ਇਥੇ ਹੀ ਦਾ ਰਹਿਣ ਵਾਲਾ ਸੀ, ਤੇ ਮਲਕ ਭਾਗੋ ਦੇ ਬ੍ਰਹਮ ਭੋਜ ਵਿਚੋਂ ਖੂਨ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁਧ ਦੀ ਧਾਰਾ ਵਿਖਾ ਧਰਮ ਦੀ ਕ੍ਰਿਤ ਵਿਰਤ ਕਰਨ ਦੀ ਮਹਾਨਤਾ ਸਤਿਗੁਰੂ ਜੀ ਨੇ ਇਥੇ ਹੀ ਦਸੀ ਸੀ। ੨੦੦੦ ਸਿੰਘਾਂ ਦਾ ਇਕ ਜਥਾ ਫਿਰਦਾ ਟੁਰਦਾ ਇਥੇ ਆ ਗਿਆ। ☆

ਸਿੰਘਾਂ ਨੇ ਜਸਪਤ ਰਾਏ ਨੂੰ ਚਿਠੀ ਲਿਖੀ ਕਿ ਤੂੰ ਹਿੰਦੂ ਹੈਂ, ਤੇਰਾ ਤੇ ਸਾਡਾ ਕੋਈ ਵੈਰ ਨਹੀਂ, ਸਾਡਾ ਜੰਗ ਜ਼ਾਲਮ ਤੁਰਕਾਂ ਨਾਲ ਹੈ। ਅਸਾਂ ਪ੍ਰਸ਼ਾਦ ਛਕਣਾ ਹੈ, ਮੁਲ ਲੈ ਕੇ ਆਪਣੇ ਪਿੰਡੋਂ ਰਸਦ ਮੰਗਾ ਦਿਓ।

ਜਸਪਤ ਇਹ ਚਿੱਠੀ ਪੜ੍ਹਕੇ ਮੜ ਬਲ ਕੋਲਾ ਹੋ ਗਿਆ। ਰੋਟੀ ਦਾ ਸਾਮਾਨ ਕੀ ਦੇਣਾ ਸੀ ਗੋਲੀ ਬੰਦੂਕ ਲੈਕੇ ਉੱਠ ਤੁਰਿਆ ਤੇ ਵਾਹੋ ਦਾਹੀ ਤੀਰਥ ਯਾਤਰਾ ਲ਼ਛ਼ੀ ਬੈਠੇ ਸਿੰਘਾਂ ਤੇ ਅੱਗ ਵਰਸਾਉਣੀ ਸ਼ੁਰੂ ਕਰ ਦਿੱਤੀ। ਸਿੰਘਾਂ ਨੇ ਇਸਨੂੰ ਬੜਾ ਸਮਝਾਇਆ ਬੁਝਾਇਆ ਪਰ ਇਸ ਨੇ ਇਕ ਨਾ ਮੰਨੀ, ਇਹਦੇ ਦਿਲ ਇਕ ਨਾ ਲਗੀ ਤੇ ਇਸ ਨੇ ਇਕ

---

* ਸੰਮਤ ੧੮੦੪ ਦੀ ਇਹ ਵਾਰਤਾ ਹੈ। – ਲੇਖਕ

ਨਾ ਮੰਨੀ।

ਜਸਪਤ ਰਾਏ ਨੇ ਕਿਹਾ, ਤੁਸੀਂ ਨਥ ਘੜਾਣਾ ਲੋੜਦੇ ਹੋ ਮੈਂ ਨਕ ਕਪਣਾ ਚਾਹੁੰਦਾ ਹਾਂ। ਤੁਹਾਨੂੰ ਜੰਗਲਾਂ ਵਿਚੋਂ ਮੌਤ ਘੇਰ ਕੇ ਇਥੇ ਲਿਆਈ ਹੈ। ਜਿਵੇਂ ਭਾਈ ਮਨੀ ਸਿੰਘ ਦੇ ਬੰਦ ਬੰਦ ਕਟਵਾਏ ਗਏ ਹਨ ਤੇ ਅਨੇਕਾਂ ਸਿੰਘ ਕਤਲ ਕਰਵਾਏ ਹਨ ਤੁਹਾਡੇ ਨਾਲ ਮੈਂ ਵੀ ਉਹ ਹੀ ਸਲੂਕ ਕਰਾਂਗਾ।

ਸਿਖਾਂ ਕਿਹਾ ਸਾਡੇ ਦਲ ਨੂੰ ਕਾਫ਼ੀ ਦਿਨਾਂ ਤੋਂ ਖਾਣ ਨੂੰ ਕੁਛ ਨਹੀਂ ਮਿਲਿਆ। ਖਾਲਸੇ ਦੇ ਲੰਗਰ ਮਸਤਾਨੇ ਰਹੇ ਹਨ। ਇਸ ਪਿੰਡ ਵਿਚੋਂ ਅਸੀਂ ਖਾਣ ਦੀਆਂ ਚੀਜ਼ਾਂ ਖਰੀਦਕੇ ਲੰਗਰ ਤਯਾਰ ਕਰਨਾ ਚਾਹੁੰਦੇ ਹਾਂ। ਲੋੜੀਂਦੀ ਰਸਦ ਮੰਗਾ ਦੇਵੋ ਤੇ ਕੀਮਤ ਸਾਥੋਂ ਲੈ ਲਵੋ।☆

ਸਤਿਗੁਰ ਜੀ ਨੇ ਫੁਰਮਾਇਆ ਹੈ ਕਿ :

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਅਰਥ– ਜਦੋਂ ਕੰਮ ਸਾਰਿਆਂ ਹੀਲਿਆਂ ਤੋਂ ਗੁਜ਼ਰ ਜਾਏ ਤਦ ਤਲਵਾਰ ਦਾ ਹਥ ਵਿਚ ਫੜਨਾ ਵਾਜਬ ਹੋ ਜਾਂਦਾ ਹੈ। ਜਸਪਤ ਵਲੋਂ ਹਮਲਾ ਹੋਣ ਤੇ ਸਿੰਘਾਂ ਵੀ ਸ਼ਸਤਰ ਫੜ ਲਏ। ਯੋਧੇ ਇਕ ਦੂਜੇ ਨਾਲ ਜੁਟ ਪਏ, ਭਾਲੇ ਤੀਰ ਤੇ ਬੰਦੂਕਾਂ ਆਪੋ ਆਪਣਾ ਕੰਮ ਕਰਨ ਲਗੀਆਂ, ਲੋਹੇ ਤੇ ਲੋਹਾ ਖੜਕਣ ਲਗਾ। ਚਾਰੇ ਪਾਸੇ ਸੂਰਮਿਆਂ ਦੇ ਗਗਨ ਭੇਦੀ ਨਅਰੇ, ਫਟੜਾਂ ਦੀ ਹਾਹਾਕਾਰ, ਮਰਨ ਵਾਲਿਆਂ ਦੀ ਕੁਰਲਾਟ, ਤੇ ਹਥਯਾਰਾਂ 'ਤੇ ਹਥਯਾਰ ਵੱਜਣ ਦੀ ਛਣਕਾਰ ਨਾਲ ਕੰਨਾਂ ਦੇ ਪਰਦੇ ਪਾਟਦੇ ਤੇ ਸੂਰਮਿਆਂ ਦੇ ਦਿਲ ਬਹਿ ਬਹਿ ਜਾਂਦੇ ਸਨ। ਖ਼ੂਨ ਦੇ ਨਾਲ ਰੰਗੀ ਹੋਈ ਧਰਤੀ, ਉਸ ਵਿਚ ਕੱਟੇ ਹੋਏ ਹੱਥ, ਵਢੀਆਂ ਲਤਾਂ, ਫਟੜ ਸਰੀਰ ਤੇ ਧੜ ਤੋਂ ਅਡ ਹੋਏ ਸਿਰ ਸਾਹਮਣੇ ਪਏ ਕਿਆਮਤ ਦਾ ਨਕਸ਼ਾ ਵਿਖਾਉਂਦੇ ਸਨ। ਦੀਵਾਨ ਜਸਪਤ ਰਾਏ ਹਾਥੀ ਦੀ ਪਿੱਠ ਤੇ ਸਵਾਰ ਆਪਣੀ ਸੈਨਾ ਦੇ ਹੌਸਲੇ ਵਧਾਉਂਦਾ ਆ ਰਿਹਾ ਸੀ। ਨਿਬਾਹੂ ਸਿੰਘ ਨੇ ਹਾਥੀ ਦੇ ਪਿਛੇ ਹੋ ਪੂਛ ਫੜੀ ਤੇ ਛਾਲ ਮਾਰ ਪਿੱਠ ਤੇ ਜਾ ਬੈਠਾ, ਜਸਪਤ ਰਾਏ ਨੂੰ ਲਲਕਾਰਿਆ ਤੇ ਤਲਵਾਰ ਨਾਲ ਤਰਬੂਜ਼ ਵਾਂਗ ਉਹਦੀ ਗਰਦਨ ਕਟ ਦਿੱਤੀ, ਸਿਰ ਹੱਥ ਵਿਚ ਫੜ ਲਿਆ ਤੇ ਹਾਥੀ

---

* ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ। – ਲੇਖਕ

ਤੋਂ ਛਾਲ ਮਾਰ ਉਤਰ ਆਇਆ। ਜਸਪਤ ਦੇ ਮਰਦੇ ਹੀ ਮੁਗ਼ਲ ਸੈਨਾਂ ਦੇ ਪੈਰ ਉੱਖੜ ਗਏ, ਤੇ ਮੈਦਾਨ ਸਿੱਖਾਂ ਦੇ ਹਥ ਰਿਹਾ।

ਬੱਦੋ ਕੀ ਗੁਸਾਈਆਂ ਪਿੰਡ ਦਾ ਇਕ ਗੁਸਾਈ ਕਿਰਪਾ ਰਾਮ ਜੋ ਜਸਪਤ ਦਾ ਗੁਰੂ ਸੀ ਸਿੰਘਾਂ ਦੇ ਪਾਸ ਆਇਆ ਤੇ ਬੇਨਤੀ ਕੀਤੀ ਕਿ ਜਸਪਤ ਰਾਏ ਦਾ ਸਿਰ ਅੰਤੇਸਠੀ ਸਸਕਾਰ ਲਈ ਦਿੱਤਾ ਜਾਏ ਜੋ ਦੇ ਦਿਤਾ ਗਿਆ। ਇਹ ਮਾਰਕਾ ਬੀ ਏਸੇ ਪਿੰਡ ਦੇ ਲਾਗੇ ਹੋਇਆ ਹੈ।

ਦੁਨੀਆਂ ਅੰਨ੍ਹੀ ਹੈ। ਕਿੱਕੁਰ ਬੀਜਿਆਂ ਸੂਲਾਂ ਨਾਲ ਹੱਥ ਛਿਲਣ ਹੋਣਗੇ, ਅਕ ਨਾਲ ਕਦੇ ਅੰਗੂਰ ਨਹੀਂ ਲਗਦੇ ਤੇ ਤੁੰਮੇ ਦੇ ਬੀਜ ਖੀਜਕੇ ਕਿਸੇ ਵੀ ਤਰਾਂ ਤਰਬੂਜ ਨਹੀਂ ਮਿਲ ਸਕਦੇ। ਪਰ ਫਿਰ ਵੀ ਜੇਹੜਾ ਮਨੁੱਖ ਕਿੱਕਰ ਖੀਜਕੇ ਦਾਖਾਂ, ਅਕ ਨਾਲੋਂ ਅੰਗੂਰ ਤੇ ਤੁੰਮੇ ਨਾਲੋਂ ਤਰਬੂਜਾਂ ਦੀ ਆਸ ਰਖਦਾ ਹੈ ਉਸਨੂੰ ਸਿਆਣਾ ਕੌਣ ਆਖੇਗਾ।

ਜਸਪਤ ਤੇ ਲਖਪਤ ਜਾਣਦੇ ਸਨ ਕਿ ਖਾਨ ਬਹਾਦਰ ਤੇ ਯਹਯਾ ਖਾਂ ਨੂੰ ਖੁਸ਼ ਕਰਨ ਲਈ ਅਸੀਂ ਜਿਸ ਕੌਮ ਦੇ ਨਾਲ ਵੈਰ ਕਮਾ ਰਹੇ ਹਾਂ ਉਹ ਮੁਰਦਾ ਕੌਮ ਨਹੀਂ, ਉਹ ਜਾਣਦੇ ਸਨ ਕਿ ਸਿੱਖਾਂ ਦੀ ਗ਼ੈਰਤ ਤੇ ਅਣਖ ਨੂੰ ਚੈਲੰਜ ਦੇਣ ਵਾਲਾ ਸੁਖ ਦੀ ਨੀਂਦਰ ਨਹੀਂ ਸੌਂ ਸਕਦਾ, ਉਹ ਜਾਣਦੇ ਸਨ ਕਿ ਖਾਲਸੇ ਦੇ ਨਾਲ ਜੁਧ ਕਰਨਾ ਖੁਦਾ ਦੀ ਖੁਦਾਈ ਨਾਲ ਵੈਰ ਕਰਨਾ ਹੈ ਤੇ ਇਹ ਗੱਲ ਉਨ੍ਹਾਂ ਤੇ ਭਲੀ ਭਾਂਤ ਪਰਗਟ ਸੀ ਕਿ ਕਲਗੀਧਰ ਦੇ ਨਾਮ ਲੇਵਾ ਸਿੰਘਾਂ ਨੂੰ ਛੇੜਨਾ ਮੌਤ ਨੂੰ ਸੱਦਾ ਦੇਣਾ ਹੈ। ਇਹ ਪਤਾ ਹੋਣ ਤੇ ਵੀ ਇਨ੍ਹਾਂ ਨੇ ਸਿੰਘਾਂ ਨੂੰ ਫੜਵਾਣ ਤੇ ਮਰਵਾਣ ਵਿੱਚ ਕੋਈ ਕਸਰ ਬਾਕੀ ਨਾ ਰਖੀ। ਜਸਪਤ ਰਾਏ ਦੇ ਜ਼ੁਲਮਾਂ ਦੀ ਉਸ ਵੇਲੇ ਹਦ ਹੋ ਗਈ ਜਿਸ ਵੇਲੇ ਸਿੰਘਾਂ ਦੇ ਮੁੱਲ ਦੇਕੇ ਰਸਦ ਮੰਗਣ ਤੇ ਇਸਨੇ ਗੋਲੀ ਬਰੂਦ ਲੈਕੇ ਲੜਾਈ ਸ਼ੁਰੂ ਕਰ ਦਿੱਤੀ।

ਲਖਪਤ ਰਾਏ ਵਾਸਤੇ ਇਸ ਲੜਾਈ ਵਿਚ ਜਸਪਤ ਦੀ ਮੌਤ ਦਾ ਵਾਕਿਆ ਆਪਣੇ ਆਪ ਵਿਚ ਭਾਰੀ ਇਬਰਤ ਦੇਣ ਵਾਲਾ ਸੀ, ਪਰ ਉਸਨੇ ਇਸਤੋਂ ਸਿਖਿਆ ਨਾ ਲਈ! ਫਾਰਸੀ ਦੇ ਕਵੀ ਦੀ ਇਸ ਸਿਖਿਆ ਤੇ ਧਿਆਨ ਨਾ ਦਿਤਾ ਕਿ :

ਅਜ਼ੋ ਮੁਕਾਫਾਤੇ ਅਮਲ ਗ਼ਾਫਲ ਮਸ਼ੋ।
ਗੰਦਮ ਅਜ਼ ਗੰਦਮ ਦਰਾਇਦ ਜੌ ਅਜ਼ ਜੌ

ਅਰਥ– ਕਰਮਾਂ ਦੇ ਫਲ ਵਲੋਂ ਬੇਪ੍ਰਵਾਹ ਨਾ ਹੋ ਕਣਕ ਤੋਂ ਕਣਕ ਤੇ ਜੌਂ ਤੋਂ ਜੌਂ ਮਿਲਦੇ ਹਨ।

ਭਰਾ ਦੀ ਮੌਤ ਦੀ ਖਬਰ ਨੇ ਉਸਦੇ ਤਨ ਬਦਨ ਨੂੰ ਅੱਗ ਲਾ ਦਿੱਤੀ ਤੇ ਗੁਸੇ ਵਿਚ ਆਕੇ ਕਹਿਣ ਲਗਾ: ''ਇਸ ਵਿਚ ਸ਼ਕ ਨਹੀਂ ਕਿ ਸਿੱਖ ਮਤ ਦਾ ਕਾਰਕ ਇਕ ਖੱਤ੍ਰੀ ਸੀ, ਕਿੰਤੂ ਮੈਂ ਖਤ੍ਰੀ ਨਹੀਂ ਜੇ ਕਦੀ ਮੈਂ ਇਸ ਧਰਮ ਦਾ ਨਾਮ ਪ੍ਰਿਥਵੀ ਦੇ ਤਖ਼ਤੇ ਤੋਂ ਨਾ ਮਿਟਾ ਦੇਵਾਂ।'' *

ਇਤਿਹਾਸਾਂ ਵਿਚ ਲਿਖਯਾ ਹੈ ਕਿ ਲਖਪਤ ਨੇ ਯਹਯਾ ਖਾਂ ਪਾਸ ਜਾ ਕੇ ਉਹਦੇ ਪੈਰਾਂ ਤੇ ਪਗ ਸੁਟ ਦਿਤੀ ਤੇ ਕਿਹਾ ਕਿ ਭਰਾ ਦਾ ਬਦਲਾ ਲੈਣਾ ਹੈ, ਇਸ ਕਰਕੇ ਜਦ ਤਕ ਸਿੱਖ ਪੰਥ ਦਾ ਨਾਸ਼ ਨਾਂ ਕਰ ਲਵਾਂ ਉਨ੍ਹਾਂ ਚਿਰ ਸਿਰ ਤੇ ਪਗ ਨਹੀਂ ਰਖਾਂਗਾ: ਦੋਹਰਾ–

ਯਹ ਪੰਥ ਫਦੂਲ ਫਦੂਲੀਏ ** ਖਤ੍ਰੀ ਜਾਤ ਸੁ ਕੀਨ।
ਮੈਂ ਅਬ ਖਤ੍ਰੀ ਤੌ ਰਹਾਂ ਪੰਥ ਰਲਾਵੌਂ ਦੀਨ।
ਯਹ ਉਸ਼ਟੰਡ ਇਕ ਖੱਤ੍ਰੀ ਕਯੋ
ਨਾਮ ਖਾਲਸਾ ਜਗਤ ਸੁਨਯੋ
ਮੈਂ ਭੀ ਖਤ੍ਰੀ ਤਊ ਕਹਾਵੌਂ।
ਪੰਥ ਖਾਲਸੋ ਦੂਰ ਕਰਾਵੌਂ***।

ਯਹਯਾ ਖਾਂ ਨੇ ਲਖਪਤ ਦੀ ਇਹ ਗੱਲ ਸੁਣੀ ਤਾਂ ਉਸਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਹ ਤਾਂ ਚਾਹੁੰਦਾ ਸੀ ਕਿ ਸਿੱਖ ਜਿਨਾਂ ਨੇ ਉਹਦੇ ਰੋਅਬ ਨੂੰ ਮਿਟੀ ਵਿਚ ਮਿਲਾ ਦਿੱਤਾ ਹੈ ਇਨ੍ਹਾਂ ਨੂੰ ਮੁਕਾਣ ਵਾਲਾ ਕੋਈ ਆਦਮੀ ਮਿਲੇ। ਜਦ ਉਸਨੇ ਵੇਖਿਆ ਕਿ ਸਿੱਖਾਂ ਨੂੰ ਮੁਕਾਣ ਲਈ ਇਕ ਹਿੰਦੂ ਹੱਥ ਵਿਚ ਤਲਵਾਰ ਫੜਦਾ ਹੈ ਤੇ ਬੀੜਾ ਚੁਕਦਾ ਹੈ ਕਿ ਇਕ ਦੂੰ ਇਕ ਕਰਕੇ ਰਹਾਂਗਾ ਤਦ ਇਸਤੋਂ ਵਧੀਕ ਉਹਦੀ ਖ਼ੁਸ਼ੀ ਦੀ ਕੀ ਹਦ ਹੋ ਸਕਦੀ ਸੀ। ਉਸਨੇ ਆਪਣਾ ਸਾਰਾ ਲਾਓ ਲਸ਼ਕਰ ਤੇ ਜੰਗੀ ਸਾਮਾਨ ਉਹਦੇ ਹਵਾਲੇ ਕਰ ਦਿੱਤਾ ਤੇ ਪਿੱਠ ਤੇ ਥਾਪੀ ਦੇ ਕੇ ਟੋਰਿਆ।

ਲਖਪਤ ਨੂੰ ਯਹਯਾ ਖਾਂਨ ਸੂਬਾ ਲਾਹੌਰ ਨੇ ਸਿੱਖਾਂ ਤੇ ਚੜ੍ਹਾਈ ਕਰਨ ਦੀ

---

* Gokal Chand Narang, Transformation of Sikhism, 1989 Edition, p. 124 – ਸੰਪਾ.

** ਨਿੰਦਾਵਾਚਕ ਸ਼ਬਦ 'ਫਜ਼ੂਲ' ਦਾ ਬਦਲਵਾਂ ਰੂਪ। – ਸੰਪਾ.

*** ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ੧੯੯੩, ਪੰਨਾ ੩੦੭ – ਸੰਪਾ.

ਆਗਿਆ ਦੇ ਦਿੱਤੀ ਤਾਂ ਮਾਰਾ ਸ਼ਾਹੀ ਲਸ਼ਕਰ ਤੇ ਸ਼ਾਹੀ ਖਜ਼ਾਨੇ ਦਾ ਕਾਫੀ ਹਿਸਾ ਜਿਵੇਂ ਚਾਹੇ ਇਸਨੂੰ ਵਰਤਣ ਦੀ ਖੁਲ ਹੋ ਗਈ। ਲਖਪਤ ਨੇ ਸਭ ਤੋਂ ਪਹਿਲਾਂ ਘਰ ਦੇ ਸਿਖ ਨੌਕਰ ਮਾਰਨ ਦਾ ਹੁਕਮ ਦਿੱਤਾ ਤੇ ਫੇਰ ਹੁਕਮ ਇਹ ਦਿੱਤਾ ਕਿ ਸ਼ਹਿਰ ਲਾਹੌਰ ਵਿਚ ਜਿੰਨੇ ਸਿੱਖ ਵਸਨੀਕ ਹਨ, ਚਾਹੇ ਉਹ ਕਾਰ ਵਿਹਾਰ ਕਰਦੇ ਹਨ ਜਾਂ ਨੌਕਰੀ ਸਬ ਨੂੰ ਫੜਕੇ ਕਤਲ ਕੀਤਾ ਜਾਏ। ਇਹ ਹੁਕਮ ਨਿਕਲਦਿਆਂ ਹੀ ਜਿਥੇ ਵੀ ਕੋਈ ਸਿੰਘ ਨਜ਼ਰੀ ਪਿਆ ਫੜਿਆ ਗਿਆ।

ਇਹ ਦੁਖਦਾਈ ਖਬਰ ਬਨ ਅਗਨੀ ਵਾਂਗ ਸਾਰੇ ਸ਼ਹਿਰ ਵਿਚ ਫੈਲ ਗਈ। ਹਰ ਘਰ, ਹਰ ਦਰ, ਹਰ ਗਲੀ ਤੇ ਹਰ ਕੂਚੇ ਇਹ ਹੀ ਗਲਾਂ ਸਨ। ਜਿਥੇ ਦੋ ਆਦਮੀ ਇਕੱਠੇ ਹੁੰਦੇ, ਇਹ ਹੀ ਵਾਰਤਾ ਛਿੜਦੀ ਸੀ।

ਦਰਦ ਵਾਲੇ ਹਿੰਦੂ ਕਹਿੰਦੇ ਸਨ ਲਖਪਤ ਮਹਾਂ ਅਨਰਥ ਕਰਨ ਲਗਾ ਹੈ। ਉਹ ਸਿੰਘ ਜਿਨ੍ਹਾਂ ਹਿੰਦੂ ਧਰਮ ਦੀ ਰਖਿਆ ਦਾ ਬੀੜਾ ਉਠਾਇਆ, ਉਹ ਸਿੰਘ ਜਿਨਾਂ ਹਿੰਦੂ ਧਰਮ ਨੂੰ ਨਸ਼ਟ ਹੋਣ ਤੋਂ ਬਚਾਇਆ, ਉਹ ਸਿੰਘ ਜਿਨ੍ਹਾਂ ਇਕ ਇਕ ਹਿੰਦੂਆਂ ਦੀ ਇਸਤ੍ਰੀ ਦੀ ਰਖਿਆ ਲਈ ਹਜ਼ਾਰਾਂ ਜਾਨਾਂ ਦੀ ਆਹੂਤੀ ਦਿੱਤੀ ਤੇ ਹਾਂ ! ਹਾਂ!। ਉਹ ਸਿੰਘ ਜਿਨ੍ਹਾਂ ਦਾ ਬਾਹੂ ਬਲ ਵੇਖਕੇ ਫਰਖਸ਼ੀਅਰ ਜਹੇ ਜ਼ਾਲਮ ਤੇ ਜਾਬਰ ਹਾਕਮ ਨੇ ਜਦ ਇਨ੍ਹਾਂ ਨਾਲ ਸੁਲਾਹ ਕਰਨੀ ਚਾਹੀ ਤਦ ਸਿਖਾਂ ਦੋ ਜ਼ਰੂਰੀ ਸ਼ਰਤਾਂ ਇਹ ਰਖੀਆਂ:

੧. ''ਕਿਸੇ ਹਿੰਦੂ ਨੂੰ ਉਸਦੀ ਮਰਜ਼ੀ ਦੇ ਉਲਟ ਮੁਸਲਮਾਨ ਨਹੀਂ ਕੀਤਾ ਜਾਏਗਾ ਅਤੇ ਨਾ ਹਿੰਦੂਆਂ ਦਾ ਕੋਈ ਪਵਿੱਤ੍ਰ ਅਸਥਾਨ ਗਿਰਾਇਆ ਜਾਵੇਗਾ ਜਾਂ ਅਪਵਿਤ੍ਰ ਕੀਤਾ ਜਾਏਗਾ।

੨.ਹਿੰਦੂਆਂ ਨਾਲ ਕਠੋਰਤਾ ਦਾ ਵਿਓਹਾਰ ਨਹੀਂ ਕੀਤਾ ਜਾਏਗਾ। ਤਥਾ ਉਨ੍ਹਾਂ ਦੇ ਧਾਰਮਕ ਭਾਵਾਂ ਦਾ ਆਦਰ ਕੀਤਾ ਜਾਏਗਾ।''

ਉਨ੍ਹਾਂ ਸਿਖਾਂ ਦੀ ਕਤਲਾਮ ਲਈ ਅਜ ਇਕ ਹਿੰਦੂ ਦੇ ਪੁੱਤ ਦਾ ਇੰਜ ਹੁਕਮ ਦੇਣਾ ਪਹਲੇ ਦਰਜੇ ਦਾ ਨਾ ਸ਼ੁਕਰਾਪਨ ਹੈ, ਕ੍ਰਿਤਘਣਤਾ ਹੈ ਤੇ ਮਹਾਨ ਪਾਪ ਹੈ।

ਮੁਸਲਮਾਨ ਕਹਿੰਦੇ ਸਨ ਕਿ ਲਖਪਤ ਦਾ ਭਰਾ ਲੜਾਈ ਵਿਚ ਮਾਰਿਆ ਗਿਆ ਹੈ ਤੇ ਉਸ ਲੜਾਈ ਵਿਚ ਮਾਰਿਆ ਗਿਆ ਹੈ ਜੋ ਇਸਦੇ ਭਰਾ ਨੇ ਆਪ ਛੇੜੀ ਸੀ। ਭਰਾ ਦੇ ਬਦਲੇ ਲਈ ਜੇ ਕੁਛ ਕਰਨਾ ਸੀ ਤਾਂ ਸਿੰਘਾਂ ਦੇ ਜਥਿਆਂ ਨਾਲ ਜੰਗ ਕਰਨੀ ਚਾਹੀਦੀ ਸੀ। ਕਾਰ ਵਿਹਾਰੀ ਸਿੰਘਾਂ ਦਾ ਇਸ ਜੰਗ ਨਾਲ ਕੋਈ ਸਬੰਧ ਨਹੀਂ ਸੀ। ਇਨਾਂ ਦਾ

ਇੰਜ ਮਰਵਾਣਾ, ਧਰਮ, ਇਖਲਾਕ ਤੇ ਇਨਸਾਫ ਦੇ ਵਿਰੁੱਧ ਹੈ, ਜ਼ੁਲਮ ਹੈ, ਅੰਧੇਰ ਹੈ ਤੇ ਉਪਦ੍ਰਵ ਹੈ।

ਇਹ ਗਲਾਂ ਲੋਕਾਂ ਆਪੋ ਵਿਚ ਹੀ ਨਹੀਂ ਕੀਤੀਆਂ। ਦੀਵਾਨ ਕੌੜਾ ਮਲ ਹਾਂ ਸਿਖਾਂ ਦੇ ਅਤਿ ਸਨੇਹੀ ਦੀਵਾਨ ਕੌੜਾ ਮਲ ਨੇ ਵੀ ਇਹ ਖਬਰ ਸੁਣੀ, ਜਲ ਬਹੀਨ ਮਛੀ ਵਾਂਗ ਤੜਪਿਆ। ਕਸ਼ਮੀਰ ਮਲ, ਲਛੀ ਰਾਮ, ਸੂਰਤ ਸਿੰਘ, ਦਿਲੇ ਰਾਮ, ਹਰੀਆ ਮਲ, ਹਰੀ ਸਿੰਘ, ਗੁਲਜ਼ਾਰ ਸਿੰਘ ਤੇ ਦੇਸ ਰਾਜ ਆਦਿਕ ਮਿਲਕੇ ਲਖਪਤ ਪਾਸ ਗਏ, ਇਸ ਤਰ੍ਹਾਂ ਨਿਰਅਪਰਾਧਾਂ ਦੇ ਖੂਨ ਵੀਟਣ ਤੋਂ ਵਰਜਿਆ ਤੇ ਸਾਰੀ ਹਾਨ ਲਾਭ ਸਮਝਾਈ ਪਰ ਲਖਪਤ 'ਤੇ ਇਨ੍ਹਾਂ ਦੀ ਕਿਸੇ ਗਲ ਦਾ ਅਸਰ ਨਾ ਹੋਇਆ ਤੇ ਉਸਦੇ ਪੱਥਰ ਦਿਲ ਨੂੰ ਕੋਈ ਨਾ ਪੋਹੀ। ਜਦ ਇਨ੍ਹਾਂ ਨੇ ਕੋਈ ਚਾਰਾ ਚਲਦਾ ਨਾ ਵੇਖਿਆ ਤਦ ਕਿਹਾ ਕਿ ਹੱਛਾ ਅਜ ਸੋਮਾਵਤੀ ਅਮਾਵਸ ਦਾ ਦਿਨ ਹੈ, ਅਜ ਇਨ੍ਹਾਂ ਨੂੰ ਕੁਛ ਨਾ ਕਿਹਾ ਜਾਏ। ਲਖਪਤ ਨੇ ਇਹ ਵੀ ਨਾ ਮੰਨੀ ਤੇ ਸਾਰੇ ਸਿੰਘਾਂ ਨੂੰ ਕਤਲ ਕਰਵਾ ਦਿਤਾ।

ਇਹ ਕਤਲਾਮ ਕਰਕੇ ਹੁਕਮ ਜਾਰੀ ਕੀਤਾ ਕਿ ਗੁਰੂ ਦਾ ਨਾਮ ਕੋਈ ਨਾ ਲਏ, ਗੁਰਬਾਣੀ ਕੋਈ ਨਾ ਪੜ੍ਹੇ ਤੇ ਢੂੰਡ ਢੂੰਡਕੇ ਸਿਖਾਂ ਦੀਆਂ ਪੋਥੀਆਂ ਲਿਖਤਾਂ ਮੰਗਾਕੇ ਫੂਕ ਦਿੱਤੀਆਂ। ਜਿਸ ਵੇਲੇ ਕੋਈ ਸਿੱਖ ਮਿਲੇ ਲਖਪਤ ਦਾ ਪਹਿਲਾ ਹੁਕਮ ਹੁੰਦਾ ਸੀ ਕਿ ਮੁਸਲਮਾਨ ਬਨਾਓ , ਜੇ ਨਾ ਮੰਨੇ ਤਾਂ ਕਤਲ ਕਰ ਦੇਵੋ। ਵਾਹਿਗੁਰੂ ਨਾਮ ਕੋਈ ਨਾ ਲਏ। ਲਾਹੌਰੀਏ 'ੜ' ਨਾਮ ਨਹੀਂ ਬੋਲ ਸਕਦੇ ਉਹ 'ੜ' ਦੀ ਥਾਂ 'ਰ' ਬੋਲਦੇ ਹਨ। ਲਖਪਤ ਨੇ ਹੁਕਮ ਦਿਤਾ 'ਗੁੜ' ਕਹਿਣ ਤੇ 'ਗੁਰ' ਕਿਹਾ ਜਾਂਦਾ ਹੈ ਇਸ ਕਰਕੇ ਸ਼ਹਿਰ ਲਾਹੌਰ ਦਾ ਕੋਈ ਹਿੰਦੂ 'ਗੁੜ' ਨਾ ਕਹੇ 'ਭੇਲੀ' ਕਹੇ ਤਾਂ ਕਿ ਅਨਜਾਣੇ ਵੀ ਕਿਸੇ ਦੇ ਮੂੰਹ ਵਿਚੋਂ 'ਗੁਰ' ਸ਼ਬਦ ਨਾ ਨਿਕਲੇ।

ਮਾਸੂਮ ਬਾਲਾਂ, ਨਿਰਦੋਸ਼ ਤੀਵੀਆਂ ਤੇ ਨਿਰ - ਅਪਰਾਧ ਕਾਰ ਵਿਹਾਰੀ ਲਾਹੌਰ ਦੇ ਸਿੱਖਾਂ ਦਾ ਕਤਲ, ਅਤਿ ਦਰਜੇ ਦਾ ਹੌਲਨਾਕ ਜ਼ੁਲਮ ਤੇ ਮਹਾਨ ਅਨਰਥ ਸੀ, ਪਰੰਤੂ ਇਹ ਲਖਪਤ ਦੇ ਗੁਸੇ ਦੀ 'ਇਤੀ' ਨਹੀਂ ਸੀ। 'ਇਹ ਸ੍ਰੀ ਗਣੇਸ਼ ਯਨਮਾ:' ਸੀ, ਅਰਥਾਤ ਮੁੱਢ ਸੀ। ਸ਼ਹਿਰ ਦੇ ਸਿੰਘਾਂ ਸਿੰਘਣੀਆਂ ਤੇ ਬਚਿਆਂ ਨੂੰ ਕਤਲ ਕਰਕੇ ਲਖਪਤ ਯਹਯਾ ਖਾਂ ਪਾਸ ਗਿਆ। ਮੁਲਤਾਨ, ਬਹਾਵਲਪੁਰ, ਜਾਲੰਧਰ, ਲੁਧਿਆਣਾ, ਕਸੂਰ ਆਦਿਕ ਦੇ ਹਾਕਮਾਂ ਦੇ ਨਾਮ ਪਰਵਾਨੇ ਲਿਖੇ ਗਏ। ਛੋਟੇ ਮੋਟੇ ਰਈਸਾਂ ਨੂੰ ਚਿਠੀਆਂ ਭੇਜੀਆਂ ਕਿ ਆਪਣੀਆਂ ਸੈਨਾਂ ਲੈਕੇ ਆ ਜਾਓ। ਤੁਹਾਡੇ ਪਿੰਡਾਂ ਤੇ ਇਲਾਕਿਆਂ ਵਿਚ ਕੋਈ ਸਿਖ

ਬੱਚਾ ਸਿਖੀ ਦਾ ਨਾਮ ਲੈਣ ਜੋਗਾ ਨਹੀਂ ਰਹਿਣਾ ਚਾਹੀਦਾ। ਇਨਾਂ ਹੁਕਮਾਂ ਦੇ ਨਿਕਲਦਿਆਂ ਚਾਰੇ ਪਾਸਿਆਂ ਤੋਂ ਘੁੜ ਸਵਾਰ ਪੈਦਲ ਤੇ ਜੰਬੂਰੇ ਵਾਲੇ ਲਸ਼ਕਰ ਚਲ ਪਏ, ਥਾਂ ਥਾਂ ਸਿੱਖਾਂ ਦੀ ਪੜਚੋਲ ਹੋਣ ਲਗੀ। ਸੂਹੀਆ ਜਿਥੇ ਸੂਹ ਦੇਂਦਾ ਲਸ਼ਕਰੀਏ ਪੁੱਜਦੇ, ਜਿਥੇ ਕੋਈ ਨਜ਼ਰੀ ਪੈਂਦਾ ਗੋਲੀ ਦਾ ਨਿਸ਼ਾਨਾ ਬਣਾਂਦੇ ਤੇ ਜਿਥੇ ਕੋਈ ਸਿਖ ਬੁਢਾ, ਬਾਲ, ਤੀਵੀਂ ਮਰਦ ਹੱਥ ਆਉਂਦਾ ਤਲਵਾਰ ਦੇ ਘਾਟ ਉਤਾਰਦੇ ਸਨ।

ਸਾਰੇ ਦੇਸ਼ ਵਿਚ ਤਰਥਲੀ ਮਚ ਗਈ: –

ਹਾਲ ਚਾਲ ਪਰੀ ਸਭ ਦੇਸਨ ਬਿਸਾਲ ਤਬ, ਧੂਰ ਸੰਗ ਪੂਰ ਰਹਯੋ ਨਭ ਸੂਰ ਢਾਂਪਿਓ।
ਆਈ ਰੈਨ ਕਿਆਮਤ ਕੀ ਓਰੜੇ ਹੈ ਮੇਘ ਕੈਧੋਂ, ਪਰਲੈ ਕਰਨ ਹੇਤ ਸਿੰਧ ਉਛਰਾਪਿਓ।
ਧਰਨੀ ਥਰ ਥਰਾਤ ਗਿਰ ਗਿਰ ਗਿਰਪਾਤ, ਦਿਗਜ ਚਿਲ ਚਿਲਾਤ ਸੇਸ ਕੋਲ ਕਾਂਪਯੋ:
ਦਨੁਜ ਮਨੁਜ ਦੇਵ ਕੈਹੈਂ ਮਿਲ ਆਪਸ ਮੈਂ, ਕਹਾਂ ਹ੍ਵੈ ਹੈ ਭਾਈ ਯਾਹਿ ਕੌਨ ਕਾਲ ਆਪਯੋ।
(ਪੰਥ ਪ੍ਰਕਾਸ਼)

ਲਖਪਤ ਦੀ ਚੜ੍ਹਾਈ ਇਕ ਹਵਾਈ ਤੂਫਾਨ ਵਾਂਗ ਸੀ। ਜਿਵੇਂ ਤੂਫਾਨ ਨਾਲ ਬ੍ਰਿੱਛ ਬੂਟੇ ਜੜ੍ਹਾਂ ਸਮੇਤ ਉਖੜ ਜਾਂਦੇ ਹਨ ਇਹ ਹੀ ਹਾਲਤ ਸਿਖਾਂ ਦੀ ਹੋਈ। ਕੱਚੇ ਪਿੱਲੇ ਮਾਪੇ ਜਿਨ੍ਹਾਂ ਆਪਣੇ ਬਚਿਆਂ ਨੂੰ ਕੇਸਾਧਾਰੀ ਬਣਾਇਆ ਸੀ ਡਰਦੇ ਬਚਿਆਂ ਦੇ ਮਗਰ ਦੌੜ ਪਏ ਜੋ ਜਬਰਨ ਕੇਸ ਉਤਾਰ ਕੇ ਧਨ ਧਾਮ ਬਚਾਈਏ।

ਸਿੰਘਾਂ ਦੇ ਜਥਿਆਂ ਨੂੰ ਇਹ ਖਬਰ ਪੁਜੀ, ਉਨ੍ਹਾਂ ਆਪਣੇ ਪੁਤਾਂ ਧੀਆਂ ਤੇ ਤੀਵੀਆਂ ਨੂੰ ਜੰਗਲਾਂ ਤੇ ਪਹਾੜਾਂ ਵਿਚ ਭੇਜ ਦਿੱਤਾ ਤੇ ਝਾੜਾਂ ਵਿਚ ਲੁਕਾਇਆ। ਸਿੰਘਾਂ ਦੇ ਦਲ ਝਲਾਂ ਵਿਚ ਟੁਰ ਪਏ ਤੇ ਲੁਕ ਲੁਕ ਕੇ ਦਿਨ ਕਟੀ ਕਰਨ ਲੱਗੇ। ਜੋ ਫੜੇ ਗਏ, ਸ਼ਹੀਦ ਕੀਤੇ ਗਏ। ਹਾਂ ਫੜੇ ਗਏ ਸਿਖ ਹਸ ਹਸ ਕੇ ਮੌਤ ਦੀ ਗੋਦੀ ਵਿਚ ਵੜੇ। ਹਾਂ ਜੀ ਇਸ ਵੇਲੇ ਸਿਖਾਂ ਤੋਂ ਪੰਜਾਬ ਇਕ ਤਰਾਂ ਨਾਲ ਖਾਲੀ ਹੋ ਗਿਆ।

ਖਾਲਸਾ ਇਕੱਠਾ ਹੋਇਆ, ਇਸ ਬਿਪਤ ਤੇ ਵਿਚਾਰ ਹੋਣ ਲਗੀ। ਕੁਛ ਸਿੰਘਾਂ ਦਾ ਖਿਆਲ ਇਹ ਸੀ ਕਿ ਲੜਾਈ ਦੇ ਢਾਈ ਫੱਟ ਹੁੰਦੇ ਹਨ, ਆਮੋ ਸਾਹਮਣੇ ਹੋਕੇ ਲੜਨਾ ਤੇ ਸ਼ਹੀਦੀ ਪਰਾਪਤ ਕਰਨੀ ਚਾਹੀਦੀ ਹੈ।

ਦੂਜਾ ਧੜਾ ਕਹਿੰਦਾ ਸੀ ਕਿ ਸਾਰੇ ਦੇਸ਼ ਦੀ ਸੈਨਾ ਇਕੱਠੀ ਹੋਕੇ ਆ ਗਈ ਹੈ। ਲਖਪਤ ਦੀ ਫੌਜ ਦੀ ਗਿਣਤੀ ਦੇ ਸਾਹਮਣੇ ਅਸੀਂ ਆਟੇ ਵਿਚ ਲੂਣ ਜਿੰਨੇ ਵੀ ਨਹੀਂ। ਸਾਨੂੰ ਲੜਾਈ ਕਿਸੇ ਤਦਬੀਰ, ਦਾਨਾਈ ਤੇ ਰਣ ਕੁਸ਼ਲਤਾ ਨਾਲ ਲੜਨੀ ਚਾਹੀਦੀ ਹੈ।

ਅੰਤ ਦੀ ਗਲ ਮੰਨੀ ਗਈ।

ਲਖੂ ਦਬੀ ਚਲਾ ਆ ਰਿਹਾ ਸੀ। ਸਿਖ ਅਗੇ ਅਗੇ ਝਲਾਂ ਵਿਚ ਜਾ ਰਹੇ ਸਨ, ਸਭ ਪਹਲੂ ਵੀਚਾਰ ਕੇ ਖਾਲਸਾ ਕਾਹਨੂਵਾਨ ਦੇ ਗਿਰਦੇ ਬਨਾਂ ਝਨਾਂ ਵਿਚ ਜਾ ਵੜਿਆ।

ਲਖਪਤ ਨੇ ਅੱਗੇ ਘੁੜ ਸਵਾਰ ਲਾਏ। ਪਿਛੇ ਤੋਪਾਂ ਕੀਤੀਆਂ, ਉਨ੍ਹਾਂ ਤੋਂ ਪਿਛੇ ਪੈਦਲ ਸਪਾਹੀ ਤੇ ਸਭ ਤੋਂ ਪਿਛੇ ਆਪ ਜਾਨ ਸੰਭਾਲਦਾ ਆ ਰਿਹਾ ਸੀ। ਇਕ ਦਿਨ ਅੱਧੀ ਰਾਤ ਦਾ ਸਮਾਂ ਸੀ। ਲਖਪਤ ਦੀ ਸੈਨਾ ਸੁੱਤੀ ਸੀ, ਖਾਲਸੇ ਨੇ ਇਕ ਦਮ ਹਲਾ ਬੋਲ ਦਿੱਤਾ, ਕਟਾ ਵਢ ਕਰਕੇ ਤੇ ਲੜਾਈ ਦਾ ਸਾਮਾਨ ਲੈਕੇ ਜੰਗਲ ਵਿਚ ਜਾ ਵੜੇ। ਇਹ ਸੀ ਸਿੰਘਾਂ ਦਾ ਇਸ ਜੰਗ ਦਾ ਆਰੰਭ। ਲਖਪਤ ਦੇ ਲਸ਼ਕਰ ਦਾ ਬੜਾ ਨੁਕਸਾਨ ਹੋਇਆ, ਉਹ ਇਸ ਨੁਕਸਾਨ ਤੋਂ ਹੋਰ ਵੀ ਘਬਰਾਇਆ ਤੇ ਛਿਥਾ ਹੋਇਆ ਤੇ ਜੰਗਲ ਨੂੰ ਚਾਰਿਆਂ ਪਾਸਿਆਂ ਤੋਂ ਘੇਰਾ ਪਾ ਲਿਆ। ਸਿੰਘ ਕਿਸੇ ਰਾਤ ਕਿਸੇ ਪਾਸੇ ਤੇ ਕਿਸੇ ਰਾਤ ਕਿਸੇ ਪਾਸੇ ਆ ਕੇ ਹੱਲਾ ਕਰ ਦੇਂਦੇ ਤੇ ਖੁਰਾਕ ਤੇ ਜੰਗ ਦਾ ਸਾਮਾਨ ਲੈ ਕੇ ਫਿਰ ਜੰਗਲ ਵਿਚ ਜਾ ਵੜਦੇ ਸਨ। ਇੰਜ ਦਿਨ ਬਦਿਨ ਨੁਕਸਾਨ ਤੇ ਨੁਕਸਾਨ ਲਖਪਤ ਦਾ ਹੋਣ ਲਗਾ। ਸੋਚ ਵਿਚਾਰ ਕੇ ਉਸਨੇ ਪਿੰਡਾਂ ਦੀ ਵਸੋਂ ਸੱਦੀ, ਜੰਗਲ ਨੂੰ ਅੱਗ ਲਾ ਦਿਤੀ, ਤੇ ਫਿਰ ਮੁਲਖਈਏ ਨੂੰ ਸਦ ਕੇ ਝਾੜ ਕਟਵਾ ਕੇ ਤੋਪਾਂ ਅਗੇ ਕਰਕੇ ਜੰਗਲ ਵਿਚ ਸਿਪਾਹ ਨੂੰ ਵੜਨ ਦਾ ਹੁਕਮ ਦਿੱਤਾ।

ਹਿੰਦੂ ਕਵੀਆਂ ਨੇ ਹਿਰਨੀ ਦਾ ਇਕ ਸਤੋਤ੍ਰ ਬਣਾਇਆ ਹੋਇਆ ਹੈ, ਜਿਸਦੇ ਵਿਚ ਦਸਿਆ ਹੈ ਕਿ ਇਕ ਸਗਰਭਾ ਹਿਰਨੀ ਨੂੰ ਸ਼ਿਕਾਰੀ ਨੇ ਜੰਗਲ ਵਿਚ ਵੇਖਯਾ, ਉਹਦੇ ਫੜਨ ਲਈ ਇਹ ਵਿਉਂਤ ਕੀਤੀ ਕਿ ਇਕ ਪਾਸੇ ਜਾਲੀ ਲਾ ਦਿੱਤੀ, ਦੂਜੇ ਪਾਸੇ ਅੱਗ ਬਾਲੀ, ਤੀਜੇ ਪਾਸੇ ਕੁੱਤਾ ਬਿਠਾ ਦਿੱਤਾ ਤੇ ਚੌਥੇ ਪਾਸੇ ਆਪ ਖੜੋ ਗਿਆ। ਹਿਰਨੀ ਨੇ ਆਪਣੇ ਆਪਨੂੰ ਇਸ ਸੰਕਟ ਵਿਚ ਫਸਿਆ ਵੇਖ ਵਾਹਿਗੁਰੂ ਅਗੇ ਪ੍ਰਾਰਥਨਾਂ ਕੀਤੀ ਕਿ ਇਸ ਸੰਕਟ ਵਿਚੋਂ ਰਖਿਆ ਕਰੋ। ਸਤੋਤਰ ਵਿਚ ਦਸਿਆ ਹੈ ਕਿ ਰਬ ਦੀ ਕਰਨੀ ਅਜੇਹੀ ਹੋਈ ਕਿ ਹਨੇਰੀ ਚਲ ਪਈ, ਅਗਨੀ ਦੇ ਚੰਗਾਰਿਆਂ ਨੇ ਉਡਕੇ ਜਾਲੀ ਫੂਕ ਦਿਤੀ, ਇਕ ਸਪ ਨਿਕਲਿਆ ਜਿਸਨੇ ਸ਼ਕਾਰੀ ਨੂੰ ਡਸ ਦਿੱਤਾ, ਇਕ ਪਾਸੋਂ ਹਰਨ ਉਠਿਆ ਕੁੱਤਾ ਉਹਦੇ ਪਿਛੇ ਦੌੜ ਗਿਆ। ਇੰਜ ਹਰਨੀ ਦੇ ਰਾਹ ਖੁਲ ਗਏ ਤੇ ਉਹ ਛਾਲਾਂ ਮਾਰਦੀ ਨਿਕਲ ਗਈ।

ਖਾਲਸਾ ਜੰਗਲ ਵਿਚ ਬੈਠਾ ਹੈ, ਲਖਪਤ ਦੀ ਫੌਜ ਨੇ ਚਾਰੇ ਪਾਸੀ ਘੇਰਾ ਪਾ

ਰਖਿਆ ਹੈ। ਕਈ ਮਹੀਨੇ ਇੰਜ ਬੈਠ ਜਦ ਲਖਪਤ ਦੀ ਕੋਈ ਵਾਹ ਨ ਚਲੀ, ਤਦ ਹਾਰ ਕੇ ਉਸਨੇ ਮੁਲਖਈਆ ਇਕੱਠਾ ਕੀਤਾ ਜਿਸਨੂੰ ਇਕ ਪਾਸਿਓਂ ਜੰਗਲ ਕਟਣ ਦਾ ਹੁਕਮ ਦਿੱਤਾ, ਦੂਜੇ ਪਾਸਿਓਂ ਜੰਗਲ ਨੂੰ ਅਗਨੀ ਲਗਾ ਦਿੱਤੀ, ਬਾਕੀ ਦੋ ਪਾਸਿਆਂ ਨੂੰ ਉਹਦੀ ਸੈਨਾ ਨੇ ਘੇਰਾ ਪਾ ਹੀ ਰਖਿਆ ਸੀ। ਸਿਖਾਂ ਉਪਰ ਇਹ ਸਮਾਂ ਹੋਰ ਵੀ ਜ਼ਿਆਦਾ ਕਠਨਤਾ ਦਾ ਆ ਗਿਆ।

ਖਾਲਸੇ ਦੇ ਦਲ ਵਿਚ ਬੁਢੇ ਸਨ, ਤੇ ਹਾਂ ਬੀਮਾਰ ਵੀ ਪਰ ਕੁਛ ਜਵਾਨ ਵੀ ਸਨ। ਨਿਰਦਈ ਲਖਪਤ ਦੇ ਦਿਲ ਵਿਚ ਰਤੀ ਜਿੰਨਾਂ ਖਯਾਲ ਨਹੀਂ ਆਇਆ ਕਿ ਮੈਂ ਕਿਸਦੇ ਨਾਲ ਵੈਰ ਕਰ ਰਿਹਾ ਹਾਂ ? ਮੇਰੇ ਇਸ ਵੈਰ ਦਾ ਫਲ ਮੇਰੇ ਦੇਸ਼ ਤੇ ਮੇਰੀ ਜਾਤੀ ਨੂੰ ਹੀ ਭੁਗਤਣਾ ਪਏਗਾ ? ਤੇ ਇਸ ਕੰਮ ਦਾ ਨਤੀਜਾ ਮੇਰੀ ਜ਼ਾਤ ਲਈ ਕੀ ਸਿਟਾ ਕਢੇਗਾ ? ਉਹਦੀ ਅਕਲ ਤੇ ਅਜਿਹਾ ਪਰਦਾ ਪੈ ਗਿਆ ਸੀ ਕਿ ਉਹ ਇਨ੍ਹਾਂ ਸੋਚਣ ਵਾਲੀਆਂ ਗਲਾਂ ਵਲ ਧਿਆਨ ਹੀ ਨਹੀਂ ਦੇਂਦਾ ਸੀ।

ਇਹ ਨਵੀਂ ਬਿਪਤ ਬਣੀ ਵੇਖ ਖਾਲਸਾ ਵਿਚਾਰ ਕਰਨ ਲਈ ਬੈਠਾ। ਖਾਲਸੇ ਪਾਸ ਨਾ ਹਥਿਆਰ ਹਨ, ਨਾ ਖੁਰਾਕ ਹੈ। ਸਰੀਰ ਢਕਣ ਦੇ ਕਪੜੇ ਵੀ ਲੀਰਾਂ ਹੋ ਗਏ ਹਨ, ਵੈਰੀ ਦੇ ਲਸ਼ਕਰ ਦਾ ਪਾਰਾਵਾਰ ਨਹੀਂ, ਕੀ ਖਾਲਸਾ ਵੈਰੀ ਦੇ ਅਗੇ ਹਥਿਆਰ ਸੁਟਕੇ ਆਪਣੇ ਆਪ ਨੂੰ ਵੈਰੀ ਦੇ ਹਵਾਲੇ ਕਰੇਗਾ ? ਨਹੀਂ ਨਹੀਂ, ਖਾਲਸਾ ਆਪਣੀਆਂ ਅੱਖਾਂ ਦੇ ਸਾਹਮਣੇ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੇ ਕਲਗੀਆਂ ਵਾਲੇ ਦੇ ਨਮੂਨੇ ਰਖਦਾ ਹੈ। ਆਪਾ ਅਰਪਣ ਨਾਲੋਂ ਆਪਾ ਵਾਰਨਾ ਪ੍ਰਵਾਨ ਕੀਤਾ ਗਿਆ। ਇਹ ਟਿਕਾਣਾ ਛਡਣ ਦਾ ਫੈਸਲਾ ਹੋਇਆ ਤੇ ਨਿਸ਼ਚਾ ਕੀਤਾ ਗਿਆ ਕਿ ਵੈਰੀ 'ਤੇ ਅੱਚਣਚੇਤ ਹੱਲਾ ਕਰਕੇ ਉਹਦੀ ਲਾਈਨ ਚੀਰ ਕੇ ਵਿਚੋਂ ਨਿਕਲਿਆ ਜਾਏ। ਅਰਦਾਸਾ ਸੋਧਿਆ, ਖਾਲਸੇ ਹੱਲਾ ਬੋਲਿਆ ਤੇ ਵੈਰੀ ਦਾ ਦਲ ਚੀਰਕੇ ਕਾਮਯਾਬੀ ਨਾਲ ਨਿਕਲ ਗਏ। ਲਖਪਤ ਦੀ ਸੈਨਾ ਨੇ ਹੁਣ ਫਿਰ ਪਿਛਾ ਕੀਤਾ, ਸਿੰਘ ਅਗੇ ਅਗੇ ਜਾ ਰਹੇ ਸਨ ਤੇ ਲਖਪਤ ਦੀ ਤੁਰਕਾਨੀ ਫੌਜ ਪਿੱਛੇ ਪਿੱਛੇ । ਲਖਪਤ ਨੇ ਹੁਣ ਅਗੇ ਤੋਪਾਂ, ਇਨਾਂ ਦੇ ਪਿੱਛੇ ਜੰਬੂਰੇ, ਇਨਾਂ ਦੇ ਪਿਛੇ ਘੁੜ ਸਵਾਰ ਤੇ ਇਨ੍ਹਾਂ ਦੇ ਪਿੱਛੇ ਪੈਦਲ ਸੈਨਾ ਕੀਤੀ।

ਖਾਲਸਾ ਅਗੇ ਨਠਦਾ ਨਠਦਾ ਠਹਿਰਦਾ, ਮੁੜ ਕੇ ਸ਼ਤਰੂ ਦੀ ਵਧਦੀ ਆ ਰਹੀ ਸੈਨਾ ਤੇ ਇਕ ਦਮ ਹਲਾ ਕਰਦਾ ਤੇ ਉਹਦੇ ਆਹੂ ਲਾਹ ਕੇ ਫਿਰ ਟਹਨ ਟੋ ਜਾਂਦਾ ਸੀ। ਇੰਜ ਲੜਦਿਆਂ ਭਿੜਦਿਆਂ ਰਾਵੀ ਦੇ ਕੰਢੇ ਤੇ ਪੁੱਜੇ। ਉਸ ਵੇਲੇ ਖਾਲਸੇ ਦੇ ਇਸ ਦਲ

ਦੀ ਜੋ ਦਸ਼ਾ ਸੀ ਉਹਦਾ ਹਾਲ ਗਯਾਨੀ ਗਯਾਨ ਸਿੰਘ ਜੀ ਨੇ ਇਓ ਲਿਖਯਾ ਹੈ:

ਸਿੰਘਨ ਕੇ ਪਾਸ, ਕਛੁ ਰਹਯੋ ਨ ਖਰਚ ਖਾਸ,
ਦਾਰੂ ਸਿੱਕਾ ਗਯੋ ਮੁਕ ਸਾਇਕ ਨਖੂਟੇ ਹੈਂ।
ਬਸਨ ਪੁਰਾਨੈ, ਹੈ ਹਿਰਾਨੇ ਖਾਨ ਕਾਨ ਬਿਨ,
ਗਾਤ ਕ੍ਰਿਸ ਭਏ ਗਏ ਬਲਤ ਨ ਟੂਟੇ ਹੈਂ।
ਟੂਟ ਗਏ ਆਯੁਧ ਨ ਕਾਮ ਕੋ ਹੈ ਰਹਯੋ ਕੋਊ
ਕੈਸੇ ਕਰੈਂ ਜੰਗ ਔ ਤੁਰੰਗ ਸਭ ਹੂਟੇ ਹੈਂ।
ਰੈਨ ਦਿਨ ਕਾਫ਼ਰੀ ਮੁਸਾਫਰੀ ਰਹਿਤ ਤੋਂ ਭੀ
ਅਫ਼ਰੀ ਹੈ ਸਿੰਘਨ ਕੇ ਧੀਰਜ ਨ ਛੂਟੇ ਹੈਂ।

ਗੁਸਾਈਂ ਤੁਲਸੀ ਦਾਸ ਜੀ ਨੇ ਲਿਖਿਆ ਹੈ:

ਧੀਰਜ ਧਰਮ ਮਿਤ੍ਰ ਅਰ ਨਾਰੀ।
ਆਪਤ ਕਾਲ ਪਰਖੀਏ ਚਾਰੀ।

ਖਾਲਸੇ ਦਾ 'ਧੀਰਜ' ਤੇ ਧਰਮ ਪ੍ਰਾਇਣਤਾ ਇਕ ਨਹੀਂ ਅਨੇਕਾਂ ਵਾਰ ਇਸ ਕਾਲੇ ਅਕਾਸ਼ ਦੇ ਵਲੋਂ ਅਜ਼ਮਾਇਆ ਜਾ ਚੁਕਾ ਸੀ ਤੇ ਕਰੜੀ ਤੋਂ ਕਰੜੀ ਪਰੀਖਯਾ ਨਾਲ ਅਜ਼ਮਾਇਆ ਜਾ ਚੁਕਾ ਸੀ। ਪਰ ਇਹ ਪ੍ਰੀਖਿਯਾ ਦੀ ਲੜੀ ਕਿਸੇ ਤਰਾਂ ਮੁਕਣ ਵਿਚ ਨਹੀਂ ਆਈ। ਖਾਲਸੇ ਦੇ ਸਿਰ ਤੇ ਇਸ ਤਰਾਂ ਦੀ ਜ਼ੁਲਮਾਂ ਦੀ ਕਾਲੀ ਬੋਲੀ ਰਾਤ ਆ ਗਈ ਸੀ ਜਿਸਦੇ ਪਹੁ ਫੁਟਾਲੇ ਦਾ ਮਮਾ ਆਉਂਦਾ ਦਿਸਦਾ ਹੀ ਨਹੀਂ ਸੀ। ਪਿੱਛੇ ਸਮੁੰਦਰ ਵਾਂਗ ਅਨਗਿਣਤ ਵੈਰੀ ਦੀ ਸੈਨਾ ਠਾਠਾਂ ਮਾਰਦੀ ਆ ਰਹੀ ਹੈ ਤੇ ਅਗੇ ਦਰਯਾ ਅਖਾਂ ਲਾਲ ਕਰੀ ਰਾਹ ਰੋਕੀ ਜਾ ਰਿਹਾ ਹੈ। ਹੁਣ ਕੀ ਕੀਤਾ ਜਾਏ ?

'ਨਾ ਜਾਏ ਰਫਤਨ ਵ ਨਾ ਜਾਏ ਮਾਂਦਨ'

ਨਾ ਜਾਣ ਦਾ ਰਾਹ ਤੇ ਨਾ ਠਹਿਰਨ ਦਾ ਟਿਕਾਣਾ ਵਾਲੀ ਗੱਲ ਬਣ ਗਈ। ਸਿੰਘ ਸੋਚਕੇ ਜਿਵੇਂ ਕਿਵੇਂ ਦਰਯਾ ਤੋਂ ਪਾਰ ਹੋਏ ਤੇ ਪਹਾੜ ਵਾਲੇ ਪਾਸੇ ਮੂੰਹ ਕੀਤਾ। ਉਨ੍ਹਾਂ ਦਾ ਖਿਆਲ ਸੀ ਕਿ ਹਿੰਦੂ ਪਹਾੜੀ ਰਾਜੇ ਸਿੱਖਾਂ ਦੀ ਦੇਸ਼ ਭਗਤੀ, ਹਿੰਦੂਆਂ ਦੀ ਰਖਿਆ ਤੇ ਧਰਮ ਪਾਲਨ ਦੇ ਕਾਰਨਾਮੇ ਅਨੇਕਾਂ ਵਾਰ ਵੇਖ ਚੁਕੇ ਹਨ, ਉਹ ਤੁਰਕਾਨੀ ਫੌਜ ਦੇ

ਖਾਲਸੇ ਨਾਲ ਛਿੜੇ ਜੰਗ ਵਿਚ ਜੇ ਖਾਲਸੇ ਦੀ ਮਦਦ ਨਹੀਂ ਕਰਨਗੇ ਤਦ ਘਟੋ ਘਟ ਕੁਛ ਦਿਨ ਸਹਾਰੇ ਲਈ ਪਹਾੜਾਂ ਵਿਚ ਠਹਿਰਨ ਦੀ ਰੋਕ ਨਹੀਂ ਕਰਨਗੇ। ਇਸ ਵਿਚਾਰ ਨਾਲ ਇਹ ਬਸੋਲੀ ਪੁੱਜਣ ਦਾ ਖਿਆਲ ਰਖ ਉਧਰ ਟੁਰੇ।

ਸਵਾਰੀ ਦੀ ਅਣਹੋਂਦ, ਜੰਗ ਦੇ ਹਥੋਂ ਸਰੀਰ ਥਕੇਵੇਂ ਨਾਲ ਚੂਰ, ਤੇ ਖੁਰਾਕ ਵਲੋਂ ਤਾਂ ਕੁਛ ਚਿਰ ਤੋਂ ਖਾਲਸੇ ਦੀਆਂ ਦੇਗਾਂ ਮਸਤਾਨੀਆਂ ਸਨ। ਦਿਨ ਫਾਕਿਆਂ ਤੇ ਰਾਤ ਕੜਾਕਿਆਂ ਵਿਚ ਹੀ ਬੀਤਦੀ ਸੀ। ਭੰਗੂ (ਰਤਨ ਸਿੰਘ ਭੰਗੂ) ਜੀ ਲਿਖਦੇ ਹਨ:

ਅੱਧੀ ਮੌਤ ਮੁਸਾਫਰੀ, ਸਾਰੀ ਮੌਤ ਸੁ ਭੁੱਖ।
ਉਹਾਂ ਆਇ ਦੋਊ ਮਿਲੀ, ਯਹ ਭਯੋ ਖਾਲਸੇ ਦੁੱਖ*।

ਖਾਲਸਾ ਬਸੋਲੀ ਵੱਲ ਟੁਰਿਆ ਤੇ ਇਸ ਖਿਆਲ ਤੋਂ ਟੁਰਿਆ ਕਿ ਸ਼ਾਇਦ ਇਨਾਂ ਪਹਾੜਾਂ ਵਿਚ ਥਕੇਵਾਂ ਉਤਾਰਨ, ਆਪਣੀ ਹਾਲਤ ਦਰੁਸਤ ਕਰਕੇ ਫਿਰ ਆਪਣਾ ਪ੍ਰੋਗਰਾਮ ਨਵੇਂ ਦਮ ਖਮ ਨਾਲ ਸ਼ੁਰੂ ਕਰਨ ਦਾ ਸਮਾਂ ਮਿਲ ਜਾਏ ਪ੍ਰੰਤੂ ਉਥੇ:

ਨਰ ਚਾਹਤ ਕਿਛ ਆਉਰ ਅਉਰੈ ਕੀ ਅਉਰੈ ਭਈ

ਵਾਲੀ ਗੱਲ ਬਣ ਗਈ। ਹਿੰਦੂ ਰਾਜੇ ਆਪਣੀ ਸੈਨਾ ਲੈ ਦਲ ਬਲ ਨਾਲ ਆ ਖੜੋਤੇ ਰਾਹ ਰੋਕਣ ਲਈ ? ਹੈਂ ! ਨਹੀਂ ਗੋਲੀਆਂ, ਤੀਰਾਂ, ਬਰਛੀਆਂ ਤੇ ਭਾਲਿਆਂ ਨਾਲ ਖਾਲਸੇ ਦਾ ਸਵਾਗਤ ਕਰਨ ਲਈ ਆ ਖੜੋਤੇ। ਕੁਛ ਮਾਰੇ ਕੁਛ ਫੜੇ ਤੇ ਕੁਛ ਪਿਛੇ ਮੁੜੇ । ਜੋ ਸਿੱਖ ਪੜੋਲ ਕਠੂਹੇ ਦੇ ਮੁਕਾਮਾਂ ਵੱਲ ਪਛੋਂ ਨੂੰ ਵਧੇ ਸਨ ਇਹਨਾਂ 'ਤੇ ਅਚਣਚੇਤ ਹਲਾ ਹੋ ਗਿਆ। ਕਾਫ਼ੀ ਗਿਣਤੀ ਵਿਚ ਸਿੰਘ ਮਾਰੇ ਗਏ।

ਬਾਕੀ ਦੇ ਖਾਲਸੇ ਨੇ ਇਸ ਪਾਸੋਂ ਨਿਰਾਸ ਹੋ ਸਿਧਾ ਪਹਾੜ ਵਲ ਮੂੰਹ ਕੀਤਾ। ਸਾਹਮਣੇ ਅਕਾਸ਼ ਨਾਲ ਗਲਾਂ ਕਰਦੇ ਪਹਾੜ ਸਨ, ਚੜਨਾ ਅਤਿ ਕਠਨ ਸੀ ਤੇ ਰੋਕਾਂ ਦੇ ਸਾਮਾਨ ਕਈ ਥਾਂ ਖੜੇ ਸਨ। ਖਾਲਸੇ ਨੇ ਪਿਛੇ ਤਕਿਆ ਤੁਰਕਾਨੀ ਸੈਨਾ ਟਿਡੀ ਦਲ ਨਜ਼ਰੀ ਪਈ, ਜੋ ਦਰਯਾ ਪਾਰ ਹੋ ਕੇ ਮਗਰੇ ਮਗਰ ਆ ਰਹੀ ਸੀ।

ਸ਼ਬੇ ਤਾਰੀਕ ਬੀਮੋ ਮੌਜ, ਗਿਰਦਾਬੇ ਚੁਨੀ ਹਾਇਲ।
ਕੁਜਾ ਦਾਨੰਦ ਹਾਲੇ ਮਾ, ਸੁਬਕ ਸਾਰਾਨੇ ਸਾਹਿਲ ਹਾ।

---

* ਪ੍ਰਾਚੀਨ ਪੰਥ ਪ੍ਰਕਾਸ਼, ੧੯੯੩, ਪੰਨਾ. ੩੧੧ – ਸੰਪਾ.

ਇਹ ਹਾਫ਼ਿਜ਼ ☆ ਜੀ ਦਾ ਕਥਨ ਹੈ। ਇਹਦਾ ਟੀਕਾ ਕਿਸੇ ਪੰਜਾਬੀ ਕਵਿ ਨੇ ਇੰਜ ਕੀਤਾ ਹੈ :

ਰਾਤ ਹਨੇਰੀ ਘੁੰਮਣ ਘੇਰੀ, ਪਾਣੀ ਠਾਠਾਂ ਮਾਰੇ।
ਉਹ ਕੀ ਜਾਨਣ ਹਾਲ ਅਸਾਡਾ, ਜੇਹੜੇ ਵਸਣ ਕੰਧਿ ਕਨਾਰੇ।

ਹਾਫ਼ਜ਼ ਜੀ ਨੇ ਕਿਸ ਸੰਕਟ ਵਿਚ ਪੈਕੇ ਆਪਣੇ ਦਿਲ ਦੀ ਅਵਸਥਾ ਪ੍ਰਗਟ ਕਰਨ ਲਈ ਇਹ ਵਾਕ ਕਹੇ ? ਜਾਂ ਕਿਸੇ ਨੂੰ ਕਿਸ ਸੰਕਟ ਵਿਚ ਪਿਆ ਵੇਖ, ਉਨਾਂ ਦਾ ਹਿਰਦਾ ਕੰਬਿਆ ਤੇ ਉਨਾਂ ਦੇ ਮੂੰਹ ਤੋਂ ਬੇਵਸੇ ਇਹ ਵਾਕ ਨਿਕਲ ਗਏ, ਇਸ ਗੱਲ ਦਾ ਪਤਾ ਨਹੀਂ ਲਗਾ। ਅਤੇ ਨਾਹੀਂ ਹੁਣ ਤਕ ਕਿਸੇ ਇਹ ਗਲ ਲਭਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਹਾਫ਼ਜ਼ ਜੀ ਦੇ ਕਵਿ ਦਿਮਾਗ ਦਾ ਔਜ ਤੇ ਮੌਜ ਹੈ ਜਾਂ ਕੁਛ ਹੋਰ। ਪਰ ਬਸੋਲੀ ਦੇ ਪਾਸ ਜੁੜੇ ਖਾਲਸੇ ਦੀ ਦਸ਼ਾ ਹਾਫ਼ਜ਼ ਜੀ ਦੇ ਦਸੇ ਸੰਕਟ ਨਾਲੋਂ ਵਧੀਕ ਦਿਲ ਹਿਲਾਣ, ਖ਼ੂਨ ਸੁਕਾਣ, ਸਿਥਲ ਬਨਾਣ, ਸਰੀਰ ਕੰਬਾਣ ਤੇ ਹੋਸ਼ ਉਡਾਣ ਵਾਲੀ ਹੈ।

ਬਸੋਲੀ ਜਸਰੋਟਾ ਤਸੀਲ ਇਲਾਕਾ ਜੰਮੂ ਵਿਚ ਦਰਯਾਏ ਰਾਵੀ ਦੇ ਕੰਢੇ ਤੇ ਇਕ ਪਹਾੜੀ ਪਿੰਡ ਹੈ। ਲਖਪਤ ਦੀ ਵੱਧਦੀ ਆ ਰਹੀ ਫੌਜ ਦੇ ਅਗੇ ਅਗੇ ਕੂਚ ਕਰਦਾ ਖਾਲਸਾ ਬਸੋਲੀ ਪੁੱਜਾ। ਸਾਹਮਣੇ ਪਹਾੜ ਤੇ ਅਕਾਸ਼ ਨਾਲ ਗਲਾਂ ਕਰਦੇ ਪਹਾੜ, ਜਿਨ੍ਹਾਂ ਤੇ ਚੜ੍ਹਨ ਲਈ ਨਾ ਰਾਹ, ਨ ਪਗਡੰਡੀ, ਤੇ ਕੋਈ ਸੜਕ ਨਹੀਂ ਦਿਸਦੀ, ਪਰ ਉਨ੍ਹਾਂ ਦੇ ਉਤੇ ਥਾਂ ਥਾਂ ਤੇ ਪਹਾੜੀਆਂ ਦੀ ਸੈਨਾਂ ਮੋਰਚੇ ਬਣਾਈ ਨਿਸ਼ਾਨੇ ਜਮਾਈ ਖੜੀ ਹੈ। ਪਿਛੇ ਲਸ਼ਕਰ ਤੇ ਹਾਂ ਲਖਪਤ ਰਾਏ ਦਾ ਟਿਡੀ ਦਲ ਲਸ਼ਕਰ ਖੜਾ ਹੈ, ਖਬੇ ਹਥ ਨਵਾਬ ਤੇ ਪਹਾੜੀ ਰਾਜਿਆਂ ਦੀ ਸੈਨਾਂ ਬਿਜਲੀ ਦੀਆਂ ਅੱਖਾਂ ਚੁੰਧਿਆਣ ਵਾਲੇ ਹਥਿਆਰ ਚਮਕਾ ਰਹੀ ਹੈ, ਸਜੇ ਹੱਥ ਦਰਿਆ ਰਾਵੀ ਦਾ ਪਾਣੀ ਪਹਾੜਾਂ ਤੇ ਵਰਖਾ ਹੋ ਜਾਣ ਦੇ ਕਾਰਨ ਕੰਢਿਆਂ ਤੋਂ ਬਾਹਰ ਆ ਰਿਹਾ ਹੈ।

ਸ਼ੂੰਕੇ ਫੂੰਕੇ ਚਕ ਚਕ ਡੰਡ।
ਘੁੰਮਨ ਘੇਰਨ ਭਯਾਨ ਪ੍ਰਚੰਡ।
ਬਹੁਤ ਜੋਰ ਸੋ ਗਾਜਤ ਆਵੈ।
ਬਹੁਤ ਬ੍ਰਿਛਨ ਕੀ ਜੜ੍ਹਾਂ ਪੁਟਾਵੈ।

---

* ਖਵਾਜਾ ਸ਼ਮੁਸ-ਉ-ਦੀਨ ਮੁਹੰਮਦ ਹਾਫਿਜ਼, ਸ਼ੀਰਾਜ਼ੀ (ਈਰਾਨ)।- ਸਪਾ:

ਉਹਾਂ ਪੁਰਸ਼ ਕੀ ਕੌਨ ਚਲਾਵੈ।
ਤੋੜਤ ਸਿਲਾ ਪੱਥਰ ਕੀ ਆਵੈ।

(ਰਤਨ ਸਿੰਘ ਜੀ ਭੰਗੂ) *

ਇਕ ਨਹੀ, ਦੋ ਨਹੀਂ, ਤਿੰਨ ਨਹੀਂ ਚਾਰੇ ਪਾਸਿਆਂ ਤੋਂ ਮੌਤ ਮੂੰਹ ਖੋਹਲ ਸਾਹਮਣੇ ਖੜੀ ਹੈ। ਖਾਲਸਾ ਚਾਲੇ ਪਾਵੇ ਤਾਂ ਕਿਸ ਪਾਸੇ-?

ਇਤਿਹਾਸ ਦਸਦਾ ਹੈ ਕਿ ਤੋਪਾਂ ਦੇ ਜ਼ਮੀਨ ਨੂੰ ਕੰਬਾ ਦੇਣ ਵਾਲੇ ਗੋਲਿਆਂ ਦੀ ਛਣਕਾਰ ਵਿਚ ਖਾਲਸੇ ਦਾ ਜਨਮ ਹੋਇਆ, ਖੰਡੇ ਦੀ ਗੁੜ੍ਹਤੀ ਪਾਈ, ਢਾਲਾਂ ਦੇ ਝੂਲੇ ਝੂਲਿਆਂ ਤੇ ਨੇਜ਼ਿਆਂ ਦੇ ਸਾਏ ਵਿਚ ਪ੍ਰਵਰਸ਼ ਪਾਈ।

ਉਹ ਖਾਲਸਾ ਜੇਹੜਾ ਸਦਾ ਹੀ ਸ਼ਹੀਦੀ ਦੇ ਚਾਓ ਵਿਚ ਮਸਤ ਸੀ, ਸ਼ਹਾਦਤ ਨੂੰ ਅੱਖਾਂ ਦੇ ਸਾਹਮਣੇ ਆਉਣ ਤੇ ਵਿਚਾਰ ਕਰਨ ਲਈ ਬੈਠ ਗਿਆ ਕਿ ਹੁਣ ਕੇਹੜੀ ਵਿਉਂਤ ਤੇ ਵਰਤੋਂ ਕੀਤੀ ਜਾਏ। ਇਨਾਂ ਵਿਚੋਂ ਲੜਨ ਲਈ ਹਰ ਇਕ ਉਤਾਵਲਾ ਸੀ। ਸ਼ਹਾਦਤ ਦੇ ਚਾਉ ਨਾਲ ਸਭ ਦੀਆਂ ਅੱਖਾਂ ਲਾਲ ਸਨ। ਬੀਰ ਰਸ ਚੇਹਰਿਆਂ ਤੇ ਦਮਕਾਂ ਮਾਰਦਾ ਤੇ ਰਗਾਂ ਵਿਚ ਖਾਲਸੋਈ ਖੂਨ ਦੌੜ ਰਿਹਾ ਸੀ। ਪ੍ਰੰਤੂ ਜਥੇਦਾਰ ਜੀ ਕਹਿੰਦੇ ਸਨ ਗੋਲੀ ਬਾਰੂਦ ਹੈ ਨਹੀਂ, ਤਲਵਾਰਾਂ ਦੇ ਮੂੰਹ ਟੁਟ ਚੁਕੇ ਹਨ, ਨੇਜਿਆਂ ਦੀਆਂ ਅਣੀਆਂ ਵਿੰਗੀਆਂ ਹਨ ਤੇ ਕਈ ਮਹੀਨਿਆਂ ਦੀ ਲਗਾਤਾਰ ਲੜਾਈ ਲੜਨ ਤੋਂ ਤੀਰਾਂ ਦੇ ਭਥੇ ਖ਼ਾਲੀ ਹੋ ਗਏ ਹਨ। ਇਸ ਵਾਸਤੇ ਇਨੇ ਪ੍ਰਬਲ ਸ਼ਤਰੂ ਨਾਲ ਜਿਸ ਦੀ ਗਿਣਤੀ ਦਾ ਹਿਸਾਬ ਨਹੀਂ, ਸਾਮਾਨ ਦਾ ਪਾਰਾਵਾਰ ਨਹੀਂ, ਪਹਾੜ ਮਦਦ 'ਤੇ ਹਨ ਤੇ ਦਰਯਾ ਵੀ ਉਨਾਂ ਦਾ ਸਾਥ ਦੇ ਰਿਹਾ ਹੈ, ਜੰਗ ਬਚਾਣਾ ਹੀ ਚੰਗਾ ਹੈ। ਇਹ ਵਿਚਾਰ ਕੇ ਖਾਲਸੇ ਦਰਯਾ ਵੱਲ ਮੂੰਹ ਕੀਤਾ।

ਹੁਣ ਵਿਚਾਰ ਹੋਈ ਕਿ ਦਰਯਾ ਦੇ ਪਾਣੀ ਦਾ ਅੰਦਾਜ਼ਾ ਲਾਇਆ ਜਾਏ। ਉਹਦਾ ਉਪਾ ਇਹ ਸੀ ਕਿ ਦਰਯਾ ਵਿਚ ਉਤਰ ਕੇ ਵੇਖਯਾ ਜਾਏ ਕਿ ਪਾਣੀ ਕਿਸ ਥਾਂ ਤੇ ਥੋੜਾ ਤੇ ਦਰਯਾ ਦਾ ਪਾਟ ਕਿਸ ਥਾਂ ਤੋਂ ਘਟ ਚੌੜਾ ਹੈ। ਇਹ ਗੱਲ ਨਿਸ਼ਚਤ ਸੀ ਕਿ ਦਰਯਾ ਵਿਚ ਉਤਰਨ ਵਾਲਾ ਹੈ ਨਹੀਂ। ਜਥੇਦਾਰ ਨੇ ਪੁੱਛਿਆ ਕਿ ਖਾਲਸਾ ਜੀ ਐਸ ਵੇਲੇ ਕੋਈ ਸਿੰਘ ਹੈ ਜੋ ਦਰਯਾ ਵਿਚ ਉਤਰੇ। ਡਲੇ ਵਾਲਿਆਂ ਦੀ ਮਿਸਲ ਦੇ ਮੋਢੀ ਸਰਦਾਰ

---

* ਪ੍ਰਾਚੀਨ ਪੰਥ ਪ੍ਰਕਾਸ਼, ੧੯੯੩, ਪੰਨਾ. ੩੧੨ – ਸੰਪਾ.

ਗੁਰਦਿਆਲ ਸਿੰਘ, ਹਰਦਿਆਲ ਸਿੰਘ ਜੀ ਦੇ ਭਰਾਤਾ ਜੋ ਚੜ੍ਹਦੀ ਜਵਾਨੀ, ਬਾਂਕੇ, ਬਲੀ ਤੇ ਸਜੀਲੇ ਜਵਾਨ ਸਨ ਹੱਥ ਜੋੜਕੇ ਖੜੇ ਹੋ ਗਏ ਕਿ ਅਸੀਂ ਇਸ ਸੇਵਾ ਲਈ ਹਾਜ਼ਰ ਹਾਂ। ਨਦੀ ਦੇ ਵੇਗ ਨੂੰ ਪਰਤਾਉਣ ਲਈ।

ਖਾਲਸਾ ਜੀ ! ਇਹ ਗ਼ੌਰ ਕਰਨ ਵਾਲੀ ਗਲ ਹੈ, ਆਪਨੇ ਸੁਣੀ ਹੈ ? ਕਿਸੇ ਕਮੇਟੀ ਦੀ ਪ੍ਰੈਜ਼ੀਡੰਟੀ ਲਈ ਨਹੀਂ, ਸਿਕਤਰੀ ਲਈ ਨਹੀਂ, ਭੰਡਾਰੀ ਹੋਣ ਲਈ ਨਹੀਂ, ਮੌਤ ਦੇ ਮੂੰਹ ਵਿਚ ਜਾਣ ਲਈ ਦੋ ਸਕੇ ਭਰਾ ਤਿਆਰ ਹੋਏ ਹਨ। ਇਕ ਘਰ ਦੇ ਦੋ ਨੌ ਨਿਹਾਲ ਸੰਸਾਰਕ ਨੁਕਤੇ ਤੋਂ ਆਪਣਾ ਖਾਨਦਾਨ ਨਸ਼ਟ ਕਰਨ ਲਈ ਤਿਆਰ ਹੋਏ ਹਨ। ਕਿਸ ਖਿਆਲ ਨੇ ਉਨ੍ਹਾਂ ਨੂੰ ਇਨੀ ਮਹਾਨ ਕੁਰਬਾਨੀ ਕਰਨ ਲਈ ਪ੍ਰੇਰਿਆ ਹੈ ? ਉਨਾਂ ਦੇ ਦਿਲਾਂ ਵਿਚ ਚਾਉ ਹੈ ਕਿ ਸਾਡੀ ਮੌਤ ਪੰਥ ਦੀਆਂ ਮੁਸ਼ਕਲਾਂ ਦਾ ਹਲ ਹੋਵੇਗੀ ਤੇ ਸਾਡੀ ਤਕਲੀਫ ਗੁਰੂ ਪੰਥ ਦੀ ਬਿਪਤ ਕਟੇਗੀ ਇਹ ਵਿਚਾਰਕੇ ਉਠੇ ਤੇ ਬੇਨਤੀ ਕਰਦੇ ਹਨ।

ਉਹ ਲੋਕ ਜੇਹੜੇ ਪਾਰਟੀਬਾਜ਼ੀ ਦੇ ਨਸ਼ੇ ਵਿਚ, ਲੀਡਰੀ ਦੀ ਹਵਸ ਵਿਚ, ਇੱਜ਼ਤ ਦੀ ਤਲਾਸ਼ ਵਿਚ, ਤੇ ਸਵਾਰਥ ਦੀ ਸਿਧੀ ਲਈ ਕੌਮ ਦੀ ਇੱਜ਼ਤ ਆਬਰੂ ਨੂੰ ਮਿਟੀ ਵਿਚ ਮਿਲਾ ਤੇ ਪੰਥ ਦੀ ਹਸਤੀ ਨੂੰ ਖਤਰੇ ਵਿਚ ਪਾ ਰਹੇ ਹਨ ਵਿਚਾਰ ਕਰਨ ਕਿ ਉਹ 'ਮੈਂ' ਤੇ 'ਮੇਰੀ' ਦੇ ਪਿੱਛੇ ਲੱਗ ਕੇ ਕੌਮ ਦੇ ਖੂਨ ਨਾਲ ਨਹਾ ਰਹੇ ਹਨ ਪ੍ਰੰਤੂ ਸਾਡੇ ਬਜ਼ੁਰਗ, ਪੰਥ ਨੂੰ ਆਪਤ ਵਿਚ ਵੇਖ ਸੰਸਾਰ ਦੇ ਉਹ ਸਾਰੇ ਪਦਾਰਥ ਜਿਨਾਂ ਨਾਲ 'ਮੈਂ' ਤੇ 'ਮੇਰੀ' ਲਗ ਸਕਦੀ ਹੈ, ਤੁਛ ਜਾਣ ਵਾਰ ਦੇਂਦੇ ਸਨ। ਹਾਂ ਇਹ ਦੋਨੋਂ ਸਿੰਘ ਉਠੇ, ਖਾਲਸੇ ਤੋਂ ਆਗਿਆ ਲਈ ਘੋੜਿਆਂ ਤੇ ਸਵਾਰ ਹੋਏ ਤੇ ਦਰਯਾ ਵਿਚ ਉਤਰੇ। ਅਜੇ ਦਸ ਕਦਮ ਵੀ ਘੋੜੇ ਨਹੀਂ ਗਏ ਸਨ ਕਿ ਪਾਣੀ ਦੀਆਂ ਲਹਿਰਾਂ ਬਿਨਾਂ ਛੈਲ ਛਬੀਲਿਆਂ ਦੇ ਆਪਾ ਵਾਰਨ ਦੇ ਭਾਵਾਂ ਤੇ ਮੋਹਤ ਹੋ ਤੜਫੜ ਉਠੀਆਂ। ਪਾਣੀ ਇਨਾਂ ਦੇ ਮਸਤਕ ਚੁੰਮਣ ਲਈ ਉਛਲਿਆ ਤੇ ਦਰਯਾ ਨੇ ਇਨਾਂ ਅਨਮੋਲ ਰਤਨਾਂ ਨੂੰ ਇਸ ਬੇਕਦਰੇ ਸੰਸਾਰ ਦੀਆਂ ਅਖੀਆਂ ਤੋਂ ਸਦਾ ਲਈ ਉਹਲੇ ਕਰ ਸਦੀਵੀ ਸੁੱਖ ਦੀ ਨੀਂਦਰ ਆਪਣੀ ਗੋਦ ਵਿਚ ਸੁਲਾ ਦਿਤਾ।

ਦਰਯਾ ਦੇ ਚੜ੍ਹਾਉ ਦਾ ਜ਼ੋਰ ਤੇ ਅਥਾਹ ਟਿਕਾਣਾ ਵੇਖ ਸਿੰਘਾਂ ਨੇ ਵਿਚਾਰ ਕੀਤੀ ਕਿ ਇਸ ਵਿਚ ਉਤਰਨਾ ਨਿਸ਼ਚਤ ਮੌਤ ਦੇ ਮੂੰਹ ਵਿਚ ਜਾਣਾ ਹੈ। ਜੇ ਦਰਯਾ ਵਿਚ ਵੀ ਮੌਤ ਹੈ ਤੇ ਸ਼ਤਰੂ ਨਾਲ ਲੜਕੇ ਵੀ ਮੌਤ, ਤਦ ਦਰਯਾ ਵਿਚ ਰੁੜ੍ਹ ਕੇ ਮਰਨ ਨਾਲੋਂ ਸ਼ਤਰੂ

ਨਾਲ ਜੰਗ ਕਰਕੇ ਮਰਨਾ ਬੀਰਤਾ ਹੈ, ਸੂਰਮਤਾ ਹੈ, ਜਵਾਂਮਰਦੀ ਹੈ, ਤੇ ਆਨ ਸ਼ਾਨ ਵਾਲੀ ਮੌਤ ਹੈ। ਇਹ ਵਿਚਾਰ ਪਹਾੜ ਦੇ ਲਾਗੇ ਦੇ ਸਿੰਘਾਂ ਨੇ ਪਹਾੜ 'ਤੇ ਚੜ੍ਹਨਾ ਸ਼ੁਰੂ ਕੀਤਾ। ਉਪਰ ਖੜੋਤੇ ਰਾਜਪੂਤਾਂ ਨੇ ਇਨ੍ਹਾਂ 'ਤੇ ਪੱਥਰ, ਤੀਰ, ਬੰਦੂਕਾਂ ਤੇ ਤੋਪਾਂ ਨਾਲ ਹੱਲਾ ਬੋਲਿਆ। ਸਿੰਘ ਨਿਵਾਣ ਵਲ ਸਨ ਤੇ ਪਹਾੜੀਏ ਉਚਾਣ 'ਤੇ ਇਸ ਕਰਕੇ ਪਹਾੜੀਆਂ ਦਾ ਹਰ ਵਾਰ ਟਿਕਾਣੇ 'ਤੇ ਬੈਠਦਾ ਸੀ। ਸਿੰਘਾਂ ਦੇ ਸਾਹਮਣੇ ਤਿੰਨ ਕੰਮ ਸਨ, ਉਪਰ ਚੜ੍ਹਨਾ, ਵੈਰੀ ਦਾ ਵਾਰ ਬਚਾਣਾ ਤੇ ਆਪ ਹੱਲਾ ਕਰਨਾ। ਇਹ ਬੜੀ ਕਠਨ ਖੇਡ ਸੀ। ਢਹਿੰਦੇ ਡਿਗਦੇ ਸਿੰਘਾਂ ਨੇ ਇਕ ਟਿਬੇ 'ਤੇ ਕਬਜ਼ਾ ਕਰ ਲਿਆ। ਵੈਰੀ ਇਕ ਦਮ ਟੁਟਕੇ ਆ ਪਿਆ, ਘਮਸਾਨ ਦਾ ਜੁਧ ਮਚਿਆ, ਉਹ ਪਹਾੜੀ ਖ਼ੂਨ ਨਾਲ ਧੋਤੀ ਗਈ। ਪਹਾੜੀਆਂ ਨੇ ਇਹ ਮੋਰਚਾ ਖਾਲਸੇ ਤੋਂ ਖਾਲੀ ਕਰਾ ਲਿਆ। ਹੁਣ ਖਾਲਸੇ ਨੂੰ ਸਿਰ ਲੁਕਾਉਣ ਲਈ ਓਟ ਦੀ ਲੋੜ ਸੀ। ਭਾਲਿਆਂ, ਤੀਰਾਂ ਤੇ ਕ੍ਰਿਪਾਨਾਂ ਨਾਲ ਖਾਵਾਂ ਪੁਟ ਪੁਟ ਕੇ ਮੋਰਚੇ ਬਨਾਣ ਲਗੇ। ਇਕ ਵੇਰ ਫ਼ਿਰ ਸਿੰਘਾਂ ਹਲਾ ਕੀਤਾ ਤੇ ਉਸ ਪਹਾੜੀ 'ਤੇ ਕਬਜਾ ਕਰ ਲਿਆ। ਪਹਾੜੀ 'ਤੇ ਚੜ੍ਹੇ ਸਿੰਘ ਪਿਆਦਾ ਸਨ, ਘੁੜਸਵਾਰਾਂ ਨੂੰ ਬਥੇਰਾ ਜਤਨ ਕਰਨ 'ਤੇ ਵੀ ਉਨ੍ਹਾਂ ਪਾਸ ਪੁਜਣ ਦੀ ਕਾਮਯਾਬੀ ਨਾ ਹੋਈ। ਇਕ ਰਾਹ ਨਜ਼ਰੀ ਪਿਆ, ਉਸ ਰਾਹ ਨੂੰ ਜਦ ਉਪਰ ਵਲ ਟੁਰੇ ਤਾਂ ਕੁਛ ਦੂਰ ਜਾ ਕੇ ਦਰਯਾ ਦੀ ਢਾਹ ਲਗ ਪਈ, ਜਿਸਤੋਂ ਖਾਲਸੇ ਦਾ ਕਾਫ਼ੀ ਨੁਕਸਾਨ ਹੋਇਆ। ਅਗਲੇ ਪਿਛਲਿਆਂ ਵਲ ਵੇਖਦੇ ਸਨ ਤੇ ਪਿਛਲੇ ਅਗਲਿਆਂ ਵਲ ਪਰ ਕੋਈ ਕਿਸੇ ਦੀ ਸਹਾਇਤਾ ਨਹੀਂ ਕਰ ਸਕਦਾ ਸੀ।

ਖਾਲਸੇ ਨੂੰ ਸ਼ਸਤਰਾਂ ਦੀ ਤੋਟ, ਗੋਲੀ ਬਾਰੂਦ ਦੀ ਕਮੀ, ਲੰਗਰ ਮਸਤਾਨੇ ਤੇ ਭੁੱਖ ਨਾਲ ਸਰੀਰ ਨਢਾਲ ਸਨ ਪਰ ਇਸ ਆਫਤ ਵਿਚ ਵੀ ਖਾਲਸੇ ਨੇ ਧੀਰਜ਼ ਨਹੀਂ ਛਡਿਆ, ਹਿੰਮਤ ਨਹੀਂ ਹਾਰੀ, ਚੜ੍ਹਦੀਆਂ ਕਲਾਂ ਵਿਚ ਸਨ। 'ਅਕਾਲ ਅਕਾਲ' ਦੀ ਗੂੰਜ ਨਾਲ ਪਹਾੜ ਗੂੰਜ ਰਹੇ ਸਨ। ਖੰਡਾ ਖੜਕ ਰਿਹਾ ਸੀ, ਤਲਵਾਰਾਂ ਚਲ ਰਹੀਆਂ ਸਨ, ਤੀਰ ਆਪਣਾ ਕੰਮ ਕਰ ਰਹੇ ਸਨ ਤੇ ਸਿੰਘ ਸ਼ਹੀਦੀਆਂ ਦੇ ਖੁਲ੍ਹੇ ਗਫੇ ਪਰਾਪਤ ਕਰ ਰਹੇ ਸਨ।

ਇੰਜ ਖਾਲਸੇ ਦਾ ਇਕ ਦਲ ਲੜਦਿਆਂ ਭਿੜਦਿਆਂ ਪਹਾੜੋਂ ਪਾਰ ਉਤਰ ਗਿਆ।

ਜਿਹੜੇ ਸਿੰਘ ਪਹਾੜ 'ਤੇ ਨਹੀਂ ਚੜ੍ਹੇ ਉਨ੍ਹਾਂ ਵਿਚ ਖਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ, ਜਥੇਦਾਰ ਕਪੂਰ ਸਿੰਘ, ਸ੍ਰਦਾਰ ਜੱਸਾ ਸਿੰਘ ਆਹਲੂਵਾਲੀਆ, ਸ੍ਰ. ਜੱਸਾ ਸਿੰਘ ਰਾਮਗੜ੍ਹੀਆ, ਸ੍ਰ. ਚੜ੍ਹਤ ਸਿੰਘ ਤੇ ਸ੍ਰ. ਹਰੀ ਸਿੰਘ ਆਦਿਕ ਮੁਖੀ ਸਨ।

ਇਨਾਂ ਵਿਚਾਰ ਕੀਤੀ ਕਿ ਦਰਿਆ ਰਾਹ ਨਹੀ ਦੇਂਦਾ, ਪਹਾੜ ਦੀ ਚੜ੍ਹਾਈ ਉਮ ਤੋਂ ਵੀ ਕਰੜੀ ਹੈ, ਬਾਕੀ ਦੋ ਤਰਫ ਵੈਰੀ ਦੀ ਸੈਨਾ ਹੈ, ਹੁਣ ਕੀਤਾ ਜਾਏ ਤਾਂ ਕੀ ਕੀਤਾ ਜਾਏ? ਕਾਫ਼ੀ ਵਿਚਾਰ ਮਗਰੋਂ ਫੈਸਲਾ ਹੋਇਆ ਕਿ ਪਿੱਛੋ ਹੱਲਾ ਬੋਲਕੇ ਸ਼ੱਤਰੂ ਦੀ ਸੈਨਾਂ ਵਿਚੋਂ ਰਾਹ ਕੱਢਣਾ ਚਾਹੀਦਾ ਹੈ। ਕਪੂਰ ਸਿੰਘ ਆਦਿਕ ਜਥੇਦਾਰ ਅਗੇ ਹੋਏ ਤੇ ਸ਼ੇਰ ਵਾਂਗ ਭਬਕ ਕੇ ਵੈਰੀ ਤੇ ਇਕੋ ਵਾਰ ਜਾ ਪਏ। ਚੜ੍ਹਤ ਸਿੰਘ ਦੀ ਚੜ੍ਹਤ ਵੇਖਣ ਵਾਲੀ ਸੀ। ਉਹਦੇ ਸਾਥੀ ਘੁੜ ਸਵਾਰ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਵੈਰੀ ਨੂੰ ਅਗੇ ਦਬਾਈ ਜਾ ਰਹੇ ਸਨ। ਦੀਪ ਸਿੰਘ ਜੀ ਦਾ ਖੰਡਾ ਵੈਰੀਆਂ ਦੇ ਆਹੂ ਲਾਹ ਰਿਹਾ ਸੀ। ਗੁਰਬਖਸ਼ ਸਿੰਘ ਗੁਰੂ ਦੇ ਬਖਸ਼ੇ ਬਲ ਨਾਲ ਵੈਰੀ ਦੀਆਂ ਸਫਾਂ ਦੀਆਂ ਸਫਾਂ ਉਲਟਾ ਰਿਹਾ ਸੀ। ਹਰੀ ਸਿੰਘ ਸ਼ੇਰ ਵਾਂਗ ਗੱਜਦਾ ਲੱਖਪਤ ਦੀ ਸੈਨਾ ਨੂੰ ਪਛਾੜਦਾ ਅਗੇ ਵਧਣ ਲੱਗਾ। ਜੱਸਾ ਸਿੰਘ ਦੀ ਤਲਵਾਰ ਦੇ ਵਾਰ ਕਿਆਮਤ ਦਾ ਨਕਸ਼ਾ ਵਿਖੇ ਰਹੇ ਸਨ, ਤੇ ਸੁੱਖਾ ਸਿੰਘ ਦੀ ਗੋਲੀ ਵੈਰੀਆਂ ਦੇ ਦਲਾਂ ਦੇ ਦਲਾਂ ਨੂੰ ਖੂਨੀ ਹੋਲੀ ਖਿਡਾ ਰਹੀ ਸੀ। ਘੋਰ ਸੰਗਰਾਮ ਮਚ ਗਿਆ, ਸਿੰਘਾਂ ਪਾਸ ਹਥਿਆਰਾਂ ਦੀ ਤੋਟ ਸੀ। ਜਿਨ੍ਹਾਂ ਪਾਸ ਤੀਰ ਨਹੀਂ ਸਨ, ਉਹ ਪੁਠੀ ਕਮਾਨ ਨਾਲ ਵੈਰੀ ਦੇ ਸਿਰ ਤੋੜ ਰਹੇ ਸਨ। ਖੁੰਢੇ ਖੰਡੇ ਸਿੰਘਾਂ ਦੇ ਬਲ ਨਾਲ ਵੈਰੀ ਨੂੰ ਧਰਤ ਸਈ ਬਣਾ ਰਹੇ ਸਨ, ਤੇ ਟੁਟੀਆਂ ਹੋਈਆਂ ਤਲਵਾਰਾਂ ਲਗਣ ਵਾਲਿਆਂ ਦੇ ਹੱਡ ਗੋਡੇ ਤੋੜ ਰਹੀਆਂ ਸਨ। ਸਿੰਘਾਂ ਦੇ ਜਥੇਦਾਰਾਂ ਤੋਂ ਲੈ ਕੇ ਸਪਾਹੀਆਂ ਤਕ ਦੀ ਨਜ਼ਰ ਇਕ ਆਦਮੀ ਦੀ ਭਾਲ ਵਿਚ ਸੀ ਤੇ ਉਹ ਚਾਹੁੰਦੇ ਸਨ ਕਿ 'ਲਖਪਤ' ਕਿਧਰੇ ਨਜ਼ਰੀ ਪਏ। ਪਰ ਉਹ ਕਿਤੇ ਪਿੱਛੇ ਜਾਨ ਬਚਾਉਂਦਾ ਲੁਕਿਆ ਖੜਾ ਸੀ। ਲਖਪਤ ਦੀ ਭਾਲ ਵਿਚ ਜਥੇਦਾਰ ਕਪੂਰ ਸਿੰਘ ਦੇ ਸਾਹਮਣੇ ਫੈਜ਼ੁੱਲਾ ਖਾਂ ਆ ਗਿਆ। ਇਹ ਤੁਰਕ ਸੈਨਾ ਦਾ ੧੨ ਹਜ਼ਾਰੀ ਅਫਸਰ ਸੀ, ਕਪੂਰ ਸਿੰਘ ਨੇ ਇਸ ਨੂੰ ਵੰਗਾਰਿਆ, ਵਾਰ ਕਰਨ ਦਾ ਸਮਾਂ ਦਿੱਤਾ ਤੇ ਫਿਰ ਆਪਣੀ ਕਮਾਨ ਨੂੰ ਕੰਨ ਤਕ ਖਿੱਚਕੇ ਤੀਰ ਛਡਿਆ ਤੇ ਫੈਜ਼ੁਲਾ ਖਾ ਨੂੰ ਘੋੜੇ ਤੋਂ ਹੇਠਾਂ ਸੁੱਟ ਮੁਰਦਿਆਂ ਵਿਚ ਲਿਟਾ ਦਿੱਤਾ। ਵੈਰੀ ਦੀ ਗੋਲੀ ਸ੍ਰ. ਸੁਖਾ ਸਿੰਘ ਦੀ ਲੱਤ ਨੂੰ ਲੱਗੀ, ਪਰ ਇਸ ਸ਼ੇਰ ਨੇ ਆਪਣੀ ਦਸਤਾਰ ਨਾਲੋਂ ਕਪੜਾ ਪਾੜਕੇ ਕਾਠੀ ਨਾਲ ਲੱਤ ਬੰਨ੍ਹ ਲਈ ਤੇ ਦਰਦ ਵਲੋਂ ਇੰਜ ਬੇਪ੍ਰਵਾਹ ਹੋ ਗਿਆ ਕਿ ਮਾਨੋਂ ਇਸ ਦੀ ਲੱਤ ਨੂੰ ਲੱਗੀ ਹੀ ਨਹੀਂ।

ਅਗੇ ਤੁਰਕ ਸੈਨਾ ਪਿਛੇ ਸਿੰਘ ਤੇ ਫਿਰ ਇਨਾਂ ਦੇ ਪਿਛੇ ਤੁਰਕ ਸੈਨਾ ਇਹ ਜੰਗ ਦੀ ਪੋਜ਼ੀਸ਼ਨ ਵਿਚ ਆ ਆਕਾਸ਼ ਨੂੰ ਗੁੰਜਾਉਣ ਵਾਲੇ ਨਾਅਰੇ ਮਾਰਦੇ ਉਛਲ ਉਛਲਕੇ

ਇਕ ਦੂਜੇ ਤੇ ਵਾਰ ਕਰਦੇ, ਮਰਦੇ, ਮਾਰਦੇ, ਸੁਟਦੇ, ਖ਼ੂਨ ਨਾਲ ਲਥ ਪਥ ਹੋ ਰਹੇ ਸਨ। ਇਹ ਭਯਾਨਕ ਘਲੂਘਾਰਾ ਮਚ ਗਿਆ, ਕਈ ਕੋਹਾਂ ਤਕ ਲੜਦੇ ਚਲੇ ਗਏ। ਸੂਰਜ ਛਿਪ ਗਿਆ, ਵੈਰੀ ਨੇ ਡੇਰੇ ਲਾ ਦਿੱਤੇ, ਦੇਗਚੇ ਚਾੜ੍ਹ ਲਏ ਤੇ ਰੋਟੀਆਂ ਪਕਣ ਲਗੀਆਂ। ਖਾਲਸੇ ਪਾਸ ਛਕਣ ਜੋਗਾ ਕੁਛ ਸੀ ਹੀ ਨਹੀਂ। ਇਨਾਂ ਕੀ ਪਕਾਣਾ ਤੇ ਕੀ ਖਾਣਾ ਸੀ। ਫਿਰ ਇਕ ਇਕ ਸਿੰਘ ਦੇ ਸ੍ਰੀਰ ਤੇ ਪੰਜ ਪੰਜ ਤੇ ਦਸ ਦਸ ਤੇ ਕਈਆਂ ਦੇ ਸਰੀਰ ਤੇ ਇਸ ਤੋਂ ਵੀ ਵਧੀਕ ਜ਼ਖਮ ਸਨ, ਉਨਾਂ ਦੀਆਂ ਦਰਦਾਂ ਤੇ ਚੀਸਾਂ ਨੇ ਵਿਆਕੁਲ ਕਰ ਰਖਿਆ ਸੀ। ਸੁਖਾ ਸਿੰਘ ਨੇ ਸਰਦਾਰਾਂ ਨੂੰ ਇਕੱਠਾ ਕੀਤਾ ਤੇ ਕਿਹਾ ਕਿ ਖਾਲਸਾ ਜੀ ਵੈਰੀ ਰੋਟੀਆਂ ਖਾਕੇ ਆਰਾਮ ਕਰਨ ਲਗਾ ਹੈ ਪਰ ਸਾਡੇ ਪਾਸ ਕੁਛ ਖਾਣ ਜੋਗਾ ਹੈ ਨਹੀਂ, ਸਾਡੇ ਜ਼ਖਮ ਰਾਤ ਨੂੰ ਸੌਣ ਨਹੀਂ ਦੇਣਗੇ, ਰਾਤ ਨੂੰ ਜ਼ਖਮ ਆਕੜ ਜਾਣਗੇ, ਦਿਨ ਚੜ੍ਹਦੇ ਨੂੰ ਵੈਰੀ ਤਾਜ਼ਾ ਦਮ ਹੋਵੇਗਾ ਤੇ ਅਸੀਂ ਭੁਖ ਤੇ ਜ਼ਖਮਾ ਹਥੋਂ ਨਿਢਾਲ। ਉਹ ਵੇਲਾ ਸੰਭਾਲਣਾਂ ਡਾਢਾ ਔਖਾ ਹੋਵੇਗਾ, ਕੋਈ ਐਸੀ ਵਿਚਾਰ ਵਿਚਾਰਨੀ ਚਾਹੀਦੀ ਹੈ ਕਿ ਰਾਤ ਨੂੰ ਹੀ ਇਥੋਂ ਕੂਚ ਕਰ ਲਿਆ ਜਾਏ।

ਸ੍ਰ; ਸੁਖਾ ਸਿੰਘ ਰਾਮਗੜ੍ਹੀਏ ਨੇ ਇਸ ਨਿਕੇ ਘਲੂ ਘਾਰੇ ਵਿਚ ਜੋ ਸੂਰਬੀਰਤਾ ਦਸੀ, ਜਿਸ ਹਿੰਮਤ ਨਾਲ ਲੜਾਈ ਲੜੀ, ਜਿਸ ਦਾਨਾਈ ਨਾਲ ਪੰਥ ਦੀ ਅਗਵਾਈ ਕੀਤੀ ਤੇ ਜੋ ਖਾਲਸਈ ਸਪਿਰਟ ਵਿਖਾਈ ਅਜ ਦੇ ਸਮੇਂ ਵਿਚ ਉਹਦਾ ਅਨੁਮਾਨ ਲਗਾਣਾ ਕਠਨ ਹੈ। ਸ੍ਰ; ਸੁਖਾ ਸਿੰਘ ਨੇ ਕਿਹਾ ਕਿ ਖਾਲਸਾ ਜੀ! "ਲਖਪਤ" ਦੀ ਸੋਧ ਮੈਂ ਕਰਨੀ ਹੈ! ਜਿਸਨੇ ਮੇਰੇ ਨਾਲ ਚਲਣਾ ਹੈ, ਉਹ ਆ ਜਾਏ ਪਰ ਇਹ ਸੋਚ ਕਰ ਲੈਣੀ ਕਿ ਅਗੇ ਉਠਾਇਆ ਕਦਮ ਪਿਛੇ ਨਹੀਂ ਹਟਾਣਾ ਹੋਵੇਗਾ। ਇਹ ਕਹਿਕੇ ੧੦੦ ਸਵਾਰ ਨਾਲ ਲਏ ਤੇ ਜਾਸੂਸ ਤੋਂ ਪੁਛਿਆ ਕਿ "ਲਖਪਤ" ਕਿਥੇ ਹੈ। ਉਸਨੇ ਉਤਰ ਦਿਤਾ ਕਿ ਉਹ ਸਭ ਤੋਂ ਪਿਛੇ ਹੈ, ਹਾਥੀ ਘੋੜੇ ਤੇ ਪਾਲਕੀ ਵਿਚ ਰਹਿੰਦਾ ਹੈ, ਉਹਦੀ ਰਖਵਾਲੀ ਲਈ ਸੈਂਕੜੇ ਜਵਾਨ ਉਹਦੇ ਗਿਰਦ ਘੇਰਾ ਪਾਈ ਰਖਦੇ ਹਨ, ਉਨ੍ਹਾਂ ਦੇ ਅਗੇ ਘੋੜ ਸਵਾਰ ਉਨ੍ਹਾਂ ਦੇ ਅਗੇ ਊਠਾਂ ਦਾ ਲਸ਼ਕਰ ਤੇ ਉਨ੍ਹਾਂ ਦੇ ਅਗੇ ਤੋਪਖਾਨਾ ਹੈ। ਇਸ ਤਰਾਂ ਸੈਨਾਂ ਦਾ ਕਿਲਾ ਬਣਾ ਕੇ ਉਹ ਜਾਨ ਲੁਕਾਈ ਬੈਠਾ ਹੈ। ਸ੍ਰ; ਸੁਖਾ ਸਿੰਘ ਨੂੰ ਉਸ ਕਿਲੇ ਤਕ ਪੁਜਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਰਾਹ ਰੋਕੇ ਖੜੇ ਲਸ਼ਕਰ ਨੂੰ ਚੀਰ ਕੇ ਜਾਣ ਦੀ ਜ਼ਰੂਰਤ ਸੀ। ਇਸ ਸਾਰੀ ਕਠਨਾਈ ਤੋਂ ਜਾਣੂ ਹੋ ਸ਼ੇਰ ਦਿਲ ਸੁਖਾ ਸਿੰਘ ਉਦਾਸ ਨਹੀਂ ਹੋਇਆ, ਅਗੇ ਵਧਿਆ ,ਵੈਰੀ ਦੇ ਲਸ਼ਕਰ ਨੂੰ ਚੀਰਦਾ "ਲਖਪਤ" ਤਕ ਪੁਜਣ

ਦਾ ਯਤਨ ਕਰਨ ਲਗਾ। ਕਦਮ ਕਦਮ ਤੇ ਵੈਰੀ ਨਾਲ ਟਾਕਰਾ ਸੀ, ਚਪਾ ਚਪਾ ਥਾਂ ਤੇ ਲੜਾਈ ਸੀ ਤੇ ਇਕ ਇਕ ਇੰਚ ਜ਼ਮੀਨ ਖਾਲੀ ਕਰਨ ਦੇ ਬਦਲੇ ਵੈਰੀ ਮਰ ਮਿਟਣਾਂ ਪਸੰਦ ਕਰਦਾ ਸੀ, ਪ੍ਰੰਭੂ ਕਲਗੀਧਰ ਜੀ ਦਾ ਅੰਮ੍ਰਿਤਧਾਰੀ ਸਪੁਤਰ ਸੁਖਾ ਸਿੰਘ ਚੜ੍ਹਦੀਆਂ ਕਲਾਂ ਵਿਚ ਵੈਰੀ ਦੇ ਆਹੂ ਲਾਂਹਦਾ ਚਲਾ ਜਾ ਰਿਹਾ ਸੀ। ਦੁਸ਼ਮਣ ਉਹਦੀ ਬੀਰਤਾ ਵੇਖ ਚਕ੍ਰਿਤ ਸੀ, ਇਸ ਬੀਰ ਰਸ ਮਤੇ ਨੂੰ ਵੇਖ ਤੁਰਕ ਸੈਨਾਂ ਦੇ ਸੂਰਮੇ ਡਰ ਨਾਲ ਘੋੜਿਆਂ ਤੋਂ ਡਿਗ ਡਿਗ ਪੈਂਦੇ ਤੇ ਮੁਰਦਿਆਂ ਦੀਆਂ ਲਾਸ਼ਾਂ ਵਿਚ ਆਪਣੀਆਂ ਜ਼ਾਨਾਂ ਲੁਕਾ ਰਹੇ ਸਨ। ਕਿਸੇ ਦੂਰ ਖੜੇ ਵੈਰੀ ਨੇ ਜੰਬੂਰ ਨਾਲ ਵਾਰ ਕੀਤਾ, ਸ੍ਰ;ਸੁਖਾ ਸਿੰਘ ਦੀ ਲੱਤ ਵਿਚ ਗੋਲ ਲਗੀ . ਇਨਾਂ ਭਾਰਾ ਘਾਓ ਸੀ ਕਿ ਜਿਸਦੇ ਨਾਲ ਹੋਸ਼ ਵਿਚ ਰਹਿਣਾ ਕਠਨ ਸੀ ਪਰ ਇਸ ਸ਼ੇਰ ਮਰਦ ਨੇ ਇਹ ਲੱਤ ਘੋੜੇ ਦੇ ਹੰਨੇ ਨਾਲ ਬੰਨ੍ਹ ਦਿਤੀ ਤੇ ਸਤਿਗੁਰਾਂ ਦੇ ਚਰਨਾਂ ਵਿਚ ਲਿਵਲੀਨ ਹੋ ਦਰਦ ਨੂੰ ਭੁਲਾ ਦਿਤਾ, ਆਤਮ ਸਤਯਾ ਨਾਲ ਉਸਨੂੰ ਵਿਸਾਰ ਦਿਤਾ ਤੇ;-

ਜਬੇ ਬਾਨ ਲਾਗੈ। ਤਬੇ ਰੋਸ ਜਾਗੈ।

ਦੇ ਭਾਵ ਅਨੁਸਾਰ ਅਗੇ ਨਾਲੋਂ ਵਧ ਚੜ੍ਹ ਕੇ ਵੈਰੀ ਦੇ ਸੱਥਰ ਲਾਹਣ ਲਗਾ। ਵੈਰੀ ਦਾ ਜ਼ੋਰ ਵੇਖਦਾ, ਸਵਾਰਾਂ ਨੂੰ ਨਾਲ ਲੈਕੇ ਵੈਰੀ ਦੇ ਜ਼ੋਰ ਨੂੰ ਆਪਣੇ ਤੇ ਸਹਾਰਦਾ ਉਨ੍ਹਾਂ ਨਾਲ ਡਟਕੇ ਟਾਕਰਾ ਕਰਦਾ ਉਨਾਂ ਦੀ ਤਵਜੋ ਆਪਣੇ ਵਲ ਖਿਚਦਾ ਤੇ ਉਹ ਲੋਹੇ ਦੇ ਚਣੇ ਚਬਵਾਂਦਾ ਵਧਦਾ ਸੀ ਕਿ ਵੈਰੀ ਨੂੰ ਆਪਣੀ ਜਾਨ ਬਚਾਕੇ ਨੱਸਣਾ ਮੁਸ਼ਕਲ ਕਰ ਦੇਂਦਾ ਸੀ।

ਸਿੰਘਾਂ ਨੇ ਵਿਚਾਰ ਕੀਤੀ ਕਿ ਐਸ ਵੇਲੇ ਸ਼ਤਰੂ ਦਾ ਦਬਾਉ ਬਹੁਤ ਜ਼ਿਆਦਾ ਪੈ ਰਿਹਾ ਹੈ, ਲੜਾਈ ਦਾ ਸਾਮਾਨ ਉਹਦੇ ਪਾਸ ਕਾਫੀ ਹੈ, ਅਸੀਂ ਹਥਯਾਰਾਂ ਵਲੋਂ ਨਿਹਥੇ ਬਣ ਰਹੇ ਹਾਂ, ਇਸ ਵੇਲੇ ਲੜਾਈ ਕਰਨ ਵਿਚ ਲਾਭ ਨਹੀਂ, ਕਿਸੇ ਤਰਾਂ ਇਥੋਂ ਨਿਕਲਨਾ ਚਾਹੀਦਾ ਹੈ ਤੇ ਮਾਲਵੇ ਵਿਚ ਅੱਪੜ ਸਾਮਾਨ ਇਕੱਠਾ ਕਰਕੇ ਲਖਪਤ ਨੂੰ ਹਥ ਦਸਣੇ ਚਾਹੀਦੇ ਹਨ।

ਸ੍ਰ; ਸੁਖਾ ਸਿੰਘ ਨੇ ਕਿਹਾ ਮੈਂ ਲਖਪਤ ਦਾ ਟਾਕਰਾ ਕਰਾਂਗਾ, ਤੇ ਉਹਦੀ ਤਵਜੋ ਆਪਣੇ ਵਲ ਰਖਾਂਗਾ, ਬਾਕੀ ਦਿਆਂ ਵਿਚੋਂ ਜਿਸਨੂੰ ਜਿਧਰ ਦਾ ਰਾਹ ਮਿਲੇ ਉਧਰ ਜਾਣਾ ਚਾਹੀਦਾ ਹੈ। ਘੁੜ ਸਵਾਰ ਸ੍ਰ; ਸੁਖਾ ਸਿੰਘ ਦੇ ਪਿਛੇ ਹੋਏ ਤੇ ਬਾਕੀ ਦਿਆਂ ਵਿਚੋਂ ਜਿਸਨੂੰ ਜਿਸ ਪਾਸੇ ਰਾਹ ਮਿਲੀ ਉਸ ਪਾਸੇ ਚਾਲੇ ਪਾ ਦਿਤੇ।

ਸੁਖਾ ਸਿੰਘ ਵੈਰੀ ਦੇ ਦਲ ਨੂੰ ਚੀਰਦਾ ਨਿਕਲਨ ਲਗਾ। ਇਥੇ ਘਸਮਾਨ ਦਾ ਯੁਧ ਹੋਇਆ, ਤੁਰਕ ਸੈਨਾ ਦੋ ਤਰਫੋਂ ਅਗ ਵਸਾ ਰਹੀ ਸੀ। ਸ੍ਰ: ਸੁਖਾ ਸਿੰਘ ਨਾਲੇ ਅਗੇ ਵਧਦਾ ਜਾ ਰਿਹਾ ਸੀ, ਨਾਲ ਹੀ ਜੇਹੜੇ ਸਾਥੀ ਪਿਛੇ ਰਹਿ ਜਾਂਦੇ ਉਨਾਂ ਦੀ ਸੰਭਾਲ ਕਰਦਾ, ਨਾਲ ਲਈ ਜਾਂਦਾ ਸੀ। ਲਖਪਤ ਦੀ ਤੁਰਕ ਸੈਨਾਂ ਨੂੰ ਜਿਥੇ ਕੋਈ ਨਿਹਥੀ, ਸੰਗ ਤੋਂ ਵਿਛੜੀ ਸਿੰਘਾਂ ਦੀ ਪਾਰਟੀ ਮਿਲਦੀ ਕਤਲ ਕਰ ਦੇਂਦੀ ਸੀ। ਸਿੰਘ ਲੜਦੇ ਭਿੜਦੇ ਮੈਦਾਨ ਵਿਚ ਆ ਗਏ ਤੇ ਫਿਰ ਇਕ ਝਲ ਵਿਚ ਵੜ ਗਏ। ਇਥੇ ਇਨਾਂ ਨੂੰ ਅੱਧੀ ਰਾਤ ਤਕ ਸਸਤਾਣ ਤੇ ਕੁਛ ਖਾਣ ਪੀਣ ਦਾ ਸਾਮਾਨ ਮਿਲ ਗਿਆ। ਅੱਧੀ ਰਾਤ ਤੋਂ ਪਿਛੋਂ ਇਥੋਂ ਫਿਰ ਕੂਚ ਕਰ ਦਿਤਾ। ਹੁਣ ਜੰਗ ਦੀ ਹਾਲਤ ਬੜੀ ਅਜੀਬ ਬਣ ਗਈ ਸੀ। ਜੇ ਸਿੰਘ ਕਿਸੇ ਛੋਟੇ ਝਲ ਵਿਚ ਘਿਰ ਜਾਂਦੇ ਤਦ ਲਖਪਤ ਦੀ ਫੌਜ ਦਾ ਉਥੇ ਜ਼ੋਰ ਪੈ ਜਾਂਦਾ ਤੇ ਸਿੰਘਾਂ ਦਾ ਹਾਲ ਬਹੁਤ ਬੁਰਾ ਹੁੰਦਾ, ਜੇ ਜੰਗਲ ਘਣਾ ਹੁੰਦਾ ਤਾਂ ਉਹਦੇ ਵਿਚ ਠਾਹਰ ਪਾਕੇ ਸਿੰਘ ਲਖਪਤ ਦੀ ਫੌਜ ਤੇ ਉਹ ਕਾਰੀ ਸਟ ਮਾਰਦੇ ਕਿ ਕੁਛ ਚਿਰ ਲਈ ਉਨਾਂ ਨੂੰ ਸੁਤੇ ਸੁਧਾਂ ਭੁਲ ਜਾਂਦੀਆਂ। ਸਿਖਾਂ ਨੂੰ ਇਕ ਤਕੜਾ ਝਲ ਮਿਲ ਗਿਆ।

ਲਖਪਤ ਨੇ ਵਿਚਾਰ ਕੀਤੀ ਕਿ ਸਿਖ ਇਕ ਵਡੇ ਝਲ ਵਿਚ ਜਾ ਵੜੇ ਹਨ, ਇਥੋਂ ਇਹ ਸਾਡੀ ਫੌਜ ਨੂੰ ਮਾਰ ਮੁਕਾਣਗੇ। ਉਸਨੇ ਮੁਲਖਈਆ ਇਕੱਠਾ ਕੀਤਾ, ਗੋਲੀ, ਬਾਰੂਦ, ਤਲਵਾਰਾਂ ਆਦਿ ਵੰਡੀਆਂ ਤੇ ਇਨਾਂ ਨੂੰ ਇਕ ਦਮ ਝਲ ਵਿਚ ਵੜ ਕੇ ਹੱਲਾ ਕਰਨ ਲਈ ਕਿਹਾ। ਕਾਰਣ ਇਹ ਸੀ ਕਿ ਏਹ ਇਲਾਕੇ ਦੇ ਹੋਣ ਕਰਕੇ ਝਲ ਦੇ ਜਾਣੂ ਸਨ ਤੇ ਲਖਪਤ ਦੀ ਸੈਨਾ ਜਾਣੂ ਨਹੀਂ ਸੀ।

ਸਿੱਖ ਇਹ ਆਪਤ ਆਈ ਵੇਖ ਸੋਚਣ ਲਗੇ ਕਿ ਕੀ ਕੀਤਾ ਜਾਏ ? ਮੁਸ਼ਕਲ ਬੀਰਤਾ ਦੇ ਉਚੇ ਆਦਰਸ਼ ਦੀ ਸੀ, ਏਹ ਮੁਲਖਈਆ ਸੀ, ਫੌਜ ਨਹੀਂ ਸੀ। ਖਾਲਸਾ ਫੌਜ ਨਾਲ ਲੜਨਾ ਧਰਮ ਸਮਝਦਾ ਸੀ, ਪਰ ਮੁਲਖਈਏ ਨਾਲ ਲੜਨਾ ਵਾਜਬ ਨਹੀਂ ਸੀ ਸਮਝਦਾ। ਸੋ ਵੀਚਾਰ ਕਰਨੇ ਪਰ ਫੈਸਲਾ ਹੋਇਆ ਕਿ ਏਹ ਸ਼ਸ਼ਤਰਧਾਰੀ ਹਨ ਤੇ ਹਮਲਾ ਕਰਨ ਆਏ ਹਨ, ਇਨ੍ਹਾਂ ਦੇ ਹੱਲੇ ਅਗੇ ਚੁਪ ਧਾਰਨੀ ਬੀਰਤਾ ਨਹੀਂ। ਏਹ ਹੁਣ ਫੌਜ ਦੀ ਹੈਸੀਅਤ ਵਿਚ ਹਨ। ਇਨ੍ਹਾਂ ਨਾਲ ਲੜਨਾ ਧਰਮ ਵਿਹਤ ਹੈ। ਸੋ ਹੁਣ ਇਕੋ ਵੇਰ ਸਾਨੂੰ ਵੈਰੀ ਤੇ ਟੁਟ ਪੈਣਾ ਚਾਹੀਦਾ ਹੈ, ਅਗੋਂ ਜੋ ਹੋਵੇ ਸੋ ਹੋਵੇ। ਖਾਲਸੇ ਨੇ ਇਕ ਪਾਸੇ ਦੀ ਸੇਧ ਕਰਕੇ ਹੱਲਾ ਬੋਲ ਦਿਤਾ। ਪਿੰਡ ਵਾਲਿਆਂ ਦਾ ਖਾਲਸੇ ਸਾਹਮਣੇ ਅੜਨਾ ਅਸੰਭਵ ਹੋ ਗਿਆ, ਖਾਲਸੇ ਨੇ ਇਨ੍ਹਾਂ ਨੂੰ ਅਗੇ ਲਾ ਲਿਆ, ਪੇਂਡੂਆਂ ਦੀਆਂ ਬੰਦੂਕਾਂ

ਤੇ ਘੋੜੇ ਸਿੰਘਾਂ ਨੇ ਖੋਹ ਲਏ, ਕੁਛ ਖਾਣ ਦਾ ਸਾਮਾਨ ਵੀ ਮਿਲ ਗਿਆ ਤੇ ਹੁਣ ਖਾਲਸਾ ਜੰਗ ਕਰਨ ਵਾਸਤੇ ਕੁਛ ਬਲੀ ਹੋ ਗਿਆ। ਪਿੰਡਾਂ ਦੀਆਂ ਛੇੜਾਂ ਇਉਂ ਪਿਛੇ ਨਸ ਗਈਆਂ। ਸਿੰਘ ਮਾਝੇ ਵਿਚ ਵੜਨਾ ਚਾਹੁੰਦੇ ਸਨ। ਰਾਮਾ ਸਿਖਾਂ ਦਾ ਮੁਢ ਤੋਂ ਵੈਰੀ ਸੀ। ਇਸ ਨੇ ਅਪਨੀ ਸੈਨਾ ਤੇ ਇਲਾਕੇ ਦੀ ਵਸੋਂ ਇਕਠੀ ਕਰਕੇ ਰਾਹ ਰੋਕਿਆ, ਪਿਛੇ ਲਖੂ ਦੀ ਫੌਜ ਅਗੇ ਰਾਮੇ ਦੀ ਇਕਠੀ ਕੀਤੀ ਭੀੜ ਸੀ।

ਸਿੰਘਾਂ ਨੇ ਰਾਮੇ ਦੇ ਸਾਥੀਆਂ ਤੇ ਹੱਲਾ ਬੋਲ ਦਿੱਤਾ। ਥੋੜੇ ਹੀ ਚਿਰ ਦੀ ਲੜਾਈ ਪਿੱਛੋਂ ਰਾਮੇ ਦੇ ਸਾਥੀ ਨੱਸ ਤੁਰੇ। ਖਾਲਸੇ ਨੇ ਬਿਆਸਾ ਵੱਲ ਮੂੰਹ ਕੀਤਾ, ਪਿੱਛੋਂ ਲਖਪਤ ਸੈਨਾ ਲੈ ਕੇ ਅੱਪੜ ਗਿਆ।

ਜੇਠ ਦੇ ਦਿਨ, ਕੜਕਦੀ ਦੋਪਹਿਰ, ਸੂਰਜ ਅੱਗ ਵਸਾ ਰਿਹਾ ਸੀ। ਲੂ ਤਨ ਬਦਨ ਨੂੰ ਫੂਕਦੀ ਸੀ। ਅਗੇ ਦਰਿਆਉ ਬਿਆਸਾ ਲਹਿਰਾਂ ਦੇ ਰਿਹਾ ਸੀ ਤੇ ਪਿਛੇ ਲਖਪਤ ਦੀ ਫੌਜ ਠਾਠਾਂ ਮਾਰਦੀ ਆ ਰਹੀ ਸੀ। ਖਾਲਸੇ ਨੂੰ ਕਿਸ਼ਤੀ ਕੋਈ ਨਜ਼ਰੀਂ ਨਾ ਪਈ, ਅਰਦਾਸਾ ਸੋਧਿਆ ਤੇ ਦਰਯਾ ਨੂੰ ਪਾਰ ਕਰਨ ਲਈ ਠਿਲ ਪਏ। ਜਦ ਕੰਢੇ ਤੇ ਪੁਜੇ ਤਦ ਅੱਗੇ ਤਿੰਨ ਕੋਹ ਦੇ ਵਿਚ ਬਰੇਤੀ ਸੀ। ਭੱਠ ਵਾਂਗ ਰੇਤ ਤਪੀ ਹੋਈ ਸੀ। ਸਿੰਘਾਂ ਦੀਆਂ ਜੁੱਤੀਆਂ ਦਰਿਆਓਂ ਪਾਰ ਰਹਿ ਗਈਆਂ ਸਨ, ਪੈਰੋਂ ਨੰਗੇ ਸੀ, ਜਿਸ ਕਰਕੇ ਇਹ ਪੰਧ ਕੱਟਣਾ ਬੜਾ ਔਖਾ ਹੋ ਗਿਆ। ਪੈਰ ਸੁਜ ਗਏ, ਚਰਨਾਂ ਵਿਚ ਛਾਲੇ ਪੈ ਗਏ। ਦਸ ਕਦਮ ਦੌੜਦੇ ਫਿਰ ਠਹਿਰ ਜਾਂਦੇ ਸਨ, ਕੱਪੜੇ ਪਾੜ ਪਾੜਕੇ ਲੀਰਾਂ ਪੈਰਾਂ ਨਾਲ ਬੰਨ੍ਹਦੇ, ਫਿਰ ਵੀ ਪੈਰ ਸੜਦੇ ਸਨ। ਭੁੱਖ ਤੇ ਤੇਹ ਨੇ ਵਿਆਕੁਲ ਕਰ ਰਖਿਆ ਸੀ। ਸਖਤ ਕਸ਼ਟਾਂ ਵਿਚ ਦੀ ਇਹ ਤਿੰਨ ਮੀਲ ਲੰਘ ਦਵਾਬੇ ਵਿਚ ਆਏ, ਪਿੰਡਾਂ ਵਿਚੋਂ ਰਸਦ ਇਕੱਠੀ ਕਰਕੇ ਖਾਲਸਾ ਪ੍ਰਸ਼ਾਦ ਤਿਆਰ ਕਰਨ ਲੱਗਾ ਹੀ ਸੀ ਕਿ ਲਖਪਤ ਦੀ ਫ਼ੌਜ ਬਿਆਸਾ ਲੰਘਕੇ ਆ ਪੁਜੀ। ਮੀਰ ਕੋਟ, ਮੁਕੇਰੀਆਂ ਤੇ ਅਲਾਉਲ ਪੁਰ ਆਦਿਕ ਇਲਾਕਿਆਂ ਦੇ ਤੁਰਕ ਲਖਪਤ ਦੀ ਚਿੱਠੀ ਪੁਜਣ ਤੇ ਆ ਗਏ। ਖਾਲਸੇ ਨੇ ਤਿਆਰ ਹੋ ਰਹੇ ਪ੍ਰਸ਼ਾਦ ਨੂੰ ਛੱਡਕੇ ਹੱਲਾ ਬੋਲ ਦਿਤਾ। ਤੁਰਕਾਨੀ ਦਲ ਨੂੰ ਕਟਦੇ ਵਢਦੇ ਸਤਲੁਜ ਦੇ ਕੰਢੇ ਪੁਜਾ, ਸਿੰਘ ਮਾਲਵੇ ਦੇਸ ਵਿਚ ਜਾਏ ਵੜੇ। ਲੱਖੂ ਲਾਹੌਰ ਨੂੰ ਵਾਪਸ ਮੁੜ ਗਿਆ, ਸਿੰਘਾਂ ਦੇ ਜਥੇ ਇਥੋਂ ਖਿੰਡ ਗਏ, ਸੁਖਾ ਸਿੰਘ ਨੇ ਜੈਤੋ ਪਿੰਡ ਡੇਰਾ ਲਾ ਦਿੱਤਾ, ਜੱਸਾ ਸਿੰਘ ਕੋਟ ਕਪੂਰੇ ਜਾ ਠਹਿਰਿਆ, ਹਰੀ ਸਿੰਘ ਦਯਾਲ ਪੁਰ ਜਾ ਵੜਿਆ, ਦੀਪ ਸਿੰਘ ਨੇ ਲੱਖੀ ਜੰਗਲ ਨਿਵਾਸ ਕੀਤਾ। ਮਾਲਵੇ ਦੇ ਸਿੰਘਾਂ ਨੇ ਇਨ੍ਹਾਂ ਜਥਿਆਂ ਦੀ ਸੇਵਾ ਵਿਚ ਕੋਈ ਕਸਰ ਉੱਠਾ

ਨਹੀਂ ਰੱਖੀ। ਖਾਣ ਲਾਣ ਦਾ ਸਾਮਾਨ ਇਕੱਠਾ ਕਰ ਦਿੱਤਾ, ਫਟੜਾਂ ਰੋਗੀਆਂ ਦਾ ਦਾਰੂ ਦਰਮਲ ਹੋਣ ਲਗਾ; ਛੀ ਮਹੀਨੇ ਵਿਚ ਸ੍ਰ. ਸੁਖਾ ਸਿੰਘ ਦੀ ਲੱਤ ਠੀਕ ਹੋ ਗਈ। ਸਿੰਘਾਂ ਦੇ ਘਾਓ ਦਰੁਸਤ ਹੋ ਜਾਣ ਤੇ ਮਾਲਵੇ ਵਿਚ ਇਹ ਜਥੇ ਫਿਰਨ ਲਗੇ। ਇਸ ਜੰਗ ਵਿਚ ਕਿੰਨੇ ਸ਼ਹੀਦ ਹੋਏ। ਪਤਾ ਨਹੀਂ ? ਅਠ ਦਸ ਹਜ਼ਾਰ ਤੋਂ ਚਾਲੀ ਪੰਜਾਹ ਹਜ਼ਾਰ ਤਕ ਦੀ ਗਿਣਤੀ ਪਿਛਲਿਆਂ ਲੇਖਕਾਂ ਨੇ ਦਿਤੀ ਹੈ, ਹਰ ਹਾਲ ਦਸ ਤੋਂ ਘਟ ਖਾਲਸੇ ਦੀ ਸ਼ਹਾਦਤ ਇਸ ਜੰਗ ਵਿਚ ਨਹੀਂ ਹੋਈ। ਇਹ ਘਟਨਾ ਸੰਨ ੧੮੦੩ ਬਿਕਰਮੀ ਦੀ ਹੈ।

☆ ☆ ☆

ਲਖਪਤ ਨੂੰ ਡੰਡ

ਛੋਟਾ ਘਲੂ ਘਾਰਾ ਸੰਮਤ ੧੮੦੩ ਵਿਚ ਹੋਇਆ। ਲਖਪਤ ਇਹ ਜੰਗ ਮੁਕਾਕੇ ਲਾਹੌਰ ਆ ਗਿਆ, ਇਸਨੇ ਭਰਾ ਦੇ ਖੂਨ ਦਾ ਬਦਲਾ ਲੈਣ ਲਈ ਨਾ ਕੇਵਲ ਹਜ਼ਾਰਾਂ ਬੇਗੁਨਾਹ ਸਿਖਾਂ ਦਾ ਖੂਨ ਕੀਤਾ, ਬਲਕੇ ਸਿਖਾ ਨਾਲੋਂ ਵਧੀਕ ਗਿਣਤੀ ਦੇ ਸ਼ਾਹੀ ਫੌਜ ਵਿਚ ਸ਼ਾਮਲ ਹੋਏ ਹੋਏ ਹਿੰਦੂ ਤੇ ਮੁਸਲਮਾਨਾਂ ਦੇ ਵੀ ਖੂਨ ਨਹਾਤਾ।

ਲਾਹੌਰ ਤੋਂ ਚਲਕੇ ਪੜੋਲ ਕਠੂਹਾ ਤੇ ਬਸੋਲੀ ਤਕ ਤੇ ਫਿਰ ਦਰਿਆ ਸਤਿਲੁਜ ਦੇ ਕੰਢਿਆਂ ਤਕ ਪੁਜ ਦੂਜਿਆਂ ਨੂੰ ਲੜਨ ਮਰਨ ਲਈ ਅਗੇ ਕਰਦਾ, ਪਿਆਰਦਾ, ਲਲਕਾਰਦਾ, ਤੇ ਇਨਾਮ ਇਕਰਾਮ ਦੇਣ ਦੇ ਵਾਅਦੇ ਕਰਦਾ ਰਿਹਾ। ਪਰ ਆਪਣੀ ਜਾਨ ਬਚਾਣ ਲਈ ਹਮੇਸ਼ਾਂ ਫੌਜ ਤੋਂ ਪਿਛੇ ਰਿਹਾ ਤੇ ਪਿਛੇ ਰਹਿਕੇ ਵੀ ਫੌਜੀ ਸਪਾਹੀਆਂ ਦਾ ਕਿਲਾ ਬਣਾਕੇ ਉਹਦੇ ਵਿਚ ਲੁਕਿਆ ਰਿਹਾ। ਉਹਦਾ ਖਿਆਲ ਸੀ ਕਿ ਇੰਜ ਕਰਕੇ ਉਹਦੀ ਜਾਨ ਬਚ ਜਾਏਗੀ ਪਰ ਹੋਣੀ ਉਹਦੇ ਸਿਰ ਤੇ ਖੜੀ ਹਸਦੀ ਤੇ ਉਹਦੇ ਲਈ ਉਹ ਸਜ਼ਾ ਤਜਵੀਜ ਕਰ ਰਹੀ ਸੀ ਜੇਹੜੀ ਕਿ ਸ਼ਾਇਦ ਹੀ ਕਿਸੇ ਦੇ ਭਾਗਾਂ ਵਿਚ ਲਿਖੀ ਹੋਵੇ।

ਸ਼ਾਹ ਨਿਵਾਜ਼ ਖਾਂ ਨੂੰ ਡਰ ਸੀ ਕਿ ਦਿੱਲੀ ਵਾਲੇ ਉਹਦੀ ਇਸ ਕਾਰਵਾਈ ਤੋਂ ਵਿਗੜਨਗੇ। ਇਸ ਕਰਕੇ ਉਸ ਨੇ ਅਹਿਮਦ ਸ਼ਾਹ ਨੂੰ ਕਾਬਲੋਂ ਸੱਦਿਆ। ਅਹਿਮਦਸ਼ਾਹ ੧੦ ਹਜ਼ਾਰ ਜਵਾਨ ਲੈ ਕੇ ਆ ਗਿਆ ਪਰ ਲਾਹੌਰ ਪੁੱਜਣ ਤੋਂ ਪਹਿਲਾਂ ਹੀ ਅਹਿਮਦ ਸ਼ਾਹ ਤੇ ਸ਼ਾਹ ਨਿਵਾਜ਼ ਦੀ ਵਿਗੜ ਗਈ। ਸ਼ਾਹ ਨਿਵਾਜ਼ ਲਾਹੌਰ ਛਡ ਕੇ ਦਿਲੀ ਵਲ

ਨਸ ਗਿਆ। ਅਹਿਮਦਸ਼ਾਹ ਨੇ ਲਾਹੌਰ ਵਿਚ ਦਾਖਲ ਹੋ ਕੇ ਕਬਜ਼ਾ ਕੀਤਾ ਤੇ ਲਖਪਤ ਨੂੰ ਇਥੋਂ ਦਾ ਸੂਬੇਦਾਰ ਨੀਯਤ ਕੀਤਾ, ਤੇ ਆਪ ਅਹਿਮਦਸ਼ਾਹ ਦਿਲੀ ਵਲ ਵਧਿਆ ਤੇ ਉਧਰੋਂ ਦਿੱਲੀ ਦੀ ਸੈਨਾਂ ਵੀ ਸਨਧਬਧ ਹੋ ਆ ਗਈ। ਸਰਹੰਦ ਦੇ ਲਾਗੇ ਲਸ਼ਕਰਾਂ ਦਾ ਸਾਹਮਣਾ ਹੋਇਆ, ਦੋਹਾਂ ਧਿਰਾਂ ਦੀ ਸੈਨਾ ਜਾਨ ਤੋੜਕੇ ਲੜੀ, ਬਹਾਦਰਾਂ ਨੇ ਆਪਾ ਵਾਰਨ ਵਿਚ ਕੋਈ ਕਸਰ ਬਾਕੀ ਨਾ ਰਖੀ। ਮੀਰ ਮੰਨੂ ਦਾ ਪਿਤਾ ਜੰਗ ਵਿਚ ਮਾਰਿਆ ਗਿਆ। ਉਸਨੇ ਕਰੁਧਤ ਹੋ ਪਿਤਾ ਦਾ ਬਦਲਾ ਲੈਣ ਲਈ ਕਰੜਾ ਹੱਲਾ ਬੋਲਿਆ; ਭਾਗਾਂ ਨੇ ਦਿਲੀ ਵਾਲਿਆਂ ਦਾ ਸਾਥ ਦਿਤਾ, ਕਾਬਲੀ ਤੇ ਲਾਹੋਰੀਏ ਮੈਦਾਨ ਛੱਡਕੇ ਨੱਠ ਤੁਰੇ, ਅਹਿਮਦਸ਼ਾਹ ਤਾਂ ਕਾਬਲ ਚਲਾ ਗਿਆ ਪਰ 'ਮੁਲਾਂ ਦੀ ਦੌੜ ਮਸੀਤੀ ਤਕ' ਲਖਪਤ ਦਾ ਆਖ਼ਰੀ ਟਿਕਾਣਾ ਤਾਂ ਲਾਹੌਰ ਹੀ ਸੀ।

ਮੀਰ ਮੰਨੂ ਦਿਲੀ ਦੀ ਫੌਜ ਲੈਕੇ ਲਾਹੌਰ ਅਪੜ ਗਿਆ, ਲਖਪਤ ਨੂੰ ਗਰਿਫਤਾਰ ਕੀਤਾ, ੩੦ ਲਖ ਰੁਪਯਾ ਉਸਤੇ ਡੰਡ ਲਗਾ। ਇਹਦੇ ਵਾਰਸਾਂ ਨੇ ੨੦ ਲਖ ਰੁਪਯਾ ਇਕੱਠਾ ਕਰਕੇ ਹਾਜ਼ਰ ਕਰ ਦਿਤਾ। ਦਸ ਲਖ ਬਾਕੀ ਸੀ ਇਹਦੀ ਇਨਾਂ ਤੋਂ ਕੋਈ ਸਬੀਲ ਨ ਬਣੀ।

ਦੀਵਾਨ ਕੌੜਾ ਮਲ ਲਾਹੌਰ ਦਰਬਾਰ ਦੇ ਮੁਖੀਆਂ ਵਿਚੋਂ ਇਕ ਸੀ। ਲਖਪਤ ਨੇ ਜਦ ਸਿੰਘਾਂ ਨਾਲ ਅੱਤ ਚੱਕੀ ਸੀ ਤਦ ਇਨ੍ਹਾਂ ਇਸ ਨੂੰ ਰੋਕਿਆ ਪਰ ਇਹਨੇ ਰਤੀ ਜਿੰਨੀ ਵੀ ਪਰਵਾਹ ਨਾ ਕੀਤੀ। ਦੀਵਾਨ ਜੀ ਨੇ ਜਦ ਇਸਨੂੰ ਕਿਸੇ ਤਰ੍ਹਾਂ ਵੀ ਇਰਾਦੇ ਤੋਂ ਹਟਦਾ ਨਾਂ ਵੇਖਿਆ ਤਦ ਕਿਹਾ ਕਿ ਜੇਹੜੇ ਆਪਣੇ ਮੁਲਾਜ਼ਮ ਕੇਵਲ ਸਿਖ ਹੋਣ ਦੇ ਅਪਰਾਧ ਵਿਚ ਮਰਵਾਣ ਲਗਾ ਹੈਂ- ਸੋਮਾਵੰਤੀ ਅਮਾਵਸ ਦਾ ਦਿਨ ਹੈ- ਅਜ ਨਾ ਮਾਰ। ਇਹ ਗਲ ਵੀ ਇਸਨੇ ਨਹੀਂ ਮੰਨੀ ਸੀ। ਸਿਖਾਂ ਵਿਰੁੱਧ ਲਖਪਤ ਦੇ ਖੜੇ ਕੀਤੇ ਜਹਾਦ ਦਾ ਵੀ ਇਨ੍ਹਾਂ ਨੂੰ ਸੱਲ ਸੀ। ਇਸ ਮੌਕੇ ਨੂੰ ਦੁਰਲਭ ਜਾਣ ੧੦ ਲਖ ਰੁਪਯਾ ਆਪਣੇ ਪਾਸੋਂ ਦੇ ਕੇ ਲਖਪਤ ਨੂੰ ਖ੍ਰੀਦ ਲਿਆ ਤੇ ਖਾਲਸੇ ਦੇ ਹਵਾਲੇ ਕਰ ਦਿਤਾ। ਛੀ ਮਹੀਨੇ ਖਾਲਸੇ ਨੇ ਇਸਨੂੰ ਕੈਦ ਰਖਿਆ। ਭਾਈ ਰਤਨ ਸਿੰਘ ਭੰਗੂ ਜੀ ਇਸ ਘਟਨਾਂ ਬਾਬਤ ਲਿਖਦੇ ਹਨ* ਕਿ:

---

* ਪ੍ਰਾਚੀਨ ਪੰਥ ਪ੍ਰਕਾਸ਼, ੧੯੯੩, ਪੰਨਾ – ੩੨੪ – ਸੰਪਾ.

ਕੌੜਾ ਮੱਲ ਹੁਤੋ ਗੁਰ ਸਿੱਖ।।
ਦਸ ਲਖ ਟਕੋ ਦਿਯੋ ਤਿਹ ਲਿੱਖ।।
ਜਿਮ ਜਿਮ ਸਿੱਖਨ ਉਨ ਦੁਖ ਦਯੋ।।
ਤਿਸਕੋ ਸਭੀ ਸੁਨਾਵਤ ਭਯੋ।।
....

ਦੋਹਰਾ।। ਐਸੀ ਕੌੜਾ ਮਲ ਕਰੀ ਲਖੂ ਬਾਬ ਬਣਾਇ।
ਜੈਸੀ ਕੀਨੀ ਥੀ ਉਨ੍ਹੇ ਸੋ ਉਨ ਪਾਈ ਸਜ਼ਾਇ।

ਇੰਜ ਲਖੂ ਨੂੰ ਆਪਣੇ ਕੀਤੇ ਦਾ ਬਦਲਾ ਭਰ ਪਾਣਾ ਪਿਆ। ਇਹ ਘਟਨਾ ੧੮੦੫ ਬਿਕਰਮੀ ਦੀ ਹੈ।

★ ★ ★

ਰੌਣੀ ਦੀ ਉਸਾਰੀ

ਪੜੋਲ ਕਹੂੰਹੇ ਦੀ ਲੜਾਈ ਨਿਕੇ ਘਲੂਘਾਰੇ ਤੇ ਕਾਹਨੂੰ ਵਾਨ ਦੇ ਜੰਗਾਂ ਤੋਂ ਖਾਲਸੇ ਨੂੰ ਸੋਚ ਫੁਰੀ ਕਿ ਝਾੜਾਂ ਦੀ ਲੜਾਈ ਤੇ ਬਨਾਂ ਦੇ ਯੁਧ ਬਹੁਤੇ ਲਾਭਕਾਰੀ ਨਹੀਂ ਹਨ। ਲੜਾਈ ਉਹ ਹੀ ਹੈ ਜੋ ਮੈਦਾਨ ਵਿਚ ਲੜੀ ਜਾਏ, ਪਰ ਵੇਲੇ ਕੁਵੇਲੇ ਸਿਰ ਭੀੜ ਆ ਪੈਣ ਤੇ ਸਿਰ ਲੁਕਾਣ ਲਈ ਕਿਲਾ ਚਾਹੀਦਾ ਹੈ। ਹਾਲਤ ਇਹ ਸੀ ਕਿ ਕਿਲਾ ਬਣਾਣਾ ਤਾਂ ਕਿਤੇ ਰਿਹਾ, ਤਨ ਢਕਣ ਲਈ ਕਪੜੇ ਤੇ ਪੇਟ ਭਰਨ ਲਈ ਪ੍ਰਸ਼ਾਦੇ ਦੀ ਵੀ ਤੰਗੀ ਸੀ। ਕਾਫ਼ੀ ਸੋਚ ਵਿਚਾਰ ਦੇ ਮਗਰੋਂ 'ਰੌਣੀ' * ਬਣਾਣ ਦਾ ਫ਼ੈਸਲਾ ਹੋਇਆ। ਜਗ੍ਹਾ ਰਾਮ ਸਰੋਵਰ ਦੇ ਪਾਸ ਚੁਣੀ ਗਈ। ਨਿਕੇ ਤੇ ਵਡੇ ਸਾਰੇ ਸਿੱਖਾਂ ਨੇ ਆਪਣੇ ਹੱਥਾਂ ਨਾਲ ਖਾਈ ਬਣਾਣ ਤੇ ਦੀਵਾਰ ਉਠਾਣ ਦਾ ਕੰਮ ਕੀਤਾ। ਰੌਣੀ ਤਯਾਰ ਹੋਣ ਤੇ 'ਰਾਮਰੌਣੀ' ਨਾਮ ਰੱਖਿਆ। ਇਹ ਰੌਣੀ ਛੋਟੀ ਜਹੀ ਸੀ। ੫੦੦ ਸਿੰਘ ਦੇ ਲਗ ਪਗ ਇਸ ਵਿਚ ਠਹਿਰ ਸਕਦੇ ਸਨ, ਸਗੋਂ ੫੦੦ ਸਿੰਘ ਸ਼ਹੀਦੀ ਪ੍ਰਾਪਤ ਕਰਨ ਦੇ ਸ਼ੌਕ ਵਿਚ ਉਸ ਵਿਚ ਆ ਬੈਠੇ, ਖਾਣ ਦਾ ਸਾਮਾਨ ਕੁਛ ਚਿਰ ਲਈ ਇਕੱਠਾ ਕਰ ਲਿਆ। ਇਕ ਪੁਰਾਣੀ ਖੂਹੀ

---

* ਕੱਚੀ ਕੰਧ ਦਾ ਘੇਰਾ ਜਿਸ ਦੇ ਅੰਦਰ ਓਟ ਮਿਲੇ ਤੇ ਬਾਹਰਲੇ ਹਮਲੇ ਨੂੰ ਰੋਕ ਪਾਵੇ, ਉਦਾਲੇ ਖਾਈ ਭੀ ਹੋਵੇ। – ਲੇਖਕ

ਮੌਜੂਦ ਸੀ ਜਲ ਛਕਣ ਵਾਸਤੇ ਉਸਨੂੰ ਕਬਜ਼ੇ ਵਿਚ ਲੈ ਲਿਆ।

ਲਾਹੌਰ ਵਾਲੇ ਏਹ ਕਦ ਸਹਾਰ ਸਕਦੇ ਸੀ ਕਿ ਇਹੋ ਜਿਹੀ ਸ਼ੈ ਕਾਇਮ ਹੋ ਜਾਵੇ। ਭਾਵੇਂ ਕਚੀ ਕੰਧ ਦੀ ਵਲਗਣ ਹੀ ਹੋਵੇ ਤੇ ਚਾਹੇ ਵਿਚ ਫਟੇ ਕਪੜੇ ਤੇ ਫਾਕਿਆਂ ਕੜਾਕਿਆਂ ਵਾਲੇ ਗਰੀਬ ਸਿਖ ਹੀ ਹੋਣ ਤੇ ਉਨ੍ਹਾਂ ਦੀ ਗਿਣਤੀ ਚਾਹੇ ਹਜ਼ਾਰ ਨੂੰ ਵੀ ਨਾ ਅਪੜੇ। ਸੋ ਇਸ ਅਡੇ ਨੂੰ ਪੁਟਣ ਦੇ ਤਿਆਰੇ ਮੁਗਲ ਹਾਕਮਾਂ ਵਲੋਂ ਹੋ ਗਏ।

ਦਿਲੀ ਤੋਂ ਭਾਂਜ ਖਾਕੇ ਅਹਿਮਦ ਸ਼ਾਹ ਨਸ ਚੁਕਾ ਸੀ ਤੇ ਲਾਹੌਰ ਦਰਬਾਰ 'ਤੇ ਮੀਰ ਮੰਨੂ ਨੇ ਕਬਜ਼ਾ ਕਰ ਲਿਆ ਸੀ। ਉਸ ਪਾਸਿਉ ਬੇਫਿਕਰ ਹੋਕੇ ਹੁਣ ਉਹਨੇ ਸਿਖਾਂ ਨਾਲ ਜੰਗ ਕਰਨ ਦੀ ਠਾਣੀ। ਅਦੀਨਾ ਬੇਗ ਜਾਲੰਧਰ ਤੋਂ ਸਦਿਆ, ਅਜੀਜ਼ ਖਾਂ ਸੂਬੇਦਾਰ ਲਾਹੌਰੋਂ ਟੋਰਿਆ, ਦੀਵਾਨ ਕੌੜਾ ਮਲ ਨੂੰ ਵੀ ਲਸ਼ਕਰ ਨਾਲ ਕੂਚ ਦਾ ਹੁਕਮ ਮਿਲਿਆ। ਕਸੂਰੀਏ ਪਠਾਣ ਵੀ ਆ ਗਏ, ਪਹਾੜੀ ਰਾਜੇ ਵੀ ਅੜਦਲ ਵਿਚ ਹੋ ਪਏ, ਨਾਸਿਰ ਅਲੀ ਖਾਂ ਵੀ ਅਪੜਿਆ। ਖਾਲਸਾ ਰਾਮ ਰੌਣੀ ਵਿਚ ਜਿੰਨਾਂ ਸੀ ਸਨਧਬਧ ਸੀ, ਸ਼ਹੀਦੀ ਪ੍ਰਾਪਤ ਕਰਨ ਦੇ ਨਸ਼ੇ ਵਿਚ ਸਰਸ਼ਾਰ ਸੀ ਤੇ ਕੌਮ ਦੀ ਆਨ ਸ਼ਾਨ ਨੂੰ ਕਾਇਮ ਰਖਣ ਲਈ ਸਿਰ ਤਲੀ ਤੇ ਧਰੀ ਬੈਠਾ ਸੀ। ਵੈਰੀ ਨੂੰ ਆਉਂਦਿਆਂ ਵੇਖ ਇਕਦਮ ਡਜ਼ ਕੀਤੀ ਤੇ ਦੁਸ਼ਮਣ ਨੂੰ ਹੋਸ਼ ਸੰਭਾਲਣ ਤੋਂ ਪਹਿਲਾਂ ਦੂਜੀ ਵੇਰ ਫਿਰ ਸ਼ਲਕ ਕੀਤੀ। ਇੰਜ ੮੦੦ ਦੇ ਕਰੀਬ ਤੁਰਕਾਨੀ ਸੈਨਾਂ ਦੇ ਜਵਾਨ ਮੋਏ ਤੇ ੨੦ ਸਿੰਘ ਚੜ੍ਹਾਈ ਕਰ ਗਏ। ਵਾਹੋ ਦਾਹੀ ਕਰਦੇ ਆ ਰਹੇ ਵੈਰੀ ਦੇ ਲਸ਼ਕਰ ਨੂੰ ਹੁਣ ਪਤਾ ਲੱਗਾ ਕਿ ਖਾਲਸਾ ਵੰਙਾਂ ਪਾਈ ਨਹੀਂ ਬੈਠਾ ਤੇ ਨਾਹੀ ਓਹਦੇ ਸਾਹਮਣੇ ਜਾਣਾ ਮਖੌਲ ਹੈ। ਰਾਤ ਨੂੰ ਬੈਠਕੇ ਸਲਾਹ ਠਹਿਰੀ ਕਿ ਹੁਣ ਹਮਲਾ ਨਾ ਕੀਤਾ ਜਾਏ, ਘੇਰਾ ਪਾਈ ਰਖੋ, ਸਾਮਾਨ ਮੁਕ ਜਾਣ ਤੇ ਆਪ ਹੀ ਕਾਬੂ ਵਿਚ ਆ ਜਾਣਗੇ। ਕੁਛ ਦਿਨ ਘੇਰੇ ਵਿਚ ਬੈਠਿਆਂ ਸਿੰਘਾਂ ਨੂੰ ਅੰਨ ਦਾਣੇ ਦੀ ਕਮੀ ਭਾਸੀ, ਵੇਲੇ ਕੁਵੇਲੇ ਸਿੰਘ ਬਾਹਰ ਨਿਕਲਦੇ, ਛਾਪਾ ਮਾਰਕੇ ਜੋ ਕੁਛ ਮਿਲਦਾ ਲੈਕੇ ਫਿਰ ਰੌਣੀ ਵਿਚ ਜਾ ਵੜਦੇ ਸਨ ਤੇ ਦੋ ਦੋ ਚਾਰ ਚਾਰ ਕਰਕੇ ਸਿੰਘ ਵੇਲੇ ਕੁਵੇਲੇ ਬਾਹਰੋਂ ਆ ਜਾਂਦੇ ਤੇ ਅੰਦਰ ਦਿਆਂ ਦੀ ਘਟੀ ਗਿਣਤੀ ਨੂੰ ਪੂਰਾ ਕਰਦੇ ਰਹਿੰਦੇ ਸਨ।

ਮੀਰ ਮੰਨੂ ਇਸ ਨਾਕਾਮਯਾਬੀ ਤੋਂ ਖਿਝਿਆ ਤੇ ਦਿੱਲੀ ਤੋਂ ਹੋਰ ਲਸ਼ਕਰ ਸੱਦਿਆ। ਤੁਰਕਾਨੀ ਫੌਜ ਨੇ ਇਕੱਠੇ ਹੋ ਚਾਰੇ ਪਾਸਿਆਂ ਤੋਂ ਇਕ ਦਮ ਹੱਲਾ ਬੋਲਣ ਦੀ ਵਿਉਂਤ ਸੋਚੀ। ਇਹ ਮੌਕਾ ਕੌਮ ਦੀ ਇੱਜ਼ਤ ਲਈ ਡਾਢਾ ਖਤਰੇ ਦਾ ਆ ਬਣਿਆ।

ਸ੍ਰਦਾਰ ਜੱਸਾ ਸਿੰਘ ਰਾਮਗੜ੍ਹੀਏ ਪੁਰ ਪੰਥ ਨੂੰ ਕੁਛ ਸ਼ੁਭਾ ਸੀ ਕਿ ਇਸਨੇ ਆਪਣੀ ਲੜਕੀ ਮਾਰੀ ਹੈ। ਕੁੜੀ ਮਾਰ ਦਾ ਸੰਗ ਸਿੰਘਾਂ ਵਿਚ ਵਿਵਰਜਤ ਹੈ। ਸਿੰਘਾਂ ਨੂੰ ਇਸ ਨਾਲ ਮਿਲਨੇ ਸੰਕੋਚ ਹੋ ਗਿਆ ਸੀ। ਇਸ ਤਰ੍ਹਾਂ ਉਦਾਸ ਤੇ ਡਾਵਾਂ ਡੋਲ ਹੋਕੇ ਜਸਾ ਸਿੰਘ ਕੁਛ ਚਿਰ ਰਿਹਾ, ਪਰ ਫੇਰ ਉਹ ਅਦੀਨਾ ਬੇਗ ਜਲੰਧਰ ਵਾਲੇ ਪਾਸ ਆਪਣੇ ੧੦੦ ਸਵਾਰਾਂ ਸਮੇਤ ਜਾ ਰਿਹਾ। ਇਸ ਜੰਗ ਵਿਚ ਉਹ ਵੀ ਅਦੀਨਾ ਬੇਗ ਦੇ ਨਾਲ ਸੀ। ਤੁਰਕਾਨੀ ਦਲ ਦੇ ਮਿਲਵੇਂ ਹੱਲੇ ਦੀ ਗੋਂਦ ਦੀ ਖਬਰ ਇਸਨੇ ਵੀ ਸੁਣੀ। ਇਸ ਹਮਲੇ ਤੋਂ ਜੋ ਨਤੀਜੇ ਨਿਕਲਨੇ ਸਨ ਉਨ੍ਹਾਂ ਪਰ ਠੰਡੇ ਦਿਲ ਤੇ ਦਿਮਾਗ ਨਾਲ ਸਿੰਘ ਦਿਲ ਵਾਲੇ ਜੱਸਾ ਸਿੰਘ ਨੇ ਵਿਚਾਰ ਕੀਤੀ। ਉਹਦੇ ਸਰੀਰ ਨੂੰ ਝੁਣ ਝੁਣੀ ਜਹੀ ਆਈ, ਅੱਖਾਂ ਅਗੇ ਗ਼ੁਬਾਰ ਉਠਿਆ, ਸਿਰ ਵਿਚ ਚੱਕਰ ਆਇਆ, ਪਰ ਦੂਜੇ ਮਿੰਟ ਵਿਚ ਹੀ ਸੂਰਮੇ ਦੇ ਦਿਲ ਵਿਚ ਇਕ ਖਾਸ ਤਰਾਂ ਦਾ ਝਲਕਾ ਵੱਜਾ, ਗੁਬਾਰ ਉਠਿਆ, ਸਿਰ ਵਲ ਚੜਿਆ, ਅੱਖਾਂ ਦੀ ਰਾਹੀਂ ਪਾਣੀ ਦੀਆਂ ਬੂੰਦਾਂ ਬਣਕੇ ਧਰਤੀ ਵਿਚ ਜਾ ਮਿਲਿਆ, ਅੰਦਰ ਚਾਨਣਾ ਹੋ ਪਿਆ। ਕਲਗੀਧਰ ਜੀ ਦਾ ਪਿਆਰ ਜਾਗਿਆ, ਪੰਥਕ ਪਿਆਰ ਠਾਠਾਂ ਮਾਰ ਉਠਿਆ, ਹੰਗਤਾ ਦੇ ਭਾਵ ਉਡ ਗਏ, ਦਿਲ ਦਾ ਸ਼ੀਸ਼ਾ ਚਮਕਿਆ ਤੇ ਸੂਰਮੇ ਦੀਆਂ ਰਗਾਂ ਵਿਚ ਸ਼ਹੀਦਾਂ ਦੇ ਖ਼ੂਨ ਨੇ ਗੇੜ ਮਾਰਿਆ, ਪੁਰਾਣੇ ਵੈਰ ਵਿਰੋਧ ਭੁਲ ਗਏ, ਕਲਮ ਦਵਾਤ ਫੜੀ, ਕਾਗਜ਼ ਲਿਆ ਤੇ ਰਾਮ ਰੋਣੀ ਵਿਚ ਬੈਠੇ ਖਾਲਸੇ ਨੂੰ ਲਿਖਿਆ ਕਿ :

ਪਤਿਤ ਉਧਾਰਨ ਖਾਲਸਾ ਸਰਨਾਗਤ ਸੁਖ ਦੈਨ।
ਮੇਲੁ ਲੇਹੁ ਮੁਹਿ ਦੀਨ ਕੋ ਵਖਤ ਸ਼ਹੀਦੀ ਲੈਨ*।

ਚਿੱਠੀ ਤੀਰ ਨਾਲ ਬਧੀ, ਤੀਰ ਕਮਾਣ ਤੇ ਰਖਿਆ, ਤੰਦੀ ਨੂੰ ਖਿਚਿਆ ਤੇ ਇੰਨੇ ਬਲ ਨਾਲ ਖਿਚਿਆ ਕਿ ਤੀਰ ਰਾਮ ਰੋਣੀ ਦੇ ਅੰਦਰ ਜਾ ਪਿਆ। ਖਾਲਸੇ ਨੇ ਤੀਰ ਡਿਗਾ ਵੇਖ ਚਕਿਆ। ਉਹਦੇ ਨਾਲ ਚਿਠੀ ਵੇਖੀ, ਖੋਲੀ, ਪੜ੍ਹੀ ਤੇ ਸਾਰੇ ਸਿੰਘ ਗਦ ਗਦ ਹੋ ਗਏ, ਕੰਠ ਰੁਕ ਗਏ, ਅੱਖਾਂ ਪਿਆਰ ਨਾਲ ਸੇਜਲ ਹੋ ਆਈਆਂ। ਸ੍ਰ. ਜੱਸਾ ਸਿੰਘ ਦੇ ਕੌਮੀ ਪਿਆਰ ਤੇ ਨਿੰਮਰਤਾ ਦੀ ਸਲਾਘਾ ਹੋਣ ਲਗੀ। ਚਿਠੀ ਦਾ ਜਵਾਬ ਤੀਰ ਨਾਲ ਹੀ ਬੰਨਕੇ ਉਸੇ ਤਰ੍ਹਾਂ ਭੇਜਿਆ ਗਿਆ। 'ਪੰਥ ਬਖਸ਼ੰਦ ਹੈ– ਬਿਨਾਂ ਦੇਰ ਦੇ ਆ ਜਾਓ'। ਸ੍ਰ. ਜੱਸਾ ਸਿੰਘ ਇਹ ਰੁਕਾ ਪੜਦਿਆਂ ਹੀ ਅਦੀਨਾ ਬੇਗ ਪਾਸ ਪੁਜਾ ਤੇ ਆਪਣਾ ਹਿਸਾਬ

* ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਪੰਨਾ – ੭੯੯ – ਸੰਪਾ.

ਚੁਕਾਉਣ ਲਈ ਕਿਹਾ, ਹਿਸਾਬ ਨਬੇੜ ਕੇ ਆਪਣੇ ਸਾਥੀ ਇਕ ਸੌ ਸਿੰਘਾਂ ਤੇ ੨੦-੨੫ ਸਹਿਜਧਾਰੀਆਂ ਨੂੰ ਨਾਲ ਲੈਕੇ ਸ਼ਹਾਦਤ ਦੀ ਪ੍ਰਾਪਤੀ ਦੇ ਸ਼ੌਕ ਵਿਚ ਪੰਥ ਦੀ ਬੇਹਤਰੀ ਲਈ ਵੀਰਾਂ ਦੀ ਸਫ਼ ਵਿਚ ਆ ਖੜੋਤਾ।

ਰਾਮ ਰੌਣੀ ਵਿਚ ਸਿੰਘ ਬੈਠੇ ਸਨ, ਖਰਚ ਖੁਰਾਕ ਮੁਕ ਚੁਕੀ ਸੀ, ਰਾਤ ਨੂੰ ਛਾਪੇ ਮਾਰਕੇ ਵੈਰੀ ਤੋਂ ਜੋ ਕੁਝ ਮਿਲਦਾ ਖੋਹਕੇ ਲੈ ਜਾਂਦੇ ਸਨ। ਬਾਹਰ ਵੈਰੀ ਦਾ ਦਲ ਘੇਰਾ ਪਾਏ ਹੋਏ ਸੀ। ਵੈਰੀ ਵਿਚ ਇਨਾਂ ਹੀਆ ਨਹੀਂ ਸੀ ਕਿ ਮੁਠੀ ਭਰ ਸਿਖਾਂ ਦੇ ਨਾਲ ਸਾਹਮਣੇ ਹੋਕੇ ਲੜੇ, ਪਰ ਪਿਛੇ ਮੁੜਿਆਂ ਵੀ ਨੱਕ ਨਹੀਂ ਰਹਿੰਦਾ ਸੀ, ਤੇ ਮੀਰ ਮਨੂੰ ਦਾ ਡਰ ਇਨ੍ਹਾਂ ਦੀ ਜਾਨ ਖਾਂਦਾ ਸੀ। ਮੀਰ ਮਨੂੰ ਨੂੰ ਖਬਰ ਮਿਲੀ ਕਿ ਅਹਿਮਦ ਸ਼ਾਹ ਨੇ ਕਾਬਲੋਂ ਚੜ੍ਹਾਈ ਕੀਤੀ ਹੈ ਮੁਲਤਾਨ ਵਲੋਂ ਸ਼ਾਹ ਨਿਵਾਜ਼ ਲਾਹੌਰ ਤੇ ਧਾਵਾ ਬੋਲਣ ਲਗਾ ਹੈ ਤੇ ਅੰਮ੍ਰਿਤਸਰ ਵਿਚ ਖਾਲਸੇ ਨਾਲ ਤਾਂ ਜੰਗ ਛਿੜੀ ਹੋਈ ਸੀ। ਇੰਜ ਸਾਰੀ ਪਾਸੀਂ ਦੁਸ਼ਮਨ ਹੀ ਦੁਸ਼ਮਨ ਵੇਖਕੇ ਮੀਰ ਮਨੂੰ ਘਬਰਾ ਗਿਆ। ਉਸ ਦੀਵਾਨ ਕੌੜਾ ਮੱਲ ਨੂੰ ਸਦਿਆ ਤੇ ਸਲਾਹ ਪੁਛੀ। ਦੀਵਾਨ ਜੀ ਸਮੇਂ ਦੇ ਬੜੇ ਸਚੇਤ ਸਨ। ਉਨ੍ਹਾਂ ਨੇ ਸਿਖਾਂ ਤੇ ਦਰਬਾਰ ਲਾਹੌਰ ਵਿਚ ਮੇਲ ਕਰਾਉਣ ਦਾ ਸੋਹਣਾ ਸਮਾਂ ਜਾਤਾ ਤੇ ਮੀਰ ਮਨੂੰ ਨੂੰ ਕਿਹਾ ਕਿ ਜੇ ਕਦੀ ਸਿੰਘਾਂ ਨਾਲ ਸੁਲਹ ਕਰ ਲਈ ਜਾਏ ਤਦ ਬੜਾ ਚੰਗਾ ਹੋਵੇਗਾ। ਇਹ ਗਲ ਮਨੂੰ ਦੇ ਦਿਲ ਲਗੀ। ਦੀਵਾਨ ਜੀ ਨੂੰ ਸਿਖਾਂ ਵਲ ਭੇਜਿਆ। ਦੀਵਾਨ ਜੀ ਅੰਮ੍ਰਿਤਸਰ ਆਏ, ਸਿਖ ਮੁਖੀਏ ਸੱਦੇ, ਸੁਲਾਹ ਦੀ ਗਲ ਛਿੜੀ।

ਸ਼ਾਹਨਿਵਾਜ਼ ਦੇ ਪਿਤਾ ਖਾਨ ਬਹਾਦਰ ਨੇ ਸਿੰਘਾਂ ਦੇ ਦਲਾਂ ਦੇ ਦਲ ਖਪਵਾਏ ਸਨ ਤੇ ਘਲੂਘਾਰਾ ਇਨਾਂ ਦੇ ਵੇਲੇ ਹੀ ਹੋਇਆ ਸੀ। ਖਾਲਸੇ ਨੂੰ ਸ਼ਾਹ ਨਿਵਾਜ਼ ਤੋਂ ਬਦਲਾ ਲੈਣ ਦਾ ਸੋਹਣਾ ਮੌਕਾ ਮਿਲਯਾ। ਦੀਵਾਨ ਕੌੜਾ ਮਲ ਨੂੰ ਆਪਣਾ ਹਿਤੂ ਜਾਣਦੇ ਸੀ ਉਹਦੇ ਨਾਲ ਮਿਲਕੇ ਮੁਲਤਾਨ ਤੇ ਚੜ੍ਹਾਈ ਦੀ ਗਲ ਪੱਕੀ ਹੋ ਗਈ। ਅੰਮ੍ਰਿਤਸਰ ਦੇ ਲਾਗੇ ਦੇ ੧੨ ਪਿੰਡ ਤੇ ਅੱਧਾ ਪੱਟਾ ਪੱਟੀ ਦਾ ਸਿੰਘਾਂ ਨੂੰ ਮਿਲਯਾ।

ਅਦੀਨਾ ਬੇਗ ਨੇ ਤੁਰਕਾਨੀ ਸੈਨਾਂ ਦੀ ਕਮਾਨ ਲਈ, ਇਹ ਮੁਲਤਾਨ ਨੂੰ ਟੁਰੇ। ਮੁਲਤਾਨ ਤੋਂ ੧੦ ਕੋਹ ਅੱਗੇ ਸ਼ਾਹ ਨਿਵਾਜ਼ ਦੀ ਸੈਨਾਂ ਆ ਗਈ, ਦੋਨੋਂ ਤਰਫਾਂ ਦੇ ਦਲ ਇਉ ਆਪੋ ਵਿਚ ਟੱਕਰੇ ਜਿਵੇਂ ਦੋ ਬੱਦਲ ਅਕਾਸ਼ ਵਿਚ ਟੱਕਰਦੇ ਹਨ। ਦੋਨੋਂ ਪਾਸਿਆਂ ਨੇ ਤਲਵਾਰਾਂ ਧੂਹੀਆਂ ਤੇ ਗੁੱਥਮ ਗੁੱਥਾ ਹੋ ਗਏ, ਭਿਆਨਕ ਜੰਗ ਮਗਰੋਂ ਅਦੀਨਾ ਬੇਗ ਗ਼ਦਾਰੀ ਕਰਕੇ ਸ਼ਾਹਨਿਵਾਜ਼ ਨਾਲ ਜਾ ਮਿਲਿਆ।

ਦੀਵਾਨ ਕੌੜਾ ਮਲ ਸਿੰਘਾਂ ਪਾਸ ਆਇਆ, ਤੇ ਸਮੁੰਦਰ ਦੇ ਜਲ ਵਾਂਗ ਠਾਠਾਂ ਮਾਰਦਾ ਖਾਲਸਾ ਦਲ ਸਾਹਮਣੇ ਹੋਇਆ। ਸ਼ਾਹ ਨਿਵਾਜ਼ ਟਾਕਰੇ ਲਈ ਆਇਆ। ਖਾਲਸੇ ਨੂੰ ਸ਼ਾਹ ਨਿਵਾਜ਼ ਦਾ ਨਾਮ ਸੁਣ ਸੁਣ ਕੇ ਕਚੀਚੀਆਂ ਚੜ੍ਹਦੀਆਂ ਸਨ, ਸਿੰਘਾਂ ਦੇ ਚੇਹਰਿਆਂ ਤੇ ਬੀਰ ਰਸ ਛਾ ਰਿਹਾ ਸੀ, ਹੱਲੇ ਤੇ ਹੱਲਾ ਹੋਣ ਲੱਗਾ।

ਨਵਾਬ ਕਪੂਰ ਸਿੰਘ ਤੇ ਭੀਮ ਸਿੰਘ ਦੀ ਨਜ਼ਰੀ ਸ਼ਾਹ ਨਿਵਾਜ਼ ਪੈ ਗਿਆ। ਇਨਾਂ ਨੇ ਇਸਨੂੰ ਅਗੇ ਰਖ ਲਿਆ, ਸ਼ਾਹ ਨਿਵਾਜ਼ ਅਗੇ ਨੱਸ ਟੁਰਿਆ। ਸ੍ਰ. ਜੱਸਾ ਸਿੰਘ ਨੇ ਲਲਕਾਰਿਆ ਸੂਰਮਾਂ ਬਣ, ਮਰਦਾਂ ਵਾਂਗ ਸਾਹਮਣੇ ਆ, ਗੀਦੀਆਂ ਵਾਂਗ ਨਾ ਨੱਸ, ਖਾਲਸਾ ਤੈਨੂੰ ਇੰਜ ਹੁਣ ਜਾਣ ਨਹੀਂ ਦੇਵੇਗਾ, ਪਰ ਸ਼ਾਹ ਨਿਵਾਜ਼ ਦੇ ਪਾਪ ਉਸਨੂੰ ਕੰਬਾ ਰਹੇ ਸਨ, ਉਸਨੂੰ ਧੀਰਜ ਕਿਥੋਂ। ਸ੍ਰਦਾਰ ਜੱਸਾ ਸਿੰਘ ਅਗੇ ਵਧਿਆ, ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ, ਨੇਜ਼ਾ ਤਾਣਿਆ, ਤੇ ਇਸ ਜ਼ੋਰ ਨਾਲ ਸ਼ਾਹ ਨਿਵਾਜ਼ ਦੀ ਛਾਤੀ ਵਿਚ ਮਾਰਿਆ ਕਿ ਉਹਦੀ ਸੰਜੋ ਪਾੜਕੇ ਛਾਤੀ ਵਿਚ ਧਸ ਗਿਆ। ਭੀਮ ਸਿੰਘ ਦੀ ਗੋਲੀ ਸ਼ਾਹ ਨਿਵਾਜ਼ ਦੀ ਛਾਤੀ ਵਿੰਨ੍ਹ ਗਈ, ਉਹ ਧਰਤੀ ਤੇ ਡਿਗ ਪਿਆ। ਤਲਵਾਰ ਨਾਲ ਸਿਰ ਧੜ ਤੋਂ ਵਖ ਕਰ ਦਿਤਾ। ਸ਼ਾਹ ਨਿਵਾਜ ਦੀ ਮੌਤ ਮੁਲਤਾਨੀ ਸੈਨਾਂ ਦੀ ਮੌਤ ਸੀ, ਸਾਰੀ ਭੱਜ ਉਠੀ, ਮੁਲਤਾਨ ਦੀਆਂ ਕੰਧਾਂ ਤਕ ਖਾਲਸੇ ਨੇ ਪਿੱਛਾ ਕੀਤਾ। ਇਸ ਲੜਾਈ ਵਿਚ ਕਾਫ਼ੀ ਧਨ ਤੇ ਸਾਮਾਨੇ ਜੰਗ ਖਾਲਸੇ ਦੇ ਹੱਥ ਆਇਆ। ਭੀਮ ਸਿੰਘ ਨੇ ਸ਼ਾਹ ਨਿਵਾਜ਼ ਦਾ ਸਿਰ ਨੇਜ਼ੇ ਵਿਚ ਪਰੋਕੇ ਦੀਵਾਨ ਜੀ ਦੇ ਅਗੇ ਲਿਆ ਰਖਿਆ। ਫਤਹ ਦੇ ਸ਼ਾਦੀਆਂਨੇ ਵਜਾਂਦਾ ਖਾਲਸਾ ਸ੍ਰੀ ਅੰਮ੍ਰਿਤਸਰ ਪੁਜਾ। ਦੀਵਾਨ ਕੌੜਾ ਮੱਲ ਨੇ ਸ੍ਰੀ ਦਰਬਾਰ ਸਾਹਿਬ ਕਾਫੀ ਭੇਟਾ ਚੜ੍ਹਾਈ ਤੇ ਕੜਾਹ ਦੀਆਂ ਦੇਗਾਂ ਹਾਜ਼ਰ ਕੀਤੀਆਂ। ਫਿਰ ਸ਼ਾਹ ਨਿਵਾਜ਼ ਦਾ ਸਿਰ ਲਾਹੌਰ ਲਿਜਾਕੇ ਮੀਰ ਮਨੂੰ ਦੇ ਪੇਸ਼ ਕੀਤਾ।

ਮੀਰ ਮਨੂੰ ਇਸ ਜਿਤ ਤੋਂ ਬੜਾ ਖੁਸ਼ ਹੋਇਆ। ਇਸ ਖੁਸ਼ੀ ਵਿਚ ਦਿਲੀ ਦਰਬਾਰ ਦੀ ਪ੍ਰਵਾਨਗੀ ਨਾਲ ਦੀਵਾਨ ਕੌੜਾ ਮੱਲ ਨੂੰ 'ਮਹਾਰਾਜਾ' ਦਾ ਖਿਤਾਬ ਦਿਤਾ ਤੇ ਮੁਲਤਾਨ ਦਾ ਹਾਕਮ ਨੀਯਤ ਕਰ ਦਿਤਾ।

☆ ☆ ☆

ਅਹਿਮਦ ਸ਼ਾਹ ਤੇ ਸਿਖਾਂ ਦਾ ਜੰਗ

ਅਹਿਮਦਸ਼ਾਹ ਆਪਣੇ ਹੱਲਿਆ ਵਿਚ ਸਿਖਾਂ ਨੂੰ ਦਬਾਣ ਤੇ ਇਨਾਂ ਦਾ ਨਾਮੋ ਨਿਸ਼ਾਨ ਮਿਟਾਣ ਵਿਚ ਨਾਦਰਸ਼ਾਹ ਨਾਲੋਂ ਘਟ ਖਿਆਲ ਨਹੀਂ ਰਖਦਾ ਸੀ। ਇਹ ਹੀ ਕਾਰਨ ਹੈ ਕਿ ਜਦ ਉਸਨੂੰ ਕਾਬਲ ਖਬਰ ਪੁਜੀ ਕਿ ਦਿਲੀ ਦੇ ਲਾਗੇ ਗੜ ਬੜ ਹੈ, ਤੇ ਪੰਜਾਬ ਵਿਚ ਸਿਖਾਂ ਨੇ ਸਿਰ ਚੁਕਿਆ ਹੈ ਤਦ ਉਹ ਗੁਸੇ ਨਾਲ ਆਪੇ ਤੋਂ ਬਾਹਰ ਹੋ ਗਿਆ, ਅੱਖਾਂ ਵਿਚੋਂ ਅੱਗ ਵਸਣ ਲਗੀ ਤੇ ਓਹਦਾ ਹੱਥ ਹਰ ਘੜੀ ਤਲਵਾਰ ਵਲ ਉੱਠਣ ਲਗਾ। ਸਲਾਹਕਾਰ ਸੱਦੇ, ਮਸ਼ਵਰੇ ਲਏ, ਚੋਣਵੇਂ ਅਫ਼ਗਾਨਾਂ ਦਾ ਲਸ਼ਕਰ ਤਿਆਰ ਕੀਤਾ, ਲੜਾਈ ਦਾ ਸਮਾਨ ਲੱਦਿਆ ਤੇ ਹਿੰਦ ਵਲ ਮੂੰਹ ਕੀਤਾ। ਅਹਿਮਦ ਸ਼ਾਹ ਵਟਾਲੀਆ ਲਿਖਦਾ ਹੈ ਕਿ ਇਹ ਅਹਿਮਦਸ਼ਾਹ ਦਾ ਅੰਤਮ ਹਮਲਾ ਸੀ।

ਅਹਿਮਦਸ਼ਾਹ ਦੀ ਚੜ੍ਹਾਈ ਦੀ ਖਬਰ ਪੰਜਾਬ ਵਿਚ ਪੁਜੀ। ਅਹਿਮਦਸ਼ਾਹ ਦੀਆਂ ਪਿਛਲੀਆਂ ਲੁਟਾਂ ਮਾਰਾਂ ਲੋਕਾਂ ਨੂੰ ਯਾਦ ਸਨ। ਤੀਵੀਆਂ ਨੇ ਆਪਣੇ ਪਤੀਆਂ ਭਰਾਵਾਂ ਤੇ ਪੁਤਾਂ ਦੇ ਸੋਗ ਦੀਆਂ ਫੂੜੀਆਂ ਵੀ ਅਜੇ ਨਹੀਂ ਚੁਕੀਆਂ ਸਨ, ਦੁਰਾਨੀ ਦੀਆਂ ਕਤਲਾਮਾਂ ਤੋਂ ਖ਼ੂਨ ਨਾਲ ਰੰਗੀ ਭੋਂ ਦਾ ਅਜੇ ਰੰਗ ਵੀ ਨਹੀਂ ਬਦਲਿਆ ਸੀ ਕਿ ਫਿਰ ਅਹਿਮਦ ਸ਼ਾਹ ਪੰਜਾਬ ਵਲ ਮੁੜਿਆ। ਇਸ ਖਬਰ ਤੋਂ ਜੋ ਕੁਛ ਡਰ, ਭੈ, ਤੇ ਕੁਰਲਾਟ ਪੈ ਸਕਦਾ ਸੀ ਪਾਠਕ ਅਨੁਮਾਨ ਲਾ ਸਕਦੇ ਹਨ।

ਅਹਿਮਦਸ਼ਾਹ ਨੂੰ ਪੰਜਾਬ ਦੇ ਮੈਦਾਨ ਸਿਖਾਂ ਤੋਂ ਖਾਲੀ ਦਿਸੇ, ਲੁਟ ਮਾਰ ਕਰਦਾ ਦਿਲੀ, ਗੁਜਰਾਤ, ਸਿਆਲਕੋਟ ਤੇ ਜੰਮੂ ਸਰਹੱਦਾਂ ਤੱਕ ਗਿਆ। ਇਹਦੇ ਸਾਹਮਣੇ ਆਉਣ ਦਾ ਕਿਸੇ ਨੂੰ ਹੀਆ ਨਾ ਪਿਆ। ਜੇ ਕੋਈ ਆਇਆ ਨਜ਼ਰਾਨੇ ਲੈ ਕੇ ਆਇਆ ਤੇ ਸਲਾਮਾਂ ਕਰਦਾ ਆਇਆ, ਜੇ ਕਿਤੇ ਮਿਆਨ ਵਿਚੋਂ ਤਲਵਾਰ ਕਢਣੀ ਪਈ ਤਦ ਯੋਧਿਆਂ ਨੂੰ ਨਸਾ ਕੇ ਫਤਹਮੰਦ ਹੋਇਆ। ਧਨ, ਮਾਲ ਨਾਲ ਖੂਬ ਹਥ ਰੰਗੇ ਤੇ ਆਪਣੇ ਦੇਸ਼ ਨੂੰ ਵਾਪਸ ਮੁੜਿਆ। ਇਹਦੀ ਖੁਸ਼ੀ ਦਾ ਪਾਰਾਵਾਰ ਨਹੀਂ ਸੀ, ਜਦ ਇਹ ਵਾਪਸ ਪੰਜਾਬ ਦੇ ਵਿਚ ਆਇਆ, ਸਿਖਾਂ ਨੂੰ ਖਬਰ ਮਿਲੀ, ਪੂਰਬ ਵਿਚ ਇਹਦੇ ਕੀਤੇ ਅਤਯਾਚਾਰਾਂ ਦੇ ਹਾਲ ਖਾਲਸੇ ਸੁਣੇ।

ਸਿੰਘਾਂ ਨੂੰ ਖਬਰ ਮਿਲੀ ਕਿ ਅਹਿਮਦ ਸ਼ਾਹ ਹੁਣ ਖਾਸ ਤੌਰ ਤੇ ਸਾਡੇ ਬੰਦੋਬਸਤ ਲਈ ਯਤਨ ਕਰੇਗਾ। ਖਾਲਸਾ ਦਲਾਂ ਵਿਚ ਇਸ ਖਬਰ ਤੋਂ ਇਕ ਖਾਸ ਤਰਾਂ ਦਾ ਚਾਓ ਤੇ ਉਮਾਹ ਦਾ ਪ੍ਰਕਾਸ਼ ਹੋ ਗਿਆ। ਸਿੰਘਾਂ ਦੇ ਚੇਹਰਿਆਂ ਤੇ ਲਾਲੀਆਂ ਭਖਣ ਲਗੀਆਂ। ਜਿਉਂ ਹੀ ਅਹਿਮਦਸ਼ਾਹ ਨੇ ਪੰਜਾਬ ਵਿਚ ਕਦਮ ਰਖੇ ਤਿਉਂ ਹੀ ਜੰਗ ਦਾ ਨਗਾਰਾ ਵਜਿਆ, ਖਾਲਸੇ ਰਾਵੀ ਦੇ ਕੰਢੇ ਅਹਿਮਦਸ਼ਾਹ ਨੂੰ ਰੋਕ ਲਿਆ। ਦੋਵੇਂ ਧਿਰਾਂ ਸਾਵਧਾਨ ਹੋਈਆਂ, ਗੋਲੀ ਬਾਰੂਦ ਵੰਡਿਆ ਗਿਆ। ਯੋਧਿਆਂ ਬੰਦੂਕਾਂ ਸੰਭਾਲੀਆਂ, ਤੀਰ ਚਲਣ ਲਗੇ ਤੇ ਇਕ ਦੂਜੇ ਤੇ ਟੁਟ ਪਏ। ਗੋਲੀਆਂ ਦੀ ਤਾੜ ਤਾੜ, ਤੀਰਾਂ ਦੀ ਸਾਂ ਸਾਂ ਤੇ ਖੰਡਿਆਂ ਦੀ ਖਟ ਖਟ ਦੀ ਅਵਾਜ਼ ਨਾਲ ਅਕਾਸ਼ ਗੂੰਜ ਉਠਿਆ।

ਮਰਨ ਵਾਲਿਆਂ ਦੀਆਂ ਲਾਸ਼ਾਂ ਦੇ ਢੇਰ ਅਗੇ ਵਧਣ ਵਿਚ ਦੀਵਾਰਾਂ ਬਣਦੇ ਸਨ, ਵੀਟਿਆ ਖੂਨ ਕਦਮਾਂ ਨੂੰ ਖਿੜਕਾਣ ਦਾ ਕਾਫੀ ਸਾਮਾਨ ਸੀ, ਤੇ ਫਟੜਾਂ ਦੀ ਹਾ ਹਾ ਕਾਰ ਸੁਣਦਿਆਂ ਦਿਲ ਬਹਿ ਬਹਿ ਜਾਂਦੇ ਸਨ, ਪਰ ਸੂਰਮਿਆਂ ਦਾ ਜੋਸ਼ ਹਰ ਘੜੀ ਵਧ ਰਿਹਾ ਸੀ। ਉਨ੍ਹਾਂ ਦੇ ਹੱਥਾਂ ਵਿਚ ਤੇਜ਼ੀ ਆ ਰਹੀ ਸੀ ਤੇ ਸ਼ਰੀਰ ਵਧੀਕ ਬਲ ਨਾਲ ਕੰਮ ਕਰ ਰਹੇ ਸਨ। ਕਦੇ ਇਕ ਤੇ ਕਦੇਂ ਦੂਜੀ ਧਿਰ ਦਾ ਜ਼ੋਰ ਵਧਦਾ ਸੀ, ਕਦੇ 'ਯਾ ਅਲੀ' ਤੇ ਕਦੇ 'ਸਤਿ ਸ੍ਰੀ ਅਕਾਲ' ਦੇ ਨਾਅਰਿਆਂ ਨਾਲ ਧਰਤੀ ਗੂੰਜ ਉਠਦੀ ਸੀ।

ਇਸ ਲੜਾਈ ਵਿਚ ਅਹਿਮਦ ਸ਼ਾਹ ਦੀ ਫੌਜ ਦਾ ਭਾਰੀ ਨੁਕਸਾਨ ਹੋਇਆ, ਸਫ਼ਾਂ ਦੀਆਂ ਸਫ਼ਾਂ ਮਿਟ ਗਈਆਂ। ਸਵਾਏ ਉਨ੍ਹਾਂ ਗਿਣਤੀ ਦੇ ਸਰਦਾਰਾਂ ਦੇ ਜਿਨਾਂ ਲੁਕ ਛਿਪ ਕੇ ਜਾਨ ਬਚਾਈ, ਬਾਕੀ ਦੇ ਸਾਰੇ ਮਾਰੇ ਗਏ। ਅਧੀ ਤੋਂ ਵਧੀਕ ਸੈਨਾਂ ਦੇ ਕੱਟ ਜਾਣ ਤੋਂ ਅਹਿਮਦ ਸ਼ਾਹ ਦਾ ਹੌਸਲਾ ਟੁਟ ਗਿਆ, ਹਿੰਮਤ ਹਾਰ ਬੈਠਾ, ਫਤਹਮੰਦੀ ਦੇ ਖਿਆਲ

ਸੁਪਨਾ ਹੋ ਗਏ, ਹਿੰਦ ਦੀ ਲੁਟ ਦਾ ਮਾਲ ਤਾਂ ਕਿਤੇ ਰਿਹਾ ਜੋ ਕੁਛ ਆਪਣੇ ਪਾਸ ਸੀ ਉਹ ਭੀ ਦੇ ਬੈਠਾ ਤੇ ਬਕੌਲ ਅਹਿਮਦ ਸ਼ਾਹ ਬਟਾਲਵੀ:

ਅਜ਼ ਜਲਾਦਤ ਵ ਤਹੱਵਰੇ ਏਸ਼ਾਂ ਅੰਗੁਸ਼ਤੇ ਹੈਰਤ ਬਦੰਦਾਂ ਮੇ ਗਰਿਫਤ। (ਉਮਦਾ ਤੁ ਤ੍ਵਾਰੀਖ਼,) ਅਹਿਮਦਸ਼ਾਹ ਨੇ ਸਿਖਾਂ ਦੀ ਜਵਾਂਮਰਦੀ ਤੇ ਹੌਸਲਾ ਵੇਖਕੇ ਹੈਰਾਨੀ ਨਾਲ ਉਂਗਲ ਦੰਦਾਂ ਵਿਚ ਲੈ ਲਈ।)

☆ ☆ ☆

ਜਹਾਨ ਖਾਂ ਦੀ ਭਾਂਜ

ਜਹਾਨ ਖਾਂ ਅਹਿਮਦ ਸ਼ਾਹ ਦਾ ਮੂੰਹ ਲਗਾ ਜਵਾਨ ਸੀ। ਹਿੰਦ ਦੀਆਂ ਚੜ੍ਹਾਈਆਂ ਵਿੱਚ ਉਸ ਨੇ ਜੋ ਬੀਰਤਾ ਦੱਸੀ ਉਸ ਤੋਂ ਖ਼ੁਸ਼ ਹੋ ਲਾਹੌਰ ਦਾ ਵਜ਼ੀਰ ਬਣਾਇਆ ਤੇ ਫ਼ਿਰ ਇਸਨੂੰ ਖਾਲਸੇ ਦੇ ਕੁਚਲਨ ਲਈ ਸਿਆਲ ਕੋਟ ਦਾ ਇਲਾਕਾ ਸੌਂਪਿਆ।

ਖਾਲਸੇ ਨੇ ਅਹਿਮਦਸ਼ਾਹ ਨੂੰ ਰਾਵੀਓਂ ਪਾਰ ਕੀਤਾ ਅਤੇ ਇਧਰੋਂ ਨਿਸਚਿੰਤਤਾ ਪ੍ਰਾਪਤ ਹੋਣ ਤੇ ਜਹਾਨ ਖਾਂ ਨਾਲ ਹਥੋ ਹੱਥੀ ਨਬੇੜਾ ਕਰਨ ਦੀ ਵਿਚਾਰ ਕੀਤੀ।

ਚਿਤਰਾ ਮਨੁੱਖਾਂ ਤੋਂ ਡਰਦਾ ਹੈ , ਜੇ ਉਹ ਕਿਤੇ ਆਦਮੀ ਨੂੰ ਵੇਖ ਲਏ ਤਦ ਰਾਹ ਛਡ ਦੇਂਦਾ ਹੈ। ਪਰ ਜਦ ਉਹਦੇ ਮੂੰਹ ਲਹੂ ਲਗ ਜਾਏ ਤਦ ਉਹ ਪਿੰਡਾਂ ਦੇ ਆਵਾਜਾਈ ਦੇ ਰਾਹ ਰੋਕ ਖੜੋਂਦਾ ਤੇ ਖੇਤਾਂ ਦੇ ਕੰਢੇ ਸ਼ਕਾਰ ਦੀ ਭਾਲ ਵਿਚ ਫਿਰਦਾ ਹੈ, ਤੀਵੀਂ, ਬੱਚਾ, ਜਵਾਨ, ਪਸ਼ੂ ਜੋ ਵੀ ਨਜ਼ਰ ਪੈ ਜਾਏ ਉਸ ਤੇ ਝਪਟਦਾ ਹੈ ਤੇ ਨੁਕਸਾਨ ਕਰਦਾ ਹੈ। ਅਜਹੇ ਚਿਤਰੇ ਦੇ ਮਾਰਨ ਲਈ ਇਹ ਵੇਖਣ ਦੀ ਲੋੜ ਨਹੀਂ ਹੁੰਦੀ ਕਿ ਓਹ ਕਿਸੇ ਤੇ ਹਮਲਾ ਕਰੇ ਤਦੇ ਉਸਨੂੰ ਮਾਰਿਆ ਜਾਏ। ਉਹਦੇ ਕੀਤੇ ਅਤਯਾਚਾਰ ਇਸ ਗੱਲ ਦੀ ਆਗਿਆ ਦੇਂਦੇ ਹਨ ਕਿ ਉਹ ਜਿਥੇ ਵੀ ਹੋਵੇ ਤੇ ਜਿਸ ਹਾਲਤ ਵਿਚ ਹੋਵੇ ਉਸਨੂੰ ਮਾਰ ਦਿਤਾ ਜਾਏ।

ਖਾਲਸਾ ਜਹਾਨ ਖਾਂ ਦੀ ਸੋਧ ਕਰਨ ਲਈ ਸਿਆਲ ਕੋਟ ਪੁਜਾ, ਸ਼ਹਿਰੋਂ ਬਾਹਰ ਡੇਰਾ ਕੀਤਾ, ਜਹਾਨ ਖਾਂ ਨੂੰ ਵੰਗਾਰਿਆ ਤੇ ਲਲਕਾਰਿਆ ਕਿ ਅਹਿਮਦ ਸ਼ਾਹ ਦੀ ਨਿਸ਼ਾ

ਕਰਕੇ ਹੁਣ ਤੇਰੇ ਵਲ ਆਏ ਹਾਂ, ਸੂਰਮਿਆਂ ਵਾਂਗ ਸਾਹਮਣੇ ਆ।

ਜਹਾਨ ਖਾਂ ਨੂੰ ਖਾਲਸੇ ਦੀ ਬੋਲੀ ਗੋਲੀ ਵਾਂਗ ਵਜੀ, ਲਸ਼ਕਰ ਤਿਆਰ ਕੀਤਾ, ਘੋੜੇ ਤੇ ਚੜ੍ਹਕੇ ਸ਼ਹਿਰੋਂ ਬਾਹਰ ਆਉਣ ਲਗਾ, ਰਾਹ ਵਿਚ ਅਗ਼ਯਾਰ ਸ਼ਾਹ ਫਕੀਰ ਬੈਠਾ ਸੀ। ਇਹ ਫ਼ਕੀਰ ਕਰਨੀ ਵਾਲਾ ਫਕੀਰ ਸੀ, ਜਹਾਨ ਖਾਂ ਇਸ ਨੂੰ ਵੇਖਕੇ ਇਹਦੇ ਪਾਸ ਗਿਆ ਤੇ ਕਹਿਣ ਲੱਗਾ : 'ਐ ਦਰਵੇਸ਼ ! ਦਰ ਹਕੋ ਮਾ ਦੁਆ ਕੁਨ'

ਅਰਥਾਤ– ਹੇ ਫਕੀਰ ਮੇਰੇ ਵਾਸਤੇ ਪ੍ਰਾਰਥਨਾ ਕਰ।

ਅਗਯਾਰ ਸ਼ਾਹ ਨੇ ਜਹਾਨ ਖਾਂ ਦੀ ਆਵਾਜ਼ ਸੁਣੀ, ਸਿਰ ਚਕਿਆ, ਉਹਦੇ ਵਲ ਵੇਖਿਆ ਤੇ ਕਿਹਾ :

ਬਿਗੁਰੇਜ਼ ! ਬਿਗੁਰੇਜ਼ ਕਿ ਗੁਰਗਾਂ ਆਮਦੰਦ

ਅਰਥਾਤ: ਨਸ ਜਾ! ਨਸ ਜਾ! ਕਿ ਭੇੜੀਏ ਆ ਗਏ ਹਨ।

ਜਹਾਨ ਖਾਂ ਅਗ਼ਯਾਰ ਸ਼ਾਹ ਦੀ ਗੱਲ ਸੁਣਕੇ ਗੁਸੇ ਨਾਲ ਆਪੇ ਤੋਂ ਬਾਹਰ ਹੋ ਗਿਆ ਤੇ ਹੁਕਮ ਦਿਤਾ ਕਿ ਅਗਯਾਰ ਸ਼ਾਹ ਦੀ ਕੁੱਲੀ ਨੂੰ ਫੂਕ ਦਿਤਾ ਜਾਏ। ਇਹ ਹੁਕਮ ਦੇ ਕੇ ਛਾਉਣੀ ਵਿਚ ਆਇਆ।

ਨਗਾਰੇ ਤੇ ਚੋਟ ਲਗੀ ਤੇ ਜਹਾਨ ਖਾਂ ਆਪਣੀ ਸੈਨਾਂ ਨੂੰ ਲੈਕੇ ਖਾਲਸੇ ਦੇ ਸਾਹਮਣੇ ਆ ਡਟਿਆ। ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਸਿਖਾਂ ਵਲੋਂ :

ਬਮਿਕਦਾਰ ਸ਼ਸ਼ ਸਦ ਸਵਾਰ ਅਜ਼ ਲਸ਼ਕਰ ਜੁਦਾ
ਸ਼ੁਦਹ ਦਰਮਿਆਨੇ ਮੈਦਾਂ ਏਸਤਾਦੰਦ।

ਅਰਥਾਤ ਛੇ ਸੌ ਦੇ ਕਰੀਬ ਜਵਾਨ ਫੌਜ ਵਿਚੋਂ ਵਖਰੇ ਹੋਕੇ ਮੈਦਾਨ ਵਿਚ ਆ ਡਟੇ।

ਜਹਾਨ ਖਾਂ ਦੇ ਸਾਥੀਆਂ ਹੱਲਾ ਬੋਲਿਆ। ਜਿਸ ਵੇਲੇ ਇਹ ਖਾਲਸੇ ਦੇ ਲਾਗੇ ਪੁਜੇ ਤਾਂ ਖਾਲਸੇ ਨੇ ਇਕੋ ਵਾਰ ਖੰਦੂਕਾਂ ਦੇ ਫਾਇਰ ਕੀਤੇ। ਇਹ ਸਿੰਘ ਪਕੇ ਨਿਸ਼ਾਨਚੀ ਸਨ, ਪੰਜ ਸੌ ਵਿਚੋਂ ਕਿਸੇ ਇਕ ਦਾ ਨਿਸ਼ਾਨਾ ਵੀ ਨਾ ਖੁੰਜਿਆ:

ਅਜ਼ ਕਜ਼ਾ ਏਜ਼ਦੇ ਜ਼ੁਲ ਜਲਾਲ ਹੇਚ
ਬੰਦੂਕ ਖਤਾ ਨ ਸ਼ੁਦ, ਵ ਹਮਾਂ ਬ ਅਫ਼ਗਾਨਾਂ
ਰਸੀਦੰਦ ਵ ਬਿਸਯਾਰੀਏ ਅਜ਼ ਸਵਾਰਾਨੇ
ਏਸ਼ਾਂ ਅਜ਼ ਪੁਸ਼ਤੇ ਬਜ਼ਮੀਂ ਆਮਦੰਦ।

ਉਲਥਾ-- ਵਾਹਿਗੁਰੂ ਦੀ ਮਰਜ਼ੀ ਨਾਲ ਕਿਸੇ ਬੰਦੂਕ ਦੀ ਗੋਲੀ ਵੀ ਖ਼ਾਲੀ ਨਾ ਗਈ। ਪਠਾਣਾਂ ਦੇ ਬਹੁਤ ਸਾਰੇ ਸਵਾਰ ਘੋੜਿਆਂ ਦੀਆਂ ਜ਼ੀਨਾਂ ਤੋਂ ਜ਼ਮੀਨ ਤੇ ਆ ਪਏ ਤੇ ਬਾਕੀ ਦੇ ਨਸ ਗਏ। ਖਾਲਸੇ ਨੇ ਫਿਰ ਫਾਇਰ ਕੀਤੇ। ਇਕ ਗੋਲੀ ਜਹਾਨ ਖਾਂ ਦੇ ਘੋੜੇ ਨੂੰ ਲਗੀ, ਜਹਾਨ ਖਾਂ ਮੂੰਹ ਦੇ ਭਾਰ ਧਰਤੀ ਤੇ ਜਾ ਪਿਆ:

ਸਿੰਘਾਂ ਯਕਬਾਰਗੀ ਨਾਮੇ ਗੁਰੂ ਜੀ ਖ਼ੁਦ
ਬ ਆਵਾਜ਼ੇ ਬਲੰਦ ਗ਼ੋਗ਼ਾ ਕਰਦੰਦ,
ਕਿ ਜਹਾਨਾਂ ਰਾ ਕੁਸ਼ਤੇਮ ਵ ਬਹੈਤ ਮਜ਼ਮੂਈ
ਸ਼ਮਸ਼ੀਰ ਹਾ ਅਜ਼ ਮਿਆਨ ਕਸ਼ੀਦੰਦ
ਵ ਹਮਲਾ ਆਵੁਰਦੰਦ ਵ ਸਪਾਹਿ
ਅਫ਼ਗਾਨਾਂਨ ਰੂਬਿਗੁਰੇਜ਼ ਨਿਹਾਦੰਦ,
ਵ ਜਹਾਨ ਖਾਂ ਬ-ਯਕ ਜਾਨ ਅਜ਼
ਮਅਰਕਾ ਬਸਲਾਮਤ ਬੁਰਦ, ਵ
ਬਿਸਯਾਰੀਏ ਅਜ਼ ਅਫ਼ਗਾਨਾਂਨ
ਬਰ ਖਾਕ ਹਲਾਕ ਉਫਤਾਦੰਦ, ਵ ਈਂ
ਨਿਖੁਸ਼ਤੀ ਫਤਹ ਬੂਦ ਕਿ ਸਿੰਘਾਂ
ਰਾ ਬਰ ਅਫ਼ਗਾਨਾਨ ਦਸਤ ਦਾਦ,
ਈਂ ਫਤਹ ਅਜ਼ੀਮ ਚੂੰ ਸਿੰਘਾਂ
ਰਾ ਦਸਤ ਦਾਦ, ਬਗ਼ਾਇਤ ਦਲੇਰ ਸ਼ਦੰਦ।

ਭਾਵ ਇਹ ਹੈ ਕਿ ਸਿੰਘਾਂ ਇਕ ਵਾਰ ਉੱਚੀ ਆਵਾਜ਼ ਨਾਲ ਆਪਣੇ ਗੁਰੂ ਦਾ ਨਾਮ ਲਿਆ (ਜੈਕਾਰਾ ਗਜਾਉਣ ਤੋਂ ਭਾਵ ਹੈ) ਕਿ ਜਹਾਨ ਖਾਂ ਨੂੰ ਅਸਾਂ ਮਾਰ ਦਿਤਾ। ਸਾਰੇ ਸਿੰਘਾਂ ਨੇ ਮਿਆਨ ਵਿਚੋਂ ਤਲਵਾਰਾਂ ਕੱਢੀਆਂ ਤੇ ਹੱਲਾ ਕੀਤਾ, ਪਠਾਣ ਸਪਾਹੀ ਨੱਸ ਪਏ, ਜਹਾਨ ਖਾਂ ਇਕ ਆਪਣੀ ਜਾਨ ਬਚਾਕੇ ਨਿਕਲ ਗਿਆ, ਬਹੁਤ ਸਾਰੇ ਪਠਾਣ ਮਾਰੇ ਗਏ। ਇਹ ਪਹਿਲੀ ਫਤਹ ਸੀ, ਜੋ ਸਿੰਘਾਂ ਨੂੰ ਪਠਾਣਾਂ 'ਤੇ ਹੋਈ , ਇਸ ਭਾਰੀ ਫਤਹ ਤੋਂ ਸਿੰਘ ਬਹੁਤ ਦਲੇਰ ਹੋ ਗਏ।

ਖਾਲਸੇ ਨੇ ਸਿਆਲ ਕੋਟ ਦੇ ਇਲਾਕੇ ਤੇ ਕਬਜ਼ਾ ਕਰ ਲਿਆ।

੧੭੬੧ ਈਸਵੀ ਦੀ ਬਸੰਤ ਰੁਤ ਵਿਚ ਅਬਦਾਲੀ ਦੇਹਲੀ ਤੋਂ ਮੁੜਿਆ, ਪੰਜਾਬ

ਵਿਚ ਸਿੱਖ ਆਪਣੇ ਦੇਸ ਨੂੰ ਸੰਭਾਲ ਰਹੇ ਸਨ। ਅਬਦਾਲੀ ਦੇ ਭਾਣੇ ਸਿਖਾਂ ਨੇ ਥਰਥੱਲ ਮਚਾ ਰਖਿਆ ਸੀ, ਸਿਖਾਂ ਦੇ ਫੜਨ ਲਈ ਥਾਂ ਥਾਂ ਚੌਂਕੀਆਂ ਬੈਠੀਆਂ ਹੋਈਆਂ ਸਨ ਤੇ ਗਸ਼ਤੀ ਫੌਜਾਂ ਫਿਰ ਰਹੀਆਂ ਸਨ, ਪਰ ਫਿਰ ਵੀ ਦਿਨ ਦਿਹਾੜੇ ਲਾਹੌਰ ਸ਼ਹਿਰ ਦੀਆਂ ਕੰਧਾਂ ਤਕ ਸਿਖਾਂ ਦੇ ਜੈਕਾਰੇ ਗਜਦੇ ਸੁਣਾਈ ਦੇਂਦੇ ਸਨ। ਇਲਾਕੇ ਦੇ ਅਮੀਰ ਤੇ ਚੌਧਰੀ ਆਪਣੀ ਸਿਖਾਂ ਦੇ ਹਥੌਂ ਸੁਧਾਈ ਹੋਣ ਦੀਆਂ ਖਬਰਾਂ ਦਰਦਨਾਕ ਸ਼ਬਦਾਂ ਵਿਚ ਸੁਣਾਣ ਆਏ। ਅਬਦਾਲੀ ਸਿਖਾਂ ਦੇ ਹੱਥ ਚੰਗੀ ਤਰ੍ਹਾਂ ਵੇਖ ਹੀ ਚੁਕਾ ਸੀ। ਉਹ ਦਿਲੀ ਤੋਂ ਆਕੇ ਥੋੜੇ ਦਿਨ ਲਾਹੌਰ ਠਹਿਰਿਆ ਤੇ ਸਿਖਾਂ ਨੂੰ ਕੁਛ ਕਹੇ ਬਿਨਾਂ ਘਰ ਜਾ ਵੜਿਆ।

ਖ਼ਾਲਸਾ ਪਾਣੀ ਦੇ ਪ੍ਰਬਲ ਵੇਗ ਵਾਂਗ ਚਾਰੇ ਪਾਸਿਆਂ ਤੋਂ ਆ ਗਿਆ ਤੇ ਥਾਂ ਥਾਂ ਜੰਗੋ ਜਦਲ ਹੋਣ ਲਗੇ।

ਅਲੀ-ਉ-ਦੀਨ ਆਪਣੇ ਇਬਰਤ ਨਾਮੇ ਵਿਚ* ਲਿਖਦਾ ਹੈ ਕਿ ਸੰ: ੧੭੬੨ ਈਸਵੀ ਦੇ ਅੱਧ ਵਿਚ ਲਾਹੌਰ ਦੇ ਰਾਜ ਕਰਮਚਾਰੀਆਂ ਨੇ ਆਪਣੇ ਸਾਰੇ ਦਲ ਬਲ ਨਾਲ ਸਿਖਾਂ ਤੇ ਧਾਵਾ ਕਰਨ ਲਈ ਕੂਚ ਕੀਤਾ। ਉਬੈਦ ਖਾਂ ਰਵਾ ਰਵੀ ਜਾ ਰਿਹਾ ਸੀ ਕਿ ਗੁਜਰਾਂ ਵਾਲੇ ਤੋਂ ਥੋੜੀ ਦੂਰ ਉਰੇ ਸਿੰਘਾਂ ਨਾਲ ਸਾਹਮਣਾ ਹੋ ਗਿਆ। ਕਚੇ ਕਿਲੇ ਵਿਚ ਸ੍ਰ. ਚੜ੍ਹਤ ਸਿੰਘ ੨੫ ਸਾਥੀਆਂ ਸਮੇਤ ਬੈਠੇ ਸਨ ਤੇ ਇਨਾਂ ਨਾਲ ੧੫੦੦ ਹੋਰ ਸਾਥੀ ਸਨ। ਇਨਾਂ ਪਾਸ ਤੋਪ ਕੋਈ ਨਹੀਂ ਸੀ ਪਰ ਇਹਦੇ ਟਾਕਰੇ ਤੇ ਸ਼ਾਹੀ ਸੈਨਾ ਭਾਰੀ ਗਿਣਤੀ ਵਿਚ ਸੀ, ੧੨ ਤੋਪਾਂ ਵੀ ਇਨ੍ਹਾਂ ਦੇ ਪਾਸ ਸਨ। ਸ਼ਾਹੀ ਫੌਜ ਨੂੰ ਖਬਰ ਮਿਲੀ ਕਿ ਲਾਗੇ ਕਿਤੇ ਖ਼ਾਲਸਾ ਗਿਣਤੀ ਵਿਚ ਪਾਸਕੂ ਵੀ ਨਹੀਂ ਪਰ ਜੇ ਸਾਹਮਣਾ ਹੋ ਗਿਆ ਤੇ ਵੈਰੀ ਨੇ ਵੰਗਾਰ ਲਿਆ ਉਸ ਵੇਲੇ ਖਾਲਸਾ ਪਿਛੇ ਨਹੀਂ ਹਟ ਸਕਦਾ। ਜੱਸਾ ਸਿੰਘ ਆਹਲੂਵਾਲੀਆ ਤੇ ਹਰੀ ਸਿੰਘ, ਗੁਜਰ ਸਿੰਘ ਭੰਗੀ ਸਿਖਾਂ ਦੇ ਮੁਖੀ ਸਨ। ਉਬੈਦ ਖਾਂ ਨੂੰ ਸਿੰਘਾਂ ਨੇ ਲਿਖਿਆ ਕਿ ਬਾਬਾ ਸ਼ਾਮ ਸਿੰਘ ਨੂੰ ਛੱਡ ਦੇਵੋ। ਇਸ ਚਿਠੀ ਚਪੱਠੀ ਵਿਚ ਹੀ ਸੂਰਜ ਦੇ ਡੁਬਣ ਦਾ ਵੇਲਾ ਹੋ ਗਿਆ, ਸਿਰ ਤੇ ਰਾਤ ਆ ਗਈ ਤੇ ਹਨੇਰਾ ਕਦਮ ਕਦਮ ਤੇ ਆਪਣੇ ਪੈਰ ਫੈਲਾਣ ਲੱਗਾ। ਪਠਾਣ ਸਿੰਘਾਂ ਦੇ ਯੁੱਧਾਂ ਦਾ ਹਾਲ ਅੱਖੀਂ ਵੇਖ ਤੇ ਕੰਨੀਂ ਸੁਣ ਚੁਕੇ ਸਨ। ਉਨ੍ਹਾਂ ਦੇ ਦਿਲਾਂ ਤੇ ਸਿਖਾਂ ਦੀ ਸੂਰਬੀਰਤਾ ਦਾ ਇੰਨਾ ਭਾਰਾ ਦਬ ਦਬਾ ਬੈਠਾ ਹੋਇਆ ਸੀ ਕਿ ਅਫਸਰਾਂ ਦੇ ਬਾਰ ਬਾਰ ਹੌਸਲਾ ਖਨ੍ਹਾਣ ਤੇ ਵੀ ਧੀਰਜ

---

* ਇੰਡੀਆ ਆਫਸ ਵਿਚ ਪਿਆ ੫੦੪ ਨੰਬਰ ਦਾ ਫਾਰਸੀ ਖਰੜਾ। -- ਸੰਪਾ.

ਨਾ ਫੜਿਆ ਬਹੁ ਗਿਣਤੀ ਵਿਚ ਹੋਣਾ ਵੀ ਉਨ੍ਹਾਂ ਨੂੰ ਢਾਰਸ ਨਾ ਬਨ੍ਹਾ ਸਕਿਆ। ਤੋਪਾਂ ਦੀ ਹੋਂਦ ਵੀ ਉਨ੍ਹਾਂ ਦੀ ਦਿਲ ਜਮਾਈ ਦਾ ਕਾਰਨ ਨਾ ਬਣੀ, ਅਫ਼ਗ਼ਾਨ ਫੌਜ ਦੇ ਹੌਸਲੇ ਟੁਟ ਗਏ। ਦਿਲ ਛੱਡ ਬੈਠੇ, ਨਸਣ ਵਿਚ ਸਪਾਹੀਆਂ ਸਰਦਾਰਾਂ ਨਾਲੋਂ ਤੇ ਸਰਦਾਰਾਂ ਸਪਾਹੀਆਂ ਨਾਲੋਂ ਬਾਜੀ ਲੈ ਜਾਣੀ ਚਾਹੀ। ਰਾਤ ਪੈਂਦਿਆਂ ਹੀ ਤੋਪਾਂ, ਗੋਲਾ ਬਾਰੂਦ ਤੇ ਲੜਾਈ ਦਾ ਸਾਮਾਨ ਸਿੱਖਾਂ ਦੇ ਲੁਟ ਲੈਣ ਲਈ ਉਥੇ ਹੀ ਛਡਕੇ ਨਸ ਗਏ। ਦੀਵਾਨ ਸਾਬੂ ਰਾਏ ਤੇ ਹਰੀ ਰਾਮ ਚੋਬਦਾਰ ਮਾਰੇ ਗਏ। ਉਬੈਦ ਖਾਂ ਰਾਤ ਦੇ ਹਨੇਰੇ ਵਿਚ ਨੱਸਕੇ ਜੁਕਾਲੀਆ ਜਾ ਵੜਿਆ ਤੇ ਉਥੋਂ ਮੀਆਂ ਖਾਂ ਚੱਠੇ ਦੇ ਪਾਸੋਂ ਤਿੰਨ ਸੌ ਸਵਾਰ ਨਾਲ ਲੈ ਕੇ ਲਾਹੌਰ ਪੁਜਾ, ਜਿਥੇ ਪੂਰਾ ਇਕ ਸਾਲ ਚੁਪ ਚਾਪ ਬੈਠਾ ਰਿਹਾ ਤੇ ਉਸਨੇ ਬਾਹਰ ਸਿਰ ਨਹੀਂ ਕੱਢਿਆ।

☆ ☆ ☆

ਲਾਹੌਰ ਤੇ ਧਾਵਾ

੧੮੧੬ ਬਿਕ੍ਰਮੀ ਵਿਚ ਅਹਿਮਦਸ਼ਾਹ ਹਿੰਦ ਵਿੱਚ ਆਇਆ, ਪੰਜਾਬ ਵਿੱਚ ਉਹਨੂੰ ਕੋਈ ਸਿੱਖ ਨਜ਼ਰ ਨਾ ਪਿਆ, ਸਿੱਖਾਂ ਦੇ ਘਰ ਗਿਰਵਾ ਦਿਤੇ, ਫਸਲਾਂ ਨਸ਼ਟ ਕੀਤੀਆਂ ਤੇ ਆਪ ਦਿਲੀ ਵਲ ਵਧਿਆ। ਰਾਹ ਵਿੱਚ ਇਸਨੂੰ ਨਵਾਬ ਸਰ ਬਲੰਦ ਖਾਂ ਕਾਬਲ ਵਲ ਵਾਪਸ ਜਾਂਦਾ ਮਿਲਿਆ। ਅਹਿਮਦ ਸ਼ਾਹ ਨੇ ਇਸ ਨੂੰ ਨੌਕਰ ਰਖ ਲਿਆ ਤੇ ਪੰਜਾਬ ਦਾ ਸੂਬੇਦਾਰ ਬਣਾਇਆ।

ਸਰਬਲੰਦ ਖਾਂ ਨੂੰ ਪਤਾ ਸੀ ਕਿ ਜਿਸ ਧਰਤੀ ਦੀ ਸੂਬੇਦਾਰੀ ਮਿਲੀ ਹੈ ਉਹ ਸੂਲਾਂ ਦੀ ਸੇਜ ਹੈ, ਲਾਹੌਰ ਦੇ ਹਾਕਮਾਂ ਨੇ ਸਿਖਾਂ ਨਾਲ ਵਿਗਾੜਕੇ ਲਾਹੌਰ ਦੀ ਸੂਬੇਦਾਰੀ ਦਾ ਸਿੰਘਾਸਨ ਜਵਾਲਾਮੁਖੀ ਪਰਬਤ ਤੇ ਰਖ ਦਿੱਤਾ ਹੈ, ਹੁਣ ਪੰਜਾਬ ਜਾਣਾ ਜਾਨ ਤੋਂ ਹਥ ਧੋਣਾ ਹੈ। ਆਦਮੀ ਬੜਾ ਚਤੁਰ ਸੀ। ਅਹਿਮਦ ਸ਼ਾਹ ਪਾਸ ਇਸ ਨੇ ਬੇਨਤੀ ਕੀਤੀ ਕਿ ਮੈਨੂੰ ਤਿਆਰੀ ਵਾਸਤੇ ਮਹੀਨੇ ਦੀ ਛੁਟੀ ਦਿੱਤੀ ਜਾਏ, ਛੁਟੀ ਮਨਜ਼ੂਰ ਹੋ ਗਈ। ਸਰਬਲੰਦ ਖਾਂ ਨੇ ਦਵਾਬੇ ਵਿੱਚ ਡੇਰਾ ਲਾ ਦਿੱਤਾ, ਮੌਲਵੀ ਅਬਦੁਲਾ ਦੇ ਭਰਾ ਦਾਦਨ ਖਾਂ ਨੂੰ ਕੁਛ ਚਿਰ ਲਈ ਲਾਹੌਰ ਦਾ ਸੂਬਾ ਬਣਾਇਆ ਗਿਆ। ਦਾਦਨ ਖਾਂ ਨੇ ਲਾਹੌਰ ਦਾ ਰਾਜ ਪ੍ਰਬੰਧ ਆਪਣੇ ਹੱਥ ਲਿਆ, ਪ੍ਰੰਤੂ ਸਿੱਖਾਂ ਨੇ ਜੇਹੜਾ ਸੋਧ ਦਾ ਕੰਮ ਸ਼ੁਰੂ ਕਰ ਰਖਿਆ ਸੀ, ਉਹਦੇ ਸਾਹਮਣੇ ਇਹ ਨਾ ਠਹਿਰ ਸਕਿਆ। ਅਗੇ, ਪਿਛੇ, ਸੱਜੇ ਤੇ ਖਬੇ

ਸਿੰਘਾਂ ਦੇ ਦਲ ਫਿਰ ਰਹੇ ਸਨ। ਆਖਣ ਨੂੰ ਤਾਂ ਇਹ ਸੂਬੇਦਾਰ ਸੀ। ਪਰ ਇਹਦੀ ਸੁਣਦਾ ਤੇ ਮੰਨਦਾ ਕੋਈ ਨਹੀਂ ਸੀ। ਸਿੰਘਾਂ ਦੇ ਅਚਾਨਕ ਆ ਪੈਣ ਦਾ ਡਰ ਹਰ ਵੇਲੇ ਜਾਨ ਨੂੰ ਕੰਬਣੀ ਛੇੜੀ ਰਖਦਾ ਸੀ। ਦਾਦਨ ਖਾਂ ਹਿੰਮਤ ਹਾਰ ਦਿੱਤੀ, ਹੌਸਲਾ ਛਡ ਬੈਠਾ ਤੇ ਨਵਾਬ ਸਰ ਬਲੰਦ ਖਾਂ ਨੂੰ ਚਿੱਠੀ ਲਿਖੀ ਕਿ :

> ਸੂਬਾਦਾਰੀ ਅਜ਼ ਨਿਆਜ਼ਮੰਦ ਬੇਰਿਯਾ ਰੌਨਕ ਨਮਾਇਸ਼ ਨਮੇ ਪਜ਼ੀਰਦ, ਵ ਅਜ਼ ਰਾਹੇ ਇਨਾਇ ਬੇਕਰਾਂ ਦੀਗਰੇ ਰਾ ਬਰ ਈਂ ਖਿਦਮਤ ਮਾਮੂਰ ਵ ਮੁਅਯਨ ਫੁਰਮਾਇੰਦ। (ਉਮਦਾ ਤੁ ਤ੍ਵਾਰੀਖ)

ਅਰਥਾਤ ਇਸ ਸਾਫ ਦਿਲ ਚਾਕਰ ਪਾਸੋਂ ਸੂਬੇਦਾਰੀ ਦਾ ਕੰਮ ਨਹੀਂ ਚਲ ਸਕਦਾ, ਕਿਰਪਾ ਕਰਕੇ ਕਿਸੇ ਹੋਰ ਨੂੰ ਇਸ ਸੇਵਾ ਤੇ ਨੀਯਤ ਕਰੋ।

ਇਹ ਚਿੱਠੀ ਪੜ੍ਹਕੇ ਸਰਬਲੰਦ ਖਾਂ ਨੇ ਕੁਛ ਚਿਰ ਲਈ ਸਿਰ ਨੀਵਾਂ ਕਰ ਲਿਆ। ਸੋਚ ਵਿਚਾਰ ਕੇ ਮੀਰ ਮੋਮਨ ਖਾਂ ਦੇ ਪੁੱਤਰ ਨੂੰ ਸਦਿਆ। ਇਹਦਾ ਨਾਮ ਅਮੀਰ ਮੁਹੰਮਦ ਖਾਂ ਸੀ, ਇਹਨੂੰ ਲਾਹੌਰ ਦਾ ਸੂਬੇਦਾਰ ਨੀਯਤ ਕੀਤਾ। ਅਮੀਰ ਮੁਹੰਮਦ ਖਾਂ ੫੦੦ ਸਵਾਰ ਲੈਕੇ ਲਾਹੌਰ ਪੁਜਾ, ਸਿੰਘਾਂ ਨੂੰ ਵੀ ਇਸ ਨਵੇਂ ਆਏ ਸੂਬੇਦਾਰ ਦੀ ਖਬਰ ਮਿਲ ਗਈ।

ਬਿਸਾਖੀ ਦਾ ਦਿਨ ਨੇੜੇ ਆ ਰਿਹਾ ਸੀ। ਸਿਖ ਸਰਦਾਰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਏ, ਲਾਹੌਰ ਦੇ ਰਾਜ ਪ੍ਰਬੰਧ ਬਾਬਤ ਵਿਚਾਰ ਹੋਈ। ਅਹਿਮਦ ਸ਼ਾਹ ਮਰਹੱਟਿਆਂ ਨਾਲ ਲੜ ਰਿਹਾ ਸੀ, ਪੰਜਾਬ ਦੀ ਸੈਨਾਂ ਦਾ ਕੁਛ ਹਿਸਾ ਵੀ ਇਸ ਲੜਾਈ ਵਿਚ ਸ਼ਰੀਕ ਸੀ।

ਅਮੀਰ ਮੁਹੰਮਦ ਖਾਂ ਸਿਖਾਂ ਨਾਲ ਖਾਸ ਖੁਣਸ ਰਖਦਾ ਸੀ। ਖਾਲਸੇ ਨੇ ਸਾਰੇ ਹਾਲਾਤ ਨੂੰ ਸੋਚ ਵਿਚਾਰਕੇ ਲਾਹੌਰ ਪੁਰ ਹੱਲਾ ਬੋਲਣ ਦਾ ਫੈਸਲਾ ਕੀਤਾ। ਸਰਦਾਰ ਹਰੀ ਸਿੰਘ ਜੀ ਭੰਗੀ, ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ, ਸਰਦਾਰ ਹਕੀਕਤ ਸਿੰਘ ਜੀ, ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ, ਸਰਦਾਰ ਚੇਤ ਸਿੰਘ ਜੀ ਘਨਈਆ, ਸਰਦਾਰ ਲਹਿਣਾ ਸਿੰਘ ਆਦਿਕ ਸਰਦਾਰਾਂ ਨੇ ਚੜ੍ਹਾਈ ਕੀਤੀ। ਲਾਹੌਰ ਤੋਂ ਬਾਹਰ ਟਾਕਰਾ ਹੋਇਆ, ਅਮੀਰ ਮੁਹੰਮਦ ਖਾਂ ੧੫ ਦਿਨ ਜਾਨ ਤੋੜਕੇ ਲੜਿਆ, ਹਜ਼ਾਰਾਂ ਆਦਮੀ ਮੌਤ ਦੇ ਘਾਟ ਉਤਰਵਾ ਨਸ ਕੇ ਸ਼ਹਿਰ ਦੇ ਅੰਦਰ ਜਾ ਵੜਿਆ ਤੇ ਦਰਵਾਜ਼ੇ ਬੰਦ ਕਰ ਲਏ। ਖਾਲਸੇ ਨੇ ਹੁਣ ਉਹ ਬੰਦੂਕਬਾਜ਼ੀ ਕੀਤੀ ਤੇ ਸਾਰ-ਨਾਲ ਸਾਰ ਖੜਕਾਈ

ਕਿ ਸ਼ਹਿਰ ਦਾ ਇਕ ਪਾਸੇ ਦਾ ਕਾਫੀ ਹਿੱਸਾ ਤਬਾਹ ਹੋ ਗਿਆ, ਮਕਾਨ ਢੇਰੀ ਹੋ ਗਏ ਤੇ ਫਸੀਲ ਡਿਗ ਪਈ, ਖਾਲਸਾ ਦਲ ਸ਼ਹਿਰ ਵਿਚ ਆ ਵੜਿਆ:

ਗ਼ਨਾਇਮੇ ਬੇਸ਼ੁਮਾਰ ਵ ਅਸਬਾਬੇ
ਬਿਸਯਾਰ ਅਜ਼ ਕਿਸਮੇ ਜਵਾਹਿਰਾਤ ਵ
ਮੁਬਾਲਗ਼ਾਤ ਨਕਦੀ ਵ ਸਲਹ ਲਾਇਕ
ਬਾਦਸ਼ਾਹਾਂ ਵ ਲਿਬਾਸ ਹਾਏ ਮਲਬੂਸ
ਖਾਸ ਸੁਲਾਤੀਨ ਬਦਸਤ ਆਵੁਰਦੰਦ।

(ਉਮਦਾ ਤੁ ਤ੍ਵਾਰੀਖ)

ਭਾਵ ਇਹ ਕਿ ਅਣਗਿਣਤ ਗਨੀਮਤ ਦਾ ਮਾਲ ਅਸਬਾਬ ਰੁਪਏ ਜਵਾਹਰ ਹਥਯਾਰ ਬਾਦਸ਼ਾਹਾਂ ਦੇ ਪਹਿਨਣ ਵਾਲੇ ਕਪੜੇ 'ਸਿਖਾਂ ਦੇ' ਹਥ ਆਏ।

ਅਹਿਮਦਸ਼ਾਹ ਦਾ ਭਾਰੀ ਖਜ਼ਾਨਾ ਬੀ ਲਾਹੌਰ ਵਿਚ ਸੀ। ਰਾਜ ਦਰਬਾਰੀਆਂ ਸੋਚਿਆ ਕਿ ਜੇ ਕਦੀ ਸਿੰਘਾਂ ਨੇ ਸ਼ਹਿਰ ਪੁਰ ਕਬਜ਼ਾ ਕਰ ਲਿਆ ਤਦ ਇਹ ਸਾਰੀ ਰਕਮ ਇਨਾਂ ਦੇ ਹੱਥ ਆ ਜਾਏਗੀ, ਇਸ ਵਾਸਤੇ ਸਿੰਘਾਂ ਨੂੰ ਨਜ਼ਰਾਨੇ ਵਜੋਂ ਕੁਛ ਦੇ ਕੇ ਪਿਛਾ ਛੁਡਾ ਲਿਆ ਜਾਏ। ਇਹ ਸੋਚ ੩੦ ਹਜ਼ਾਰ ਰੁਪਯਾ ਨਜ਼ਰਾਨਾ ਸਿੰਘਾਂ ਦੇ ਪੇਸ਼ ਕੀਤਾ, ਸਿੰਘਾਂ ਇਹ ਰਕਮ ਲੈਕੇ ਜਿਨਾਂ ਟਿਕਾਣਿਆਂ ਤੇ ਕਬਜ਼ਾ ਕੀਤਾ ਸੀ, ਉਥੇ ਡੇਰੇ ਲਾ ਦਿਤੇ।

ਨਵਾਬ ਸਰਬਲੰਦ ਖਾਂ ਨੇ ਇਹ ਖਬਰ ਸੁਣੀ, ਉਹਦੇ ਗੁੱਸੇ ਦੀ ਹੱਦ ਨਾ ਰਹੀ, ਦੰਦਾਂ ਹੇਠ ਉਂਗਲਾਂ ਟੁਕਣ ਲਗਾ ! ਕਰੀਮਦਾਦ ਖਾਂ ਦੇ ਭਤੀਜੇ ਯਅਕੂਬ ਖਾਂ, ਅਜ਼ਮ ਖਾਂ ਦੁਰਾਨੀ ਨਾਇਬ ਤੇ ਗੁਲ ਮੁਹੰਮਦ ਖਾਂ* ਖਜ਼ਾਨਚੀ ਨੂੰ ਲਿਖਿਆ ਕਿ ਅਮੀਰ ਮੁਹੰਮਦ ਖਾਂ ਨੂੰ ਫੜ ਲਿਆ ਜਾਏ ਤੇ ਉਹਦੇ ਕੀਤੇ ਦੀ ਸਜ਼ਾ ਦਿੱਤੀ ਜਾਏ ! ਸੋ ਇਸੇ ਤਰਾਂ ਹੋਇਆ ਤੇ ਇੰਨਾਂ ਨੇ ਰਾਜ ਪ੍ਰਬੰਧ ਆਪਣੇ ਹਥ ਲੈ ਲਿਆ।

ਅਲੀ - ਉ - ਦੀਨ ਦੇ ਇਬਰਤ ਨਾਮੇ ਵਿਚੋਂ ਇਸ ਲੜਾਈ ਦਾ ਹਾਲ ਨਾਰੰਗ ਜੀ ਨੇ ਇਸ ਤਰਾਂ ਲਿਖਯਾ ਹੈ ਕਿ:

---

* ਘਨਯਾ ਲਾਲ ਨੇ ਤਾਰੀਖ ਲਾਹੌਰ ਵਿੱਚ ਕਰੀਮ ਦਾਦ ਖਾਂ ਨਾਮ ਲਿਖਿਆ ਹੈ! ਉਮਦਾ ਤੁ ਤ੍ਵਾਰੀਖ ਨੇ ਨਾਮ ਅਮੀਰ ਮੁਹੰਮਦ ਖਾਂ ਦਿੱਤਾ ਹੈ। --ਲੇਖਕ

'' ਇਸ ਸਮੇਂ ਪੰਜਾਬ ਸਿਖੋਂ ਕਾ ਸਹਿਜ ਹੀ ਸ਼ਕਾਰ ਬਨ ਗਿਆ ਔਰ ਸਿਖੋਂ ਕੇ ਮੁਖਯ ਮੁਖਯ ਨੇਤਾ ਅਰਥਾਤ ਜੱਸਾ ਸਿੰਘ ਕਲਾਲ, ਚੇਤ ਸਿੰਘ ਘਨਯਾ, ਹਰੀ ਸਿੰਘ ਭੰਗੀ, ਗੁਜਰ ਸਿੰਘ ਭੰਗੀ, ਤਥਾ ਲਹਿਣਾ ਸਿੰਘ ਭੰਗੀ ਬੈਸਾਖੀ ਕੇ ਦਿਨ (ਅਪ੍ਰੈਲ ੧੭੬੦ ਈ. ਕੇ ਮਧ ਮੇ) ਅੰਮ੍ਰਿਤਸਰ ਮੇਂ ਇਕਤ੍ਰਤ ਹੁਏ। ਏਕ ਅਧਵੇਸ਼ਨ ਹੂਆ, ਜਿਸ ਮੇਂ ਲਾਹੌਰ ਪਰ ਵਿਜਯ ਪ੍ਰਦਾਨ ਕੇ ਲੀਏ ਈਸ਼ਵਰ ਸੇ ਪ੍ਰਾਰਥਨਾ ਕੀ, ਸ਼ੀਘਰ ਹੀ ਵੋਹ ਅਪਨੀ ਸੈਨਾਓਂ ਕੋ ਇਕਠਾ ਕਰ ਲਾਹੌਰ ਪਰ ਜਾ ਪੜੇ ;.....ਕਿੰਤੂ ਨਗਰ ਵਾਲੋਂ ਨੇ ਸਿਖੋਂ ਕੀ ਅਧੀਨਤਾ ਸਵੀਕਾਰ ਕਰ ਲੀ, ਔਰ ਵਜੇਤਾਓਂ (ਭਾਵ ਸਿਖ) ਕੀ ਸੇਵਾ ਮੇਂ ਪੀਰ ਜ਼ਾਦਾ ਗੁਲਾਮ ਹੁਸੈਨ, ਸਰਹਿੰਦੀ ਮੀਆਂ ਮੁਹੰਮਦ ਨਕੀ, ਮੀਰ ਨਥੂਸ਼ਾਹ, ਮੀਆਂ ਸ਼ਹਰ ਯਾਰ, ਔਰ ਹਾਫਜ਼ ਕਾਦਰ ਬਖਸ਼ ਇਤਯਾਦ ਮਿਲ ਕਰ ਏਕ ਨਿਵੇਦਨ ਪਤ੍ਰ ਲੇਕਰ ਪਹੁੰਚੇ। ੩੦,੦੦੦ ਰੁਪਯੇ ਨਜ਼ਰਾਨਾ ਸਿਖੋਂ ਕੀ ਭੇਟ ਕੀਆ ਗਿਆ........ਉਸ ਨਜ਼ਰਾਨੇ ਤਥਾ ਲੂਟ ਕੇ ਮਾਲ ਕੋ ਲੇਕਰ ਚਲ ਦੀਯੇ।'' *

੧੭੬੧ ਈ: ਬਸੰਤ ਰਿਤੂ ਵਿਚ ਜਦ ਅਹਿਮਦ ਸ਼ਾਹ ਦਿਲੀ ਵਲੋਂ ਵਾਪਸ ਆਇਆ ਤਦ ਸਿਖਾਂ ਦੇ ਲਾਹੌਰ ਤੇ ਹੋਏ ਹਮਲੇ ਦਾ ਵਰਤਾਂਤ ਸੁਣ ਕੇ ਗੁਸੇ ਨਾਲ ਲਾਲ ਹੋ ਗਿਆ। ਸਿਖਾਂ ਦੇ ਵਿਰੁੱਧ ਇਸ ਨੇ ਗਸ਼ਤੀ ਫੌਜਾਂ ਭੇਜੀਆਂ ਪਰ ਸਿਖ ਕਿਥੋਂ ਮਿਲਨੇ ਸੀ। ਉਹ ਉਸ ਵੇਲੇ ਜੰਗਲਾਂ ਵਿਚ ਪੁਜ ਚੁਕੇ ਸੀ। ਸ਼ਾਹੀ ਸੈਨਾ ਐਧਰ ਓਧਰ ਫਿਰ ਟੁਰਕੇ ਵਾਪਸ ਲਾਹੌਰ ਆ ਗਈ। ਅਹਿਮਦ ਸ਼ਾਹ ਨੇ ਹੁਣ ਜੈਨ ਖਾਂ ਨੂੰ ਸਰਹੰਦ, ਸਰ ਬੁਲੰਦ ਖਾਂ ਨੂੰ ਮੁਲਤਾਨ, ਖਾਜਾ ਅਬਦ ਖਾਂ ਨੂੰ ਜੋ ਇਕ ਸ਼ਾਹੀ ਅਮੀਰ ਸੀ ਲਾਹੌਰ ਦਾ ਹਾਕਮ ਬਣਾਇਆ ਤੇ ਮਈ ੧੭੬੧ ਵਿਚ ਆਪ ਕਾਬਲ ਚਲਾ ਗਿਆ।

ਅਹਿਮ ਸ਼ਾਹ ਦੇ ਕਾਬਲ ਵਲ ਮੂੰਹ ਕਰਦਿਆਂ ਹੀ ਖਾਲਸਾ ਦਲ ਪਹਾੜਾਂ ਤੋਂ ਉਤਰ ਆਇਆ ਤੇ ਸਿੱਖ ਜੱਥੇ ਇਕ ਵੇਰ ਫਿਰ ਪੰਜਾਬ ਵਿਚ ਫਿਰਨ ਲਗੇ।

ਭੀਮ ਸਿੰਘ ਤੇ ਸਰੂਪ ਸਿੰਘ ਲਾਹੌਰ ਦੇ ਲਾਗੇ ਹੀ ਕਿਲੇ ਖ਼ਨਾਣ ਲਗ ਪਏ। ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਸ੍ਰ. ਚੜਤ ਸਿੰਘ ਜੀ ਨੇ ਲਾਹੌਰ ਤੋਂ ਉਤਰ ਵਲ ੪੦ ਮੀਲ ਦੀ ਵਿਥ 'ਤੇ ਗੁਜਰਾਂ ਵਾਲੇ ਇਕ ਕਚਾ ਕਿਲਾ ਬਣਾ ਲਿਆ ?

ਉਬੇਦ ਖਾਂ ਇਕ ਵਿਦਵਾਨ ਆਦਮੀ ਸੀ, ਪਰ ਪੰਜਾਬ ਦਾ ਰਾਜ ਪ੍ਰਬੰਧ ਕਰਨਾ

---

* Transformation Of Sikhism, 1989, P. 138. - ਸੰਪਾ.

ਉਹਦੀ ਤਾਕਤ ਤੋਂ ਬਾਹਰ ਦੀ ਗਲ ਸੀ। ਉਸਨੇ ਕਈ ਸਾਜ਼ਸ਼ਾਂ ਕੀਤੀਆਂ, ਗੋਂਦਾਂ ਗੁੰਦੀਆਂ ਕਿ ਕਿਸੇ ਤਰਾਂ ਸਿਖਾਂ ਨੂੰ ਕਾਬੂ ਕਰ ਲਏ, ਪਰ ਉਹਨੂੰ ਇਨਾਂ ਯਤਨਾਂ ਵਿਚ ਸਫਲਤਾ ਨਾ ਹੋਈ। ਜਦ ਸਿਖਾਂ ਦਾ ਜ਼ੋਰ ਚਾਰੇ ਪਾਸੀਂ ਵਧਦਾ ਵੇਖਿਆ, ਤਦ ਕਾਬਲ ਅਹਿਮਦ ਸ਼ਾਹ ਨੂੰ ਚਿਠੀ ਲਿਖੀ ਕਿ ਪੰਜਾਬ ਵਿਚ ਸਿਖਾਂ ਦਾ ਜ਼ੋਰ ਵਧ ਗਿਆ ਹੈ, ਥਾਂ ਥਾਂ ਉਨ੍ਹਾਂ ਦੇ ਪੈਰ ਜੰਮ ਰਹੇ ਹਨ, ਮੈਂ ਕਾਬੂ ਕਰਨ ਤੋਂ ਅਸਮਰਥ ਹਾਂ, ਜੇ ਪੰਜਾਬ ਨੂੰ ਕਬਜੇ ਵਿਚ ਰਖਣਾ ਹੈ ਤਦ ਛੇਤੀ ਫੌਜ ਭੇਜੇ ਨਹੀਂ ਤਾਂ ਲਾਹੌਰ ਤੇ ਸਿੰਘਾਂ ਦਾ ਅਮਲ ਦਖਲ ਹੋ ਜਾਏਗਾ।

ਅਹਿਮਦ ਸ਼ਾਹ ਨੇ ਇਨ੍ਹਾਂ ਦਿਨਾਂ ਵਿਚ ਕਲਾਤ ਦਾ ਮੁਹਾਸਰਾ ਕਰ ਰਖਿਆ ਸੀ। ਇਹ ਚਿਠੀ ਸੁਣਦਿਆਂ ਝੁੰਜਲਾ ਉਠਿਆ। ਆਪਣੇ ਅਮੀਰ ਨੂਰ ਦੀਨ ਨੂੰ ਇਕ ਜਰਾਰ ਲਸ਼ਕਰ ਦੇਕੇ ਪੰਜਾਬ ਵਲ ਭੇਜਿਆ ਜੋ ਸਮੁੰਦਰ ਵਾਂਗ ਠਾਠਾ ਮਾਰਦਾ ਝਨਾਂ ਦੇ ਕੰਡੇ ਤੇ ਪੁਜਾ। ਅਗੋਂ ਸ੍ਰ. ਚੜਤ ਸਿੰਘ ਆਪਣੀ ਫੌਜ ਲੈ ਕੇ ਮੁਕਾਬਲੇ ਤੇ ਆ ਰਾਹ ਰੋਕ ਖੜੋਤਾ।

☆ ☆ ☆

ਨੂਰ ਦੀਨ ਨੂੰ ਹਾਰ

ਓਬੇਦ ਖਾਂ ਨੂੰ ਜਦ ਅਹਿਮਦ ਸ਼ਾਹ ਦੀ ਫੌਜ ਦੇ ਪੰਜਾਬ ਵਿਚ ਪੁਜਣ ਦੀ ਖਬਰ ਮਿਲੀ ਓਹਦੀ ਮਹਾਇਤਾ ਲਈ ਟੁਰ ਪਿਆ।

ਨੂਰ ਦੀਨ ਦੇ ਨਾਲ ੭੦੦੦ ਕਾਬਲੀ ਜਵਾਨ ਸਨ, ਜੋ ਇਕ ਦੂਜੇ ਤੋਂ ਵਧ ਚੜ੍ਹਕੇ ਸੂਰਮੇ ਤੇ ਬਲੀ ਸੇ। ਇਹ ਸ੍ਰ. ਚੜ੍ਹਤ ਸਿੰਘ ਸ਼ੁਕਰਚਕੀਏ ਨੂੰ ਸਾਹਮਣੇ ਆਇਆ ਵੇਖਕੇ ਗੁਸੇ ਨਾਲ ਮਿਆਨ ਵਿਚੋਂ ਤਲਵਾਰਾਂ ਧੂਹ ਆ ਪਏ। ਖਾਲਸੇ ਨੇ ਹਮਲੇ ਨੂੰ ਸੂਰਮਿਆਂ ਵਾਂਗ ਢਾਲਾਂ 'ਤੇ ਰੋਕਿਆ ਤੇ ਉਤੱਰ ਵਿਚ ਓਹ ਖੰਡੇ ਖੜਕਾਏ ਕਿ ਅਫ਼ਗਾਨ ਸੈਨਾਂ ਨੂੰ ਲੈਣੇ ਦੇ ਦੇਣੇ ਪੈ ਗਏ। ਬਥੇਰਾ ਹਿੰਮਤ ਤੇ ਹੌਸਲੇ ਨਾਲ ਸਾਹਮਣੇ ਆਏ ਪ੍ਰੰਤੂ ਖਾਲਸੇ ਨੇ ਇਨ੍ਹਾਂ ਦੇ ਪੈਰ ਨਾ ਜੰਮਣ ਦਿਤੇ।

ਨੂਰਦੀਨ ਆਪਣੀ ਸੈਨਾਂ ਦੇ ਤੌਰ ਵਿਗੜੇ ਵੇਖਕੇ ਬੜਾ ਘਬਰਾਇਆ ਤੇ ਸਟ-ਪਟਾਇਆ, ਮੈਦਾਨ ਛਡਕੇ ਨੱਸਣ ਨਾਲੋਂ ਮਰਨ ਨੂੰ ਚੰਗਾ ਜਾਣ ਸੈਨਾ ਨੂੰ ਜੋਸ਼ ਵਿਚ ਲਿਆਕੇ ਆਪ ਅਗੇ ਹੋ '' ਮਰਨ-- ਜੰਗ'' ਛੇੜਿਆ। ਨੂਰ ਦੀਨ ਨੂੰ ਘਮਸਾਨ ਦਾ ਯੁਧ ਮਚਾਂਦਿਆਂ ਵੇਖਕੇ ਸਰਦਾਰ ਚੜ੍ਹਤ ਸਿੰਘ ਨੇ ਉਹਦੇ ਵਲ ਘੋੜੇ ਦੀ ਵਾਗ ਮੋੜੀ, ਤੇ ਸਰਦਾਰ ਦੇ ਸਾਥੀਆਂ ਨੇ ਵੈਰੀ ਦੇ ਨਾਲ ਹਥੋ ਹਥ ਨਖੇੜਾ ਕਰਨ ਦੀ ਠਾਨ ਜਾ ਘੇਰਿਆ। ਜੈਕਾਰਿਆਂ ਤੇ ਨਾਅਰਿਆਂ ਨਾਲ ਮੈਦਾਨ ਗੂੰਜ ਉਠਿਆ, ਪੁਸ਼ਤਿਆਂ ਦੇ

ਪੁਸ਼ਤੇ ਲਗ ਗਏ, ਅਫਗ਼ਾਨ ਸਿਖਾਂ ਦੇ ਟਾਕਰੇ ਦੀ ਤਾਬ ਨਾ ਲਿਆ ਸਕੇ। ਨੂਰਦੀਨ ਮੈਦਾਨ ਛਡ ਤੁਰਿਆ, ਨੱਸਕੇ ਸਿਆਲ ਕੋਟ ਦੇ ਕਿਲੇ ਵਿਚ ਜਾ ਵੜਿਆ। ਖਾਲਸੇ ਨੇ ਕਿਲੇ ਨੂੰ ਘੇਰਾ ਘਤ ਲਿਆ, ਕਿਲੇ ਵਿਚ ਰਸਦ ਪੁਜਣੀ ਔਖੀ ਹੋ ਗਈ, ਇਕ ਰਾਤ ਨੂੰ ਮੌਕਾ ਪਾ ਨੂਰ ਦੀਨ ਕਿਲੇ ਵਿਚੋਂ ਨਸ ਕੇ ਜੰਮੂ ਜਾ ਵੜਿਆ, ਜਿਥੋਂ ਦੇ ਰਾਜੇ ਨੇ ਉਸਨੂੰ ਆਪਣੀ ਪਨਾਹ ਵਿਚ ਲੈ ਲਿਆ।

ਹੁਣ ਦੂਜੇ ਪਾਸੇ ਦੀ ਸੁਣੋਂ, ਨੂਰ ਦੀਨ ਦੀ ਸਹਾਇਤਾ ਲਈ ਉਬੈਦ ਖਾਂ ਨੇ ਲਾਹੌਰ ਤੋਂ ਕੂਚ ਕੀਤਾ ਸੀ। ਇਸ ਦਾ ਗੁਜਰਾਂ ਵਾਲੇ ਦੇ ਲਾਗੇ ਸਿੰਘਾਂ ਨਾਲ ਸਾਹਮਣਾ ਹੋਇਆ, ਉਮਦਾ-ਤ-ਤੂਾਰੀਖ ਵਿਚ ਲਿਖਿਆ ਹੈ ਕਿ :

ਖੋਜਾ ਓਬੇਦ ਖਾਂ ਰਾ ਕਿ ਬਆਂਰੂਏ ਆਬੇ
ਰਾਵੀ ਤਰਹ ਇਸਤਕਾਮਤ ਮੇਂ ਦਾਸ਼ਤ
ਸ਼ਕਸਤੇ ਫਾਸ਼ ਵ ਹਜ਼ੀਮਤੇ ਮਵਾਹਸ਼
ਦਾਦ ਵ ਤਮਾਮ ਅਸਬਾਬੇ ਮੁਹਾਰਬਾ ਵ
ਮੁਕਾਬਲਾ ਖੋਜਾਏ ਮਸਤੂਰ ਗ਼ਾਰਤ ਵ ਤਾਰਾਜ ਸਾਖਤੰਦ।

ਭਾਵ ਇਹ ਕਿ ਖੋਜਾ ਉਬੇਦ ਖਾਂ ਜੋ ਕਿ ਦਰਿਆਏ ਰਾਵੀ ਤੋਂ ਉਸ ਪਾਰ ਠਹਿਰਿਆ ਹੋਇਆ ਸੀ ਨੂੰ ਭਾਰੀ ਸ਼ਕਸਤ ਤੇ ਡਾਢੀ ਭਾਂਜ ਦੇਕੇ ਲੜਾਈ ਤੇ ਟਾਕਰੇ ਦਾ ਸਾਰਾ ਸਾਮਾਨ ਨਸ਼ਟ ਕਰ ਦਿਤਾ ਤੇ ਲੁਟ ਲਿਆ।

ਰਾਏ ਸਾਹਿਬ ਘਨਯਾ ਲਾਲ 'ਤਾਰੀਖ਼ੇ ਲਾਹੌਰ' ਵਿਚ ਲਿਖਦੇ ਹਨ ਕਿ ''ਖੋਜਾ ਉਬੇਦ ਖਾਂ ਇਸ ਲੜਾਈ ਵਿਚ ਮਾਰਿਆ ਗਿਆ ਤੇ ਉਹਦੀ ਥਾਂ ਕਾਬਲੀ ਮਲ ਨੇ ਜੋ ਕਿ ਪਹਿਲਾਂ ਨਾਇਬ ਸੂਬਾ ਸੀ, ਸੂਬੇਦਾਰੀ ਦਾ ਕੰਮ ਆਪਣੇ ਹੱਥ ਵਿਚ ਲਿਆ।''

ਖਾਲਸੇ ਨੂੰ ਖਬਰ ਮਿਲੀ ਕਿ ਲਾਹੌਰ ਦੇ ਕੁਛ ਕਸਾਈਆਂ ਨੇ ਖੁਲੇ ਦਰਵਾਜੇ ਸ਼ਹਿਰ ਵਿਚ ਹਿੰਦੂਆਂ ਦੇ ਸਾਹਮਣੇ ਗਊਆਂ ਦਾ ਬਧ ਕੀਤਾ ਹੈ। ਕਾਬਲੀ ਮਲ ਹਿੰਦੂ ਨੇ ਜੋ ਲਾਹੌਰ ਦਾ ਸੂਬਾ ਸੀ ਆਪਣੀ ਨਗਰੀ ਵਿਚ ਹਿੰਦੂਆਂ ਦੇ ਦਿਲ ਜ਼ਖਮੀ ਹੁੰਦੇ ਵੇਖੇ, ਉਨ੍ਹਾਂ ਦੇ ਧਾਰਮਕ ਜਜ਼ਬਿਆਂ ਤੇ ਸੱਟ ਵਜਦੀ ਤਕੀ ਪਰ ਇਸਨੂੰ ਇੰਨੀ ਹਿੰਮਤ ਨਾ ਪਈ ਕਿ ਦੋਸ਼ੀਆਂ ਨੂੰ ਡੰਡ ਦੇਵੇ। ਜਦ ਇਹ ਖਬਰ ਖਾਲਸੇ ਤਕ ਪੁੱਜੀ, ਖਾਲਸਾ ਦਲ ਨੇ ਲਾਹੌਰ ਨੂੰ ਆ ਘੇਰਿਆ ਤੇ ਕਾਬਲੀ ਮਲ ਤੋਂ ਕਸਾਈਆਂ ਨੂੰ ਡੰਡ ਦੇਣ ਦੀ ਮੰਗ ਕੀਤੀ। ਰਾਏ ਸਾਹਿਬ ਘਨੱਯਾ ਲਾਲ ਲਿਖਦੇ ਹਨ ਕਿ :

''ਕਾਬਲੀ ਮਲ ਨੇ ਇਸ ਵਿਚ ਸੁਸਤੀ ਕੀਤੀ, ਅੰਤ ਨੂੰ ਜਦ ਸਿਖ ਦਿਲੀ ਦਰਵਾਜ਼ੇ ਨੂੰ ਤੋੜ ਕੇ ਸ਼ਹਿਰ ਵਿਚ ਦਾਖ਼ਲ ਹੋਏ, ਤਦ ਕਾਬਲੀ ਮਲ ਨੇ ਸਿਖਾਂ ਦਾ ਕਿਹਾ ਮੰਨਿਆਂ। ਕੁਛ ਕਸਾਈਆਂ ਦੇ ਨਕ ਕੰਨ ਕਟਕੇ ਸ਼ਹਿਰੋਂ ਬਾਹਰ ਕਢ ਦਿਤਾ ਤੇ ਵੱਡੀ ਰਕਮ ਨਜ਼ਰਾਨੇ ਵਜੋਂ ਦੇਕੇ ਸਿਖਾਂ ਨੂੰ ਬਾਹਰ ਭੇਜਿਆ।''

☆ ☆ ☆

ਲਾਹੌਰ ਤੇ ਫਿਰ ਧਾਵਾ

ਨੂਰ ਦੀਨ ਦੇ ਨਾਲ ੭੦੦੦ ਹਜ਼ਾਰ ਚੌਣਵੇਂ ਦੁਰਾਨੀ ਅਹਿਮਦ ਸ਼ਾਹ ਨੇ ਭੇਜੇ ਸਨ। ਪਹਿਲੀ ਖਬਰ ਉਸ ਨੂੰ ਪੁਜੀ ਕਿ ਸ੍ਰ. ਚੜ੍ਹਤ ਸਿੰਘ ਨੇ ਉਨ੍ਹਾਂ ਨੂੰ ਭੇਡਾਂ ਵਾਂਗ ਅਗੇ ਲਾ ਲਿਆ ਹੈ ਤੇ ਨੂਰ ਦੀਨ ਨੱਸ ਕੇ ਸਿਆਲਕੋਟ ਦੇ ਕਿਲੇ ਵਿਚ ਜਾ ਵੜਿਆ ਸੀ ਤੇ ਉਥੋਂ ਰਾਤ ਦੇ ਹਨੇਰੇ ਦੀ ਓਟ ਲੈਕੇ ਚੋਰਾਂ ਵਾਂਗ ਜੰਮੂ ਦੇ ਰਾਜੇ ਪਾਸ ਜਾ ਲੁਕਿਆ ਹੈ। ਅਹਿਮਦ ਸ਼ਾਹ ਇਸ ਖਬਰ ਦੇ ਸੁਣਦਿਆਂ ਗੁੱਸੇ ਨਾਲ ਕੰਬਣ ਲਗਾ। ਇਨ੍ਹੇ ਨੂੰ ਖਬਰ ਮਿਲੀ ਕਿ ਖੋਜਾ ਉਬੇਦ ਖਾਂ ਖਾਲਸੇ ਦੇ ਹਥੋਂ ਮਾਰਿਆ ਗਿਆ ਹੈ। ਇਹਨਾਂ ਦੋਨਾਂ ਖਬਰਾਂ ਨੂੰ ਸੁਣ ਕੇ:

ਅਹਿਮਦ ਸ਼ਾਹ ਰਾ ਅਜ਼ ਦਸਤ ਤਸਲਤ
ਵ ਗ਼ਲਬਾ ਸਿੰਘਾਂ ਨੇ ਆਲੀਸ਼ਾਨ ਖ਼ਾਰ ਦਰ
ਜਿਗਰ ਖ਼ਲੀਦਾ ਸੋਜ਼ਸ਼ ਫਰਾਵਾਂ ਵ ਦਰਦ
ਬੇਕਰਾਂ ਮੇ ਦਾਸ਼ਤ, ਲਿਹਾਜ਼ਾ ਕਰੀਬ
ਸ਼ਸ਼ਮਾਹ ਕਸਰੀ ਕਮ ਦਰ ਵਲਾਇਤ
ਔਕਾਤ ਬਸਰ ਬੁਰਦਹ ਬਮੁਜਰਦ ਸ਼ੁਨੀਦਨ
ਅਖਬਾਰ ਮਲਾਲਤ ਆਸਾਰ ਖੋਜਹ

ਮਜ਼ਦੂਰ ਦਰ ਮਾਹਿ ਪੋਹ ਬਾ ਲਸ਼ਕਰ
ਕਸੀਰ ਵ ਸ਼ਾਹੀਨ ਹਾ ਵਾਰਦ ਸਰ
ਜ਼ਮੀਨੇ ਪੰਜਾਬ ਗਰਦੀਦ। (ਉਮਦਾ ਤੁ ਤ੍ਵਾਰੀਖ਼)

ਭਾਵ ਇਹ ਕਿ ਉੱਚੀ ਸ਼ਾਨ ਵਾਲੇ ਸਿੰਘਾਂ ਦੇ ਕਬਜ਼ੇ ਤੇ ਗ਼ਲਬੇ ਤੋਂ ਅਹਿਮਦ ਸ਼ਾਹ ਦੇ ਜਿਗਰ ਵਿਚ ਕੰਡਾ ਚੁਭਦਾ ਤੇ ਬੜਾ ਸਾੜਾ ਸੀ ਤੇ ਬੇਹਦ ਦਰਦ ਸੀ। ਛੀ ਮਹੀਨੇ ਤੋਂ ਕੁਛ ਚਿਰ ਘਟ ਆਪਣੇ ਮੁਲਕ ਵਿਚ ਠਹਿਰ ਕੇ ਉਪ੍ਰੋਕਤ ਘੋਜੇ ਦੀ ਦੁਖਦਾਈ ਖਬਰ ਸੁਣ ਕੇ ਪੋਹ ਦੇ ਮਹੀਨੇ ਵਿਚ ਭਾਰੀ ਫੌਜ ਲੈ ਕੇ ਪੰਜਾਬ ਵਿਚ ਆ ਵੜਿਆ।

ਤਾਰੀਖੇ ਲਾਹੌਰ ਦਾ ਕਰਤਾ ਲਿਖਦਾ ਹੈ ਕਿ :

"ਅਹਿਮਦ ਸ਼ਾਹ ਗਜ਼ਬ ਦਾ ਭਰਿਆ ਹੋਇਆ ਆਇਆ। ਉਸਦੇ ਆਉਂਦਿਆਂ ਹੀ ਸਿਖ ਜੰਗਲਾਂ ਵਿਚ ਅਜਹੇ ਚਲੇ ਗਏ ਕਿ ਮਾਨੋ ਪੰਜਾਬ ਵਿਚ ਕਦੇ ਸੇ ਹੀ ਨਹੀਂ। ਚਾਰੇ ਪਾਸੀ ਫੌਜਾਂ ਨੀਯਤ ਹੋਈਆਂ, ਅਫ਼ਗਾਨਾਂ ਨੇ ਉਨ੍ਹਾਂ ਦੇ ਟਿਕਾਣੇ ਤੇ ਮਕਾਨ ਢੂੰਡ ਕੇ ਖੋਜ ਕਢੀ, ਪਰ ਕੋਈ ਸਿਖ ਹੱਥ ਨਾ ਆਇਆ। ਪੰਦਰਾਂ ਦਿਨ ਬਾਦਸ਼ਾਹ ਸ਼ਹਿਰ (ਲਾਹੌਰ) ਵਿਚ ਰਿਹਾ, ਆਖ਼ਰ ਵਾਪਸ ਮੁੜਿਆ। ਕਾਬਲੀ ਮਲ ਵੀ ਬਾਦਸ਼ਾਹ ਨਾਲ ਚਨਾਬ (ਝਨਾਂ) ਤਕ ਗਿਆ। ਬਾਦਸ਼ਾਹ ਦੇ ਸ਼ਹਰ ਤੋਂ ਬਾਹਰ ਕਦਮ ਰੱਖਦਿਆਂ ਹੀ ਸਿਖ ਆ ਗਏ, ਤੇ ਸ਼ੋਰਸ਼ ਆਰੰਭ ਹੋ ਗਈ, ਕਾਬਲੀ ਮਲ ਵਾਸਤੇ ਫਿਰ ਲਾਹੌਰ ਆਉਣਾ ਮੁਸ਼ਕਲ ਹੋ ਗਿਆ ਤੇ ਨਾ ਆ ਸਕਿਆ।" (ਸਫ਼ਾ ੩੪)

ਡਾਕਟਰ ਨਾਰੰਗ ਲਿਖਦਾ ਹੈ ਕਿ:

"ਸਿਖ ਫਿਰ ਲਾਹੌਰ ਦੇ ਲਾਗੇ ਇਕੱਠੇ ਹੋ ਗਏ। ਭੰਗੀ ਵੰਸ਼ ਦੇ ਲਹਿਣਾ ਸਿੰਘ ਤੇ ਗੁਜਰ ਸਿੰਘ ਨੇ ਆਪਣੀ ਆਪਣੀ ਸੈਨਾ ਸਮੇਤ ਲਾਹੌਰ ਦੇ ਲਾਗੇ ਬਾਗ਼ਬਾਨ ਪੁਰੇ ਵਿਚ ਡੇਰੇ ਲਾ ਦਿਤੇ। ਸੁਲਤਾਨ, ਗ਼ੁਲਾਮ ਰਸੂਲ, ਅਸ਼ਰਫ਼, ਚਤ੍ਰ ਤੇ ਬਾਕਰ ਨਾਮ ਦੇ ਅਗਾਈ ਜੋ ਕਿਲੇ ਵਿਚ ਅਰਾਈ ਦਾ ਕੰਮ ਕਰਦੇ ਸੀ ਇਨ੍ਹਾਂ (ਸਿੰਘਾਂ) ਨਾਲ ਆ ਮਿਲੇ ਤੇ ਨੰਦ ਰਾਮ ਪੂਰਬੀਆਂ ਜੋ ਕਿਲੇ ਦਾ ਥਾਣੇਦਾਰ ਸੀ ਉਹ ਵੀ ਸਿਖਾਂ ਨਾਲ ਮਿਲ ਗਿਆ।" ☆

Transformation Of Sikhism, P. 142. -- ਸੰਪਾ.

ਰਾਤ ਦੇ ਵੇਲੇ ਕਿਲੇ ਦੀ ਦੀਵਾਰ ਤੋੜ ਦਿਤੀ ਗਈ ਤੇ ਗੁਜਰ ਸਿੰਘ ਚੋਣਵੇਂ ਪੰਜਾਹ ਜਵਾਨਾਂ ਨਾਲ ਕਿਲੇ ਵਿਚ ਜਾ ਵੜਿਆ। ਉਸ ਮੰਡਪ ਜਿਥੇ ਅਹਿਮਦ ਸ਼ਾਹ ਆਕੇ ਠਹਿਰਿਆ ਕਰਦਾ ਸੀ ਨੂੰ ਅੱਗ ਲਾ ਦਿਤੀ। ਅੱਗ ਦਾ ਭਾਂਬੜ ਬਲਦਾ ਵੇਖ ਸਰਦਾਰ ਲਹਿਣਾ ਸਿੰਘ ਸਮਝ ਗਿਆ ਕਿ ਗੁਜਰ ਸਿੰਘ ਦਾ ਕਿਲੇ ਤੇ ਦਖਲ ਹੋ ਗਿਆ ਹੈ। ਲਹਿਣਾ ਸਿੰਘ ਪੂਰੀ ਫੌਜ ਲੈਕੇ ਕਿਲੇ ਤੋਂ ਬਾਹਰ ਇਸੇ ਗਲ ਦੀ ਉਡੀਕ ਕਰ ਰਿਹਾ ਸੀ। ਸਾਰੀ ਸਿਖ ਫੌਜ ਸ਼ਹਿਰ ਵਿਚ ਜਾ ਵੜੀ।

ਕਾਬਲੀ ਮਲ ਲਾਹੌਰ ਨਹੀਂ ਸੀ, ਉਹਦਾ ਭਤੀਜਾ ਅਮਰ ਸਿੰਹ ਤੇ ਜਵਾਈ ਜਗਨ ਨਾਥ ਸਨ।

ਬਾਗ਼ਬਾਨ ਪੁਰੇ ਸਰਦਾਰ ਲਹਿਣਾ ਸਿੰਘ ਦੇ ਪੁਜਦਿਆਂ ਹੀ ਇਨਾਂ ਨੂੰ ਖਾਲਸੇ ਦੇ ਧਾਵਾ ਕਰਨ ਦੀ ਖਬਰ ਮਿਲ ਗਈ ਸੀ। ਇਹ ਆਪਣੀ ਸਾਰੀ ਸੈਨਾ ਤੇ ਸਾਮਾਨੇ-ਜੰਗ ਇਕੱਠਾ ਕਰਕੇ ਖਾਲਸੇ ਦੀ ਰਾਹ ਉਡੀਕ ਰਹੇ ਸਨ। ਸਰਦਾਰ ਲਹਿਣਾ ਸਿੰਘ ਦੀ ਸੈਨਾ ਦੇ ਸ਼ਹਿਰ ਵਿਚ ਵੜਦਿਆਂ ਹੀ ਇਨਾਂ ਨੇ ਹੱਲਾ ਬੋਲ ਦਿਤਾ। ਅਗੇ ਖਾਲਸਾ ਚੂੜੀਆਂ ਪਾਕੇ ਥੋੜਾ ਆਇਆ ਸੀ, ਇਨ੍ਹਾਂ ਵੀ ਆਪਣੇ ਸ਼ਸਤ੍ਰ ਸੰਭਾਲੇ ਤੇ ਹਥੋ ਹਥ ਲੜਾਈ ਸ਼ੁਰੂ ਹੋ ਗਈ। ਜਗਨ ਨਾਥ ਤੇ ਅਮਰ ਸਿੰਹ ਨੇ ਸੂਰਮਗਤੀ ਵਿਖਾਈ ਤੇ ਉਨਾਂ ਦੀ ਸੈਨਾ ਵੀ ਡਟਕੇ ਲੜੀ ਪ੍ਰੰਤੂ ਸਿੰਘਾਂ ਦੇ ਸਾਹਮਣੇ ਵਧੀਕ ਚਿਰ ਨਾ ਠਹਿਰ ਸਕੇ। ਡਾਕਟਰ ਨਾਰੰਗ ਲਿਖਦਾ ਹੈ ਕਿ :

ਕਿੰਤੂ ਵੈ ਸ਼ੀਘਰ ਹੀ ਹਾਰ ਗਏ,
ਔਰ ਦੁਰਗ ਕੇ ਊਪਰ ਖਾਲਸੇ ਕਾ ਝੰਡਾ ਚੜ੍ਹਾ ਦੀਆ ਗਿਆ।

☆ ☆ ☆

ਸਿੱਖਾ ਸ਼ਾਹੀ

ਸਰਦਾਰ ਲਹਿਣਾ ਸਿੰਘ, ਗੁਜਰ ਸਿੰਘ ਤੇ ਸੋਭਾ ਸਿੰਘ ਤਿੰਨ ਸਰਦਾਰਾਂ ਨੇ ਲਾਹੌਰ ਤੇ ਚੜ੍ਹਾਈ ਕੀਤੀ ਸੀ। ਇਸ ਕਰਕੇ ਫਤਹ ਪ੍ਰਾਪਤ ਹੋਣ ਪਰ ਤਿੰਨ ਪੱਤੀਆਂ ਵਿਚ ਸ਼ਹਿਰ ਨੂੰ ਵੰਡਿਆ ਗਿਆ ਤੇ ਆਪਣੇ ਆਪਣੇ ਹਿਸੇ ਆਏ ਇਲਾਕੇ ਦਾ ਪ੍ਰਬੰਧ ਕਰਨ ਲਗੇ। ਪਰਜਾ ਦੀ ਰਖਿਆ ਦਾ ਭਾਰ ਇਨਾਂ ਆਪਣੇ ਜ਼ੁੰਮੇ ਲਿਆ, ਹਿੰਦੂ, ਮੁਸਲਮ, ਫਿਰਕੇਵਾਰ ਝਗੜੇ ਮੁਕਾ ਦਿਤੇ। ਸਾਰੇ ਆਪੇ ਵਿਚ ਭਰਾਵਾਂ ਹਾਰ ਰਹਿਣ ਲਗੇ, ਕਾਰ ਵਿਹਾਰ ਖੁਲ ਗਏ। ਨਾਦਰ ਸ਼ਾਹ ਦੀਆਂ ਲੁਟਾਂ, ਮੀਰ ਮਨੂੰ ਤੇ ਉਹਦੇ ਭਰਾਵਾਂ ਦੀਆਂ ਲੜਾਈਆਂ ਤੇ ਅਹਿਮਦਸ਼ਾਹ ਦੇ ਹਮਲਿਆਂ ਤੋਂ ਹੋਈ ਤਬਾਹੀ ਦੇ ਹੱਥੋਂ ਇਨ੍ਹਾਂ ਛੁਟਕਾਰਾ ਪਾਇਆ, ਮੁੱਦਤਾਂ ਪਿੱਛੋਂ ਦੁਖੜੇ ਝਾਗ ਝਾਗਕੇ ਇਨਾਂ ਨੇ ਠੰਡਾ ਸਾਹ ਲਿਆ। ਸ਼ਹਿਰ ਛੱਡਕੇ ਭਜੇ ਹੋਏ ਲੋਕੀ ਵਾਪਸ ਮੁੜਨ ਲਗੇ ਤੇ ਸ਼ਹਿਰ ਲਾਹੌਰ ਵਿਚ ਇਕ ਵੇਰ ਫਿਰ ਗਹਿਮਾਂ ਗਹਿਮ ਹੋਣ ਲਗੀ।

ਸਿਖਾਂ ਦੇ ਲਾਹੌਰ ਤੇ ਕਬਜ਼ੇ ਦੀ ਖਬਰ ਨੇ ਬੁਢੇ ਅਹਿਮਦ ਸ਼ਾਹ ਦੀਆਂ ਰਗਾਂ ਵਿਚ ਫਿਰ ਅਫ਼ਗਾਨੀ ਖ਼ੂਨ ਨੂੰ ਜੋਸ਼ ਦਿਤਾ। ਉਹ ਸਿੱਖ ਜਿਨ੍ਹਾਂ ਹਰ ਵਾਰ ਉਹਦੇ ਲਸ਼ਕਰ ਨੂੰ ਲੁਟਿਆ, ਜੰਗ ਮਾਰੇ ਤੇ ਇਹਦਾ ਨੱਕ ਵਿਚ ਦਮ ਕਰ ਰਖਿਆ ਸੀ, ਇਹਦੇ ਜੀਉਂਦਿਆਂ ਇਸਦੇ ਰਾਜ ਦੀ ਜਾਨ ਪੰਜਾਬ ਦੀ ਰਾਜਧਾਨੀ ਲਾਹੌਰ ਤੇ ਕਬਜ਼ਾ ਕਰ ਲੈਣ,

ਇਹ ਗੱਲ ਉਹਦੇ ਵਾਸਤੇ ਅਸੈਹ ਸੀ। ੧੭੬੭ ਈਸਵੀ ਵਿਚ ਅੰਤਮ ਵਾਰ ਉਹ ਫਿਰ ਲਾਹੌਰ ਤੇ ਕਬਜ਼ਾ ਕਰਨ ਲਈ ਉਠਿਆ।

ਪੰਜਾਬ ਵਿਚ ਹੁਣ ਸਿਖਾਂ ਦੇ ਜਮਨਾਂ ਤਕ ਘੋੜੇ ਫਿਰ ਰਹੇ ਸਨ। ਇਸ ਵਾਸਤੇ ਦੁਰਾਨੀ ਨੂੰ ਜੰਗ ਕਰਕੇ ਪੰਜਾਬ ਵਾਪਸ ਲੈਣ ਦੀ ਕੋਈ ਆਸ ਨਾ ਰਹੀ। ਸ਼ਾਮ, ਦਾਮ, ਦੰਡ ਤੇ ਭੇਦ ਰਾਜ ਨੀਤੀ ਦੇ ਚਾਰ ਪ੍ਰਸਿਧ ਢੰਗਾਂ ਵਿਚੋਂ ਪਹਿਲੇ ਨੂੰ ਵਰਤੋਂ ਵਿਚ ਲਿਆਉਣਾ ਚਾਹਿਆ। ਲਾਹੌਰ ਦੇ ਸਿਖ ਹਾਕਮ ਇਹਦੇ ਲੰਘਣ ਲਈ ਰਾਹ ਛਡ ਰਹੇ ਸਨ ਉਹ ਇਸਨੂੰ ਨਾ ਮਿਲੇ ਪਰ :

> "ਬਹੁਤ ਸਾਰੇ ਸ਼ਹਿਰ ਨਿਵਾਸੀ ਮਿਲਕੇ ਬਾਦਸ਼ਾਹ (ਅਹਿਮਦ ਸ਼ਾਹ) ਪਾਸ ਗਏ ਤੇ ਉਨ੍ਹਾਂ ਨੇ ਉਹਦੇ ਪਾਸ ਨਵੇਦਨ ਕੀਤਾ ਕਿ ਲਹਿਣਾ ਸਿੰਘ ਬਹੁਤ ਹਛਾ ਤੇ ਦਿਆਲੂ ਹਾਕਮ ਹੈ। ਇਨੇ ਅਧਿਕਾਰ ਰਖਦਿਆਂ ਹੋਇਆਂ ਵੀ ਉਹ ਹਿੰਦੂ ਤਥਾ ਮੁਸਲਮਾਨਾਂ ਵਿਚ ਕਦੇ ਕੋਈ ਭੇਦ ਨਹੀਂ ਰਖਦਾ। ਈਦੁਜ਼ੁਹਾ ਦੇ ਦਿਨ ਉਸ ਨੇ ਕਾਜ਼ੀ, ਮੁਫ਼ਤੀ ਤੇ ਮਸਜਦਾਂ ਦੇ ਇਮਾਮਾਂ ਨੂੰ ਪਗੜੀਆਂ ਵੰਡੀਆਂ ਤੇ ਸਾਰੇ ਸ਼ਹਿਰੀਆਂ ਨੂੰ ਬੜਾ ਆਦਰ ਦਿਤਾ।" ☆

ਅਹਿਮਦ ਸ਼ਾਹ ਹਿੰਦੂ ਤੇ ਮੁਸ਼ਲਮਾਨਾਂ ਦੇ ਮੂੰਹ ਤੋਂ ਸਿਖਾਂ ਦੀ ਤਾਰੀਫ਼ ਸੁਣਕੇ ਹੈਰਾਨ ਹੋ ਗਿਆ। ਹੁਣ ਉਸਨੂੰ ਪਤਾ ਲਗਾ ਕਿ ਉਹ ਸਿਖ ਜਿਨਾਂ ਨੂੰ ਉਹ ਚੋਰ, ਡਾਕੂ, ਧਾੜਵੀ ਤੇ ਲੁਟੇਰੇ ਸਮਝਦਾ ਸੀ; ਉਹਨਾਂ ਦਾ ਅਸਲਾ ਕੀ ਹੈ।

ਮੁਸਲਮਾਨਾਂ ਵਲੋਂ ਸਿੱਖਾਂ ਦੇ ਬੀਜ ਨਾਸ ਦੇ ਉਪਰਾਲੇ ਤੇ ਖਾਲਸੇ ਦੇ ਮੁਸਲਮਾਨਾਂ ਨਾਲ ਉੱਤਰ ਵਿਚ ਇਹ ਸਲੂਕ ਵੇਖ ਕੇ ਅਹਿਮਦ ਸ਼ਾਹ ਉਗਲਾਂ ਮੂੰਹ ਵਿਚ ਪਾ ਲਈਆਂ। ਚਾਹੀਦਾ ਤਾਂ ਇਹ ਸੀ ਕਿ ਮੁਸਲਮਾਨਾਂ ਦੇ ਹਥੋਂ ਅਤਿ ਸਤਾਏ ਤੇ ਦੁਖਾਏ ਗਏ ਸਿਖ ਹੁਣ ਮੌਕਾ ਪਾਕੇ ਮੁਸਲਮਾਨਾਂ ਪਾਸੋਂ ਗਿਣ ਗਿਣ ਕੇ ਬਦਲੇ ਲੈਂਦੇ, ਜੋ ਪਰਗਟ ਰੂਪ ਵਿਚ ਕੋਈ ਵਧੀਕੀ ਨਾ ਕਰਦੇ ਤਾਂ ਉਜ ਮੁਸਲਮਾਨਾਂ ਨੂੰ ਮੁਕਾਣ ਤੇ ਤੰਗ ਕਰਨ ਦੇ ਯਤਨ ਕਰਦੇ ਪਰ ਇਨਾਂ ਕੀਤਾ ਹੈ ਮੁਸਲਮਾਨਾਂ ਨਾਲ ਭਰਾਵਾਂ ਵਾਲਾ ਸਲੂਕ, ਗੋਇਆ ਕਿ ਸਿਖਾਂ ਦੇ ਸੀਨੇ ਕੀਨੇ ਤੋਂ ਪਾਕ ਤੇ ਸਾਫ ਹਨ। ਇਹ ਸੋਚਕੇ ਅਹਿਮਦ ਸ਼ਾਹ ਨੇ ਸ੍ਰ.

---

* ਗੋਕਲ ਚੰਦ ਨਾਰੰਗ ਵਲੋਂ ਦਿੱਤਾ ਸਈਅਦ ਮੁਹੰਮਦ ਲਤੀਫ ਦਾ ਹਵਾਲਾ, ਉਪਰੋਕਤ, ਪੰਨਾ – ੧੪੪ – ਸੰਪਾ.

ਲਹਿਣਾ ਸਿੰਘ ਵਲ ਇਕ ਚਿੱਠੀ ਲਿਖੀ ਜਿਸ ਵਿਚ ਉਸਨੂੰ ਕਿਹਾ ਕਿ ਤੁਸੀ ਆ ਜਾਓ, ਮੈਂ ਲਾਹੌਰ ਦਾ ਤੁਹਾਨੂੰ ਹਾਕਮ ਬਣਾ ਦੇਣਾ ਚਾਹੁੰਦਾ ਹਾਂ। ਇਸ ਚਿਠੀ ਦੇ ਉਤੱਰ ਵਿਚ ਸਰਦਾਰ ਲਹਿਣਾ ਸਿੰਘ ਜੀ ਨੇ ਲਿਖਿਆ ਕਿ :

> ''ਮੈਂ ਇਕ ਮੁਸਲਮਾਨ ਬਾਦਸ਼ਾਹ ਦੀ ਭੇਟਾ ਪ੍ਰਵਾਨ ਕਰਕੇ ਆਪਣੇ ਸਹਿ-ਧਰਮੀਆਂ ਦੀ ਨਜ਼ਰ ਵਿਚੋਂ ਡਿਗ ਜਾਵਾਂਗਾ।'' (ਇਬਰਤ ਨਾਮਾ)

ਸਰਦਾਰ ਲਹਿਣਾ ਸਿੰਘ ਦੀ ਇਸ ਅਣਖ ਤੇ ਕੌਮੀ ਆਨ ਦੇ ਖਿਆਲ ਨੇ ਅਹਿਮਦ ਸ਼ਾਹ ਨੂੰ ਹੋਰ ਵੀ ਹੈਰਾਨ ਕਰ ਦਿਤਾ। ਅਹਿਮਦ ਸ਼ਾਹ ਨੇ ਫਲਾਂ ਦੀ ਇਕ ਟੋਕਰੀ ਉਕਤ ਸਰਦਾਰ ਜੀ ਪਾਸ ਭੇਜੀ ਕਿੰਤੂ ਸਰਦਾਰ ਜੀ ਨੇ ਇਹ ਕਹਿਕੇ ਕਿ :

> ''ਫਲ ਬਾਦਸ਼ਾਹਾਂ ਦੇ ਚੋਚਲੇ ਹਨ। ਮੈਂ ਤਾਂ ਇਕ ਗਰੀਬ ਰਾਹਕ ਹਾਂ ਤੇ ਮੇਰੇ ਵਾਸਤੇ ਅਨਾਜ ਹੀ ਸਭ ਤੋਂ ਉਤਮ ਪਦਾਰਥ ਹੈ'', ਫਲ ਵਾਪਸ ਕਰ ਦਿਤੇ!
> (ਸਯਦ ਮੁਹੰਮਦ ਲਤੀਫ਼)

ਇਸ ਤਰ੍ਹਾਂ ਦੇ ਉਤੱਰ ਦੇ ਕੇ ਸਰਦਾਰ ਲਹਿਣਾ ਸਿੰਘ ਨੇ ਅਹਿਮਦ ਸ਼ਾਹ ਨੂੰ ਮਿਲਣੋ ਇਨਕਾਰ ਕਰ ਦਿਤਾ।

ਅਹਿਮਦ ਸ਼ਾਹ ਸਰਦਾਰ ਲਹਿਣਾ ਸਿੰਘ ਦੇ ਇਸ ਮਵੈ ਭਰੋਸੇ ਤੇ ਉਚ ਆਸ਼ੇ ਦੇ ਖਿਆਲਾਂ ਤੋਂ ਹੋਰ ਵੀ ਚਕ੍ਰਿਤ ਹੋ ਗਿਆ, ਕੁਛ ਦਿਨ ਪਿਛੋਂ ਇਥੋਂ ਹਸਰਤ ਨਾਲ ਪੰਜਾਬ ਨੂੰ ਵੇਖਕੇ ਵਾਪਸ ਮੁੜ ਗਿਆ।

ਅਹਿਮਦ ਸ਼ਾਹ ਦੇ ਪੁਤਰ ਤੈਮੂਰ ਸ਼ਾਹ ਨੇ ਅਪਣੇ ਪਿਤਾ ਦੇ ਪ੍ਰਸਿਧ ਵੈਰੀ ਨਾਸਰ ਖਾਂ ਬਲੋਚ ਦੀ ਸਹਾਇਤਾ ਨਾਲ ਈਰਾਨੀਆਂ 'ਤੇ ਪੂਰੀ ਫਤਹ ਪ੍ਰਾਪਤ ਕਰ ਲਈ ਸੀ ਤੇ ਉਧਰੋਂ ਹਰ ਤਰਾਂ ਨਿਚੰਤ ਤੇ ਬੇਫਿਕਰ ਹੋ ਗਿਆ ਸੀ। ਪਰ ਇਸ ਤੇ ਵੀ ਉਸਨੇ ਆਪਣੀ ਜ਼ਿੰਦਗੀ ਦੇ ਬਾਕੀ ਦੇ ਛੀ ਸਾਲਾਂ ਵਿਚ ਪੰਜਾਬ ਵਲ ਆਉਣ ਦਾ ਹੌਸਲਾ ਨਹੀਂ ਕੀਤਾ।

ਮੀਰ ਮਨੂੰ ਨੂੰ ਲਾਹੌਰ ਦਾ ਨਵਾਬ ਦਿੱਲੀ ਵਾਲਿਆਂ ਨੀਯਤ ਕੀਤਾ ਸੀ, ਪ੍ਰੰਤੂ ਅਹਿਮਦਸ਼ਾਹ ਦੇ ਹਮਲੇ ਸਮੇਂ ਇਹਨੇ ਕਾਬਲੀਆਂ ਦੀ ਅਧੀਨਤਾ ਮੰਨ ਲਈ। ਜਿਸ ਤੋਂ ਪੰਜਾਬ ਪੁਰ ਅਮਲ ਦਖਲ ਦਿਲੀ ਵਾਲਿਆਂ ਦਾ ਹਟ ਗਿਆ ਤੇ ਕਾਬਲੀਆਂ ਦਾ ਹੋ ਗਿਆ।

ਮਨੂੰ ਦੇ ਮਰ ਗਿਆਂ ਉਹਦੀ ਤੀਵੀਂ ਮੁਰਾਦ ਬੇਗਮ ਲੜਕੇ ਦੀ ਸਰਪਰਸਤ ਬਣਕੇ

ਰਾਜ ਪ੍ਰਬੰਧ ਕਰਨ ਲਗੀ। ਇਹਦਾ ਚਾਲ ਚਲਨ ਮਾੜਾ ਸੀ, ਇਸ ਕਰਕੇ ਦਰਬਾਰ ਵਿਚ ਕਈ ਤਰਾਂ ਦੇ ਉਤਪਾਤ ਖੜੇ ਹੋ ਗਏ।

ਇਨਾਂ ਦਿਨਾਂ ਵਿਚ ਜਾਲੰਧਰ ਦਾ ਹਾਕਮ ਆਦੀਨਾ ਬੇਗ ਸੀ। ਇਹ ਆਦਮੀ ਬੜਾ ਚਾਲਾਕ ਸੀ। ਸ਼ਮਸ਼ਉਲ ਉਲਮਾ ਮੌਲਾਨਾ ਮੁਹੰਮਦ ਜ਼ਕਾ ਉਲਾ ਸਾਹਿਬ ਆਪਣੇ ਲਿਖੇ ਹਿੰਦ ਦੇ ਇਤਿਹਾਸ ਵਿਚ ਦਸਦੇ ਹਨ ਕਿ ਇਹ ਬੜਾ ਦਗ਼ਾਬਾਜ਼, ਮਕਾਰ, ਬੇਵਫਾ ਤੇ ਬੇਈਮਾਨ ਸੀ। ਇਸ ਨੇ ਪਹਿਲਾਂ ਤਾਂ ਕਾਬਲੀਆਂ ਨਾਲ ਜੋੜ ਤੋੜ ਕਰਕੇ ਆਪਣੇ ਨਾਮ ਸੂਬੇਦਾਰੀ ਦਾ ਪੱਟਾ ਮੰਗਾਇਆ, ਫਿਰ ਦਿਲੀ ਦੇ ਵਜ਼ੀਰ ਗ਼ਾਜ਼ੀਉਦੀਨ ਨਾਲ ਗੰਢ ਤਰੁਪ ਕਰਕੇ ਉਸ ਨੂੰ ਲਾਹੌਰ ਭੇਜਕੇ ਮੁਰਾਦ ਬੇਗਮ ਨੂੰ ਉਹਦੀ ਲੜਕੀ ਸਮੇਤ ਦਿਲੀ ਭਿਜਵਾ ਦਿਤਾ। ਇਹ ਖਬਰ ਸੁਣਕੇ ਅਹਿਮਦ ਸ਼ਾਹ ਕਾਬਲ ਵਲੋਂ ਆਇਆ। ਕਹਿੰਦੇ ਹਨ ਕਿ ਇਨਾਂ ਸੌ ਚੋਰ ਦਾ ਡਰ ਨਹੀਂ ਹੁੰਦਾ ਜਿਨ੍ਹਾ ਆਪਣੀ ਕੀਤੀ ਦਾ ਹੁੰਦਾ ਹੈ। ਆਦੀਨਾ ਬੇਗ ਨੱਸ ਕੇ ਪਹਾੜੀਂ ਜਾ ਵੜਿਆ। ਅਹਿਮਦ ਸ਼ਾਹ ਲਾਹੌਰ ਤੇ ਲਾਹੌਰ ਤੋਂ ਦਿਲੀ ਪੁਜਾ। ਇਧਰੋਂ ਲੁਟ ਮਾਰ ਕਰਕੇ ਜਦ ਵਾਪਸ ਫਿਰਿਆ ਤਦ ਕੁਛ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਆਦੀਨਾ ਬੇਗ ਨਾਲ ਉਹਦੀ ਸੁਲਹ ਹੋ ਗਈ ਤੇ ਕੁਛ ਕਹਿੰਦੇ ਹਨ, ਕਿ ਅਹਿਮਦ ਸ਼ਾਹ ਲਾਹੌਰ ਆਕੇ ਆਪਣੇ ਲੜਕੇ ਤੈਮੂਰ ਨੂੰ ਗੱਦੀ ਤੇ ਬਿਠਾਇਆ ਤੇ ਜਹਾਨ ਖਾਂ ਨੇ ਅਦੀਨਾ ਬੇਗ ਨਾਲ ਸੁਲਾਹ ਕਰਕੇ ਇਸਨੂੰ ਦਵਾਬੇ ਦਾ ਹਾਕਮ ਨਵੇਂ ਸਿਰੇ ਬਣਾ ਦਿਤਾ। ਇਉ ਕਹੋ ਕਿ ਅਦੀਨਾ ਬੇਗ ਜੋੜ ਤੋੜ ਲਾਕੇ ਫੇਰ ਉਸੇ ਅਹਿਮਦ ਸ਼ਾਹ ਦੀ ਅਮਲਦਾਰੀ ਵਿਚ ਜਲੰਧਰ ਦਾ ਹਾਕਮ ਬਣ ਗਿਆ।

ਤੈਮੂਰ ਦੇ ਸਪੁਰਦ ਦੋ ਵਡੇ ਕੰਮ ਅਹਿਮਦ ਸ਼ਾਹ ਨੇ ਕੀਤੇ ਸਨ। ਉਨਾਂ ਵਿਚੋਂ ਇਕ ਸੀ ਸਿਖਾਂ ਦੀ ਤਬਾਹੀ ਤੇ ਦੂਜਾ ਸੀ ਅਦੀਨਾ ਬੇਗ ਦੇ ਕੰਨ ਖਿੱਚਣੇ। ਤੈਮੂਰ ਨੇ ਪਹਿਲਾਂ ਸਿਖਾਂ ਦੇ ਵਿਰੁੱਧ ਜੰਗ ਛੇੜਿਆ। ਸਿਖ ਸਮੇਂ ਦੇ ਸੁਚੇਤ ਤੇ ਅਕਲ ਦੇ ਕੋਟ ਸਨ, ਉਹ ਦਾਓ ਬਚਾਕੇ ਜੰਗਲਾਂ ਵਿਚ ਜਾ ਬੈਠੇ। ਤੈਮੂਰ ਨੇ ਰਾਮਰੌਣੀ ਜਿਸਦਾ ਨਾਮ ਹੁਣ ਰਾਮ ਗੜ੍ਹ ਹੋ ਚੁੱਕਾ ਸੀ ਤੇ ਸਰਦਾਰ ਜਸਾ ਸਿੰਘ ਰਾਮਗੜ੍ਹੀਆਂ ਦੇ ਅਧੀਨ ਸੀ ਗਿਰਵਾ ਕੇ ਧਰਤੀ ਨਾਲ ਬਰਾਬਰ ਕਰਾ ਦਿਤੀ। ਹੁਣ ਦੂਜੀ ਵਾਰ ਸੀ ਆਦੀਨਾ ਬੇਗ ਦੀ। ਇਹਨੂੰ ਲਾਹੌਰ ਸਦਿਆ ਗਿਆ। ਇਹ ਨਾ ਆਇਆ। ਮੁਰਾਦ ਖਾਂ ਨੂੰ ਫੌਜ ਦੇਕੇ ਭੇਜਿਆ। ਇਹ ਸ਼ਿਕਸਤ ਖਾਕੇ ਮੁੜਿਆ ਪਰ ਕਈਆਂ ਦਾ ਖਿਆਲ ਹੈ ਕਿ ਇਹਦੇ ਨਾਲ ਅੰਦਰ ਖਾਨੇ ਆਦੀਨਾ ਬੇਗ ਨੇ ਸੁਲਾਹ ਕਰ ਲਈ। ਤੈਮੂਰ ਨੇ ਮੁਰਾਦ ਖਾਂ ਨੂੰ ਕਤਲ ਕਰ ਦਿੱਤਾ ਤੇ

ਆਪ ਫੌਜ ਲੈਕੇ ਚੜ੍ਹਾਈ ਕੀਤੀ। ਆਦੀਨਾ ਬੇਗ ਪਹਾੜਾਂ ਵਲ ਨੱਸ ਗਿਆ। ਉਧਰ ਜਾਕੇ ਉਸਨੇ ਸਿੰਘਾਂ ਨਾਲ ਮੇਲ ਮਿਲਾਪ ਕੀਤਾ। ਸਿੰਘਾਂ ਦੇ ਦੋ ਜਥੇ ਬਣ ਗਏ, ਇਕ ਸਰਦਾਰ ਜਸਾ ਸਿੰਘ ਆਹਲੂਵਾਲੀਆ ਦਾ ਇਹ ਆਪਣੇ ਸਵਾਰ ਲੈਕੇ ਲਾਹੌਰ ਤੇ ਆ ਪਿਆ।

ਲਾਹੌਰ ਦਾ ਵਜ਼ੀਰ ਜਹਾਨ ਖਾਂ ਜਸਾ ਸਿੰਘ ਨਾਲ ਲੜਨ ਲਈ ਮੈਦਾਨ ਵਿਚ ਆਇਆ। ਸਿੱਖਾਂ ਨੇ ਲਾਹੌਰ ਨੂੰ ਘੇਰ ਲਿਆ, ਅੰਦਰ ਚੀਜ਼ਾਂ ਦੀ ਆਵਾਜਾਈ ਰੁਕ ਗਈ, ਕਈ ਛੋਟੀ ਛੋਟੀ ਲੜਾਈਆਂ ਦੇ ਮਗਰੋਂ (ਜਿਨਾਂ ਦਾ ਵੇਰਵੇ ਨਾਲ ਹਾਲ ਫਿਰ ਲਿਖਾਂਗੇ) ਖਾਲਸੇ ਨੇ ਪੂਰਨ ਫਤਹ ਪ੍ਰਾਪਤ ਕੀਤੀ। ਸਯਦ ਮੁਹੰਮਦ ਲਤੀਫ਼ ਲਿਖਦਾ ਹੈ ਕਿ ਇਹ ਸਿਖਾਂ ਦੀ ਅਫ਼ਗਾਨਾਂ ਤੇ ਪਹਿਲੀ ਫਤਹ ਸੀ।

ਤੈਮੂਰ ਤੇ ਉਹਦਾ ਸਲਾਹਕਾਰ ਜਹਾਨ ਖਾਂ ਸਿਖਾਂ ਦਾ ਕਬਜ਼ਾ ਲਾਹੌਰ 'ਤੇ ਹੋ ਜਾਣ ਤੋਂ ਨੱਸ ਟੁਰੇ। ਦਿਲੀ ਦੇ ਸ਼ਾਹੀ ਖਾਨਦਾਨ ਵਿਚ ਤੈਮੂਰ ਨੂੰ ਬੜੇ ਬਹੁ-ਮੁਲੇ ਕਪੜੇ ਗਹਿਣੇ ਤੇ ਨਕਦੀ ਦਾਜ ਵਿਚ ਮਿਲੀ ਸੀ ਤੇ ਲਾਹੌਰ ਦੀ ਨਵਾਬੀ ਸਮੇਂ ਵੀ ਇਸਨੇ ਬਤੇਰੀ ਲੁਟ ਮਾਰ ਕਰਕੇ ਦੌਲਤ ਜੋੜੀ ਸੀ। ਉਹ ਸਾਰੀ ਇਹ ਲੈ ਕੇ ਕਾਬਲ ਵੱਲ ਟੁਰਿਆ।

ਸਿੰਘਾਂ ਨੂੰ ਖਬਰ ਮਿਲੀ ਕਿ ਹਿੰਦ ਦੀ ਲੁਟ ਮਾਰ ਦਾ ਮਾਲ ਤੈਮੂਰ ਲਿਜਾ ਰਿਹਾ ਹੈ।

ਤੈਮੂਰ ਦੇ ਹਥੋਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦੀ ਖਬਰ ਤੋਂ ਸਿੰਘਾਂ ਦੇ ਖ਼ੂਨ ਖੌਲ ਹੀ ਰਹੇ ਸਨ। ਉਹਨਾਂ ਦਾ ਇਕ ਤਕੜਾ ਦਲ ਸਰਦਾਰ ਜਸਾ ਸਿੰਘ ਆਹਲੂਵਾਲਿਆ ਦੀ ਜਥੇਦਾਰੀ ਵਿਚ ਆਇਆ ਤੇ ਤੈਮੂਰ ਨੂੰ ਲਲਕਾਰਿਆ। ਤੈਮੂਰ ਦੀਆਂ ਰਗਾਂ ਵਿਚ ਵੀ ਆਖ਼ਰ ਦੁਰਾਨੀਆਂ ਦਾ ਖ਼ੂਨ ਸੀ। ਸਿਧੀ ਹੱਥੀਂ ਉਹ ਕਦ ਕੋਈ ਗੱਲ ਮੰਨਣ ਵਾਲਾ ਸੀ। ਹਥਿਆਰ ਫੜ ਕੇ ਸਾਹਮਣੇ ਖਲੋ ਗਿਆ, ਥੋੜੇ ਚਿਰ ਦੇ ਜੰਗ ਵਿਚ ਹੀ ਖਾਲਸੇ ਦੇ ਦੁਧਾਰੇ ਖੰਡਿਆਂ ਨੇ ਵੈਰੀ ਦੇ ਹਥਿਆਰ ਖੁੰਡੇ ਕਰ ਦਿਤੇ, ਉਮਦਾ ਤੁ ਤ੍ਵਾਰੀਖ ਦਾ ਕਰਤਾ ਲਿਖਦਾ ਹੈ ਕਿ :

''ਦਰ ਅਸਨਾਏ ਰਾਹ ਸਿੰਘਾਂ ਨੇ ਵਾਲਾਸ਼ਾਨ
ਬਰਬੰਦ ਵ ਹੰਗਾਮਾ ਅਫਵਾਜ ਉਫਤਾਦਹ
ਅਕਸਰ ਮਾਲ ਵ ਅਸਬਾਬ ਬਤਾਰਾਜ ਖ਼ੁਰਦੰਦ,
ਯਗ਼ਮਾਰਾ ਤਗ਼ਮਾ ਦਾਨਿਸਤਾ ਵ

ਗ਼ਨੀਮਤ ਰਾ ਅਜ਼ ਅਨਾਇਮ ਤਸੱਵਰ ਸਾਖਤਾ
ਜਮਈਅਤੀ ਬਿਸਯਾਰ ਹਾਸਲ ਕਰਦੰਦ,
ਵ ਜਹਾਨ ਖਾਂ ਬ ਹਾਲਤੇ ਤਬਾਹ ਵ
ਖਰਾਬ ਦਰ ਵਲਾਇਤ ਰਸੀਦਹ।''

ਜਿਸਦਾ ਭਾਵ ਇਹ ਹੈ ਕਿ ਸਿਖਾਂ ਨੇ ਹਮਲਾ ਕਰਕੇ ਬਹੁਤ ਸਾਰਾ ਮਾਲ ਮਤਾਹ ਖੋਹ ਲਿਆ ਤੇ ਜਹਾਨ ਖਾਂ ਬੜੀ ਬੁਰੀ ਹਾਲਤ ਵਿਚ ਕਾਬਲ ਪੁਜਾ।

ਮਸ਼ਹੂਰ ਮੁਵਰਖ ਕਰਨਲ ਬੀ.ਜੀ. ਮੈਲਸਨ ਸਾਹਿਬ ਸੀ.ਆਈ.ਈ. ਤਾਰੀਖੇ ਅਫ਼ਗ਼ਾਨਿਸਤਾਨ ਵਿਚ ਲਿਖਦਾ ਹੈ ਕਿ:

ਤੈਮੂਰ ਦੇ ਹਥੋਂ ਉਸ ਵੇਲੇ ਆਪਣੀ ਤੀਵੀਂ ਦੇ ਦਾਜ ਦਾ ਭਾਰੀ ਹਿੱਸਾ ਨਿਕਲ ਗਿਆ ਬਲਕਿ ਨਸਣ ਲਗਿਆਂ ਆਪਣਾ ਪਰਵਾਰ ਵੀ ਛਡ ਗਿਆ ਜੋ ਪਿਛੋਂ ਪੁਚਾਇਆ ਗਿਆ।

ਇਹ ਘਟਨਾ ੧੭੫੮ ਈਸਵੀ ਦੀ ਹੈ।

☆ ☆ ☆

ਹਾਠੂ ਸਿੰਘ ਦੀ ਬੀਰਤਾ

ਅਹਿਮਦ ਸ਼ਾਹ ਦਿਲੀਓਂ ਮੁੜਿਆ, ਕਾਬਲ ਨੂੰ ਜਾਂਦਾ ਰਾਹ 'ਵਿਚ ਲਾਹੌਰ ਠਹਿਰਿਆ। ਸਿਖਾਂ ਦੇ ਹੱਥੋਂ ਇਹ ਅਤਿ ਦੁਖੀ ਹੋ ਚੁੱਕਾ ਸੀ। ਇਹਦੀ ਫੌਜ ਤੇ ਹੱਲੇ ਬੋਲਕੇ ਸਾਮਾਨ ਖੋਹ ਖੜਨ ਤੋਂ ਇਹਦੇ ਸੀਨੇ ਵਿਚ ਨਾ ਮਿਲਣ ਵਾਲੇ ਜ਼ਖਮ ਹੋ ਰਹੇ ਮਨ। ਇਹ ਹੈਰਾਨ ਸੀ ਕਿ ਕੰਧਾਰ ਤੇ ਕਾਬਲ ਤੋਂ ਲੈ ਕੇ ਦਿੱਲੀ ਦੀਆਂ ਕੰਧਾਂ ਤਕ ਨੂੰ ਇਹ ਜ਼ੇਰ ਕਰ ਚੁਕਾ ਹੈ, ਸਾਰਾ ਦੇਸ਼ ਏਹਦਾ ਲੋਹਾ ਮੰਨਦਾ ਤੇ ਪਾਣੀਹਾਰ ਹੈ ਤੇ ਹਰ ਥਾਂ ਮਨਮੰਨੀਆਂ ਈਨਾਂ ਮਨਾ ਰਿਹਾ ਹਾਂ, ਜੇ ਹੁਣ ਤਕ ਕਾਬੂ ਨਹੀਂ ਆਏ, ਤਾਂ ਇਹ ਸਿਖ ਕਾਬੂ ਨਹੀਂ ਆਏ। ਇਹ ਕਿਸ ਮਿੱਟੀ ਦੇ ਘੜੇ ਹਨ ਕਿ ਮਰਦੇ ਨਹੀਂ, ਮੁਕਦੇ ਨਹੀਂ। ਇਹ ਡਾਢੇ ਰਾਠ ਹਨ ਕਿ ਕਿਸੇ ਦੀ ਆਨ ਨਹੀਂ ਸਹਾਰਦੇ। ਜਿਧਰ ਮੈਂ ਜਾਂਦਾ ਹਾਂ ਉਧਰ ਦਿਸਦੇ ਨਹੀਂ, ਪਤਾ ਤਦੇ ਲਗਦਾ ਹੈ ਜਦ ਮੇਰੇ ਲਸ਼ਕਰ ਤੇ ਹੱਲਾ ਬੋਲਕੇ ਜੋ ਕੁਛ ਪਾਸ ਹੁੰਦਾ ਹੈ ਖੋਹ ਖੜਦੇ ਹਨ।

ਲਾਹੌਰ ਠਹਿਰਕੇ ਇਸਨੇ ਇਕ ਤਕੜਾ ਫੌਜੀ ਦਸਤਾ ਤਿਆਰ ਕਰਕੇ ਸਿਖਾਂ ਦੀ ਗ੍ਰਿਫਤਾਰੀ ਲਈ ਭੇਜਿਆ। ਇਸ ਦਾ ਅਫਸਰ ਸੀ ਸਰ ਬਲੰਦ ਖਾਂ। ਇਸ ਨੂੰ ਲਾਹੌਰ ਸ਼ਹਿਰ ਤੋਂ ਬਾਹਰ ਕਦਮ ਰੱਖਦਿਆਂ ਹੀ ਸਿਖਾਂ ਨੇ ਘੇਰਿਆ। ਥਾਂ ਥਾਂ ਤੇ ਇਸ ਤੇ ਹਲੇ ਬੋਲਕੇ ਏਹਦਾ ਨੱਕ ਵਿਚ ਦਮ ਕਰ ਦਿੱਤਾ। ਬੜੀ ਮੁਸ਼ਕਲ ਨਾਲ ਸੂੰਹੀਆਂ ਦੀ ਰਾਹੀਂ

ਇਸ ਨੂੰ ੮-੧੦ ਸਿੰਘ ਮਿਲੇ ਜਿਨ੍ਹਾਂ ਨੂੰ ਫੜ ਕੇ ਇਸ ਨੇ ਅਹਿਮਦ ਸ਼ਾਹ ਪਾਸ ਪੁਚਾ ਦਿੱਤਾ।

ਅਹਿਮਦ ਸ਼ਾਹ ਸਿੰਘਾਂ ਦੀ ਸ਼ਕਲ, ਅਕਲ, ਡੀਲ ਡੋਲ, ਸੱਜ ਧੱਜ ਤੇ ਛੈਲ ਛਬੀਲਾਪਨ ਵੇਖਕੇ ਦੰਗ ਰਹਿ ਗਿਆ ਤੇ ਕਹਿਣ ਲੱਗਾ ਤੁਸੀਂ ਕੌਣ ਹੋ ?

ਹਾਠੂ ਸਿੰਘ- ਅਸੀਂ ਗੁਰੂ ਦੇ ਸਿੰਘ ਹਾਂ।

ਅਹਿਮਦ ਸ਼ਾਹ- ਸਿੰਘ ਕਿਸਨੂੰ ਕਹਿੰਦੇ ਹਨ ?

ਹਾਠੂ ਸਿੰਘ -ਸ਼ੇਰ ਨੂੰ।

ਅਹਿਮਦ ਸ਼ਾਹ- (ਮੁਸਕਰਾ ਕੇ) ਸ਼ੇਰ ਤਾਂ ਹਾਥੀ ਨਾਲ ਲੜਦੇ ਹਨ। ਕੀ ਤੁਹਾਡੇ ਵਿਚ ਇੱਨਾਂ ਬਲ ਹੈ ?

ਹਾਠੂ ਸਿੰਘ- ਖੁਲੇ ਸ਼ੇਰ ਹਾਥੀ ਨਾਲ ਲੜਦੇ ਹਨ ਨਾ ਕਿ ਬਧੇ ਹੋਏ।

ਅਹਿਮਦ ਸ਼ਾਹ ਨੇ ਹਾਠੂ ਸਿੰਘ ਦੇ ਬੰਦ ਖੁਲ੍ਹਵਾ ਦਿਤੇ ਤੇ ਹੁਕਮ ਦਿਤਾ ਕਿ ਇਕ ਹਾਥੀ ਨੂੰ ਸ਼ਰਾਬ ਨਾਲ ਮਸਤ ਕਰਕੇ ਆਂਦਾ ਜਾਏ।

ਇਕ ਗੁਸੈਲੇ ਤੇ ਰਿਸ਼ਟ ਪੁਸ਼ਟ ਖ਼ੂਨੀ ਹਾਥੀ ਨੂੰ ਸ਼ਰਾਬ ਪਲਾਈ ਗਈ। ਜਦ ਓਹ ਨਸ਼ੇ ਵਿਚ ਮਸਤ ਹੋ ਗਿਆ ਤਦ ਮਹਾਵਤ ਨੇ ਉਸਨੂੰ ਮੈਦਾਨ ਵਿਚ ਆਂਦਾ। ਅਹਿਮਦ ਸ਼ਾਹ, ਉਹਦੇ ਫੌਜੀ ਸਰਦਾਰ, ਲਾਹੌਰ ਦਰਬਾਰ ਦੇ ਅਫਸਰ ਤੇ ਆਮ ਸ਼ਹਿਰੀ ਇਹ ਤਮਾਸ਼ਾ ਵੇਖਣ ਲਈ ਪਰ੍ਹੇ ਬੰਨ੍ਹ ਕੇ ਬਹਿ ਗਏ। ਹਾਥੀ ਦੇ ਮੈਦਾਨ ਵਿਚ ਆਉਂਦਿਆਂ ਹੀ ਹਾਠੂ ਸਿੰਘ ਹਥ ਵਿਚ ਤਲਵਾਰ ਲੈ ਕੇ ਸਾਹਮਣੇ ਆਇਆ। ਮਹਾਵਤ ਨੇ ਪਹਿਲਾਂ ਪੈਰਾਂ ਨਾਲ ਤੇ ਫਿਰ ਆਂਕਸ਼ ਨਾਲ ਹਾਥੀ ਨੂੰ ਅਗੇ ਵਧਾਇਆ ਤੇ ਚਮਕਾਇਆ, ਹਾਥੀ ਸੁੰਡ ਵਿਚ ਤਲਵਾਰ ਫੜਕੇ ਬੜੀ ਤੇਜ਼ੀ ਨਾਲ ਉਹਨੂੰ ਫਿਰਾਂਦਾ ਸਾਹਮਣੇ ਹੋਇਆ। ਹਾਠੂ ਸਿੰਘ ਨੇ ਸਜੇ, ਖਬੇ, ਅਗੇ ਪਿਛੇ ਹੋਕੇ ਹਾਥੀ ਦੇ ਵਾਰ ਨੂੰ ਬਚਾਇਆ।

ਹਾਥੀ ਨੇ ਗੁਸੇ ਨਾਲ ਖਿਝਕੇ ਬਿਜਲੀ ਵਾਂਗ ਚਮਕਦੀ ਤਲਵਾਰ ਦਾ ਇਸ ਫੁਰਤੀ ਨਾਲ ਵਾਰ ਕੀਤਾ ਕਿ ਵੇਖਣ ਵਾਲਿਆਂ ਦੀ ਨਜ਼ਰ ਵਿਚ ਹਾਠੂ ਸਿੰਘ ਦੇ ਦੋ ਟੁਕੜੇ ਹੋ ਜਾਣੇ ਯਕੀਨੀ ਸੀ ਪ੍ਰੰਤੂ ਹਾਠੂ ਸਿੰਘ ਨੇ ਇਸ ਚੁਸਤੀ ਨਾਲ ਤਲਵਾਰ ਚਲਾਈ ਕਿ ਹਾਥੀ ਦੀ ਸੁੰਡ ਕਟ ਕੇ ਦੋ ਟਕ ਹੋ ਗਈ। ਹਾਥੀ ਚੀਕਦਾ ਪਿਛੇ ਨੂੰ ਨਠਾ। ਮਹਾਵਤ ਨੇ ਬਥੇਰਾ ਯਤਨ ਸਾਹਮਣੇ ਲਿਆਉਣ ਦਾ ਕੀਤਾ ਪਰ ਉਹ ਸਾਹਮਣੇ ਨਾ ਆ ਸਕਿਆ। ਸਾਰੇ ਵਾਹ ਵਾਹ ਕਰ ਉਠੇ। ਹਾਠੂ ਸਿੰਘ ਦੀ ਬੀਰਤਾ ਤੋਂ ਅਹਿਮਦ ਸ਼ਾਹ ਹੈਰਾਨ ਹੋ ਗਿਆ।

ਬਾਦਸ਼ਾਹ ਨੇ ਸਿੰਘ ਦੀ ਬੀਰਤਾ ਤੇ ਸ਼ਸਤਰ ਵਿਦਯਾ ਦੀ ਪ੍ਰਬੀਨਤਾ ਵੇਖ ਉਂਗਲ ਦੰਦਾਂ ਹੇਠ ਲੈ ਲਈ ਤੇ ਕਿਹਾ ਕਿ ਅਜਿਹਾ ਬਲੀ ਤੇ ਬੀਰ ਕਾਫ਼ਰਾਂ ਵਿਚ ਨਹੀਂ ਹੋਣਾ ਚਾਹੀਦਾ, ਮੁਸਲਮਾਨਾ ਹੋਕੇ ਜਿੰਦਾ ਰਹਿ ਸਕਦਾ ਹੈ। ਹਾਠੂ ਸਿੰਘ ਨੇ ਅਹਿਮਦ ਸ਼ਾਹ ਦੀ ਇਸ ਮਜ਼ਹਬੀ ਕਰੂਰਤਾ ਤੇ ਘ੍ਰਿਣਾ ਪਰਗਟ ਕਰਦੇ ਹੋਏ ਦਸਿਆ ਕਿ ਉਹ ਧਰਮ ਜੇਹੜਾ ਆਪਣੇ ਅਨੁਸਾਰੀਆਂ ਤੋ ਬਿਨਾਂ ਕਿਸੇ ਹੋਰ ਨੂੰ ਵੇਖਣਾ ਨਹੀਂ ਚਾਹੁੰਦਾ, ਉਹ ਇਸ ਯੋਗ ਨਹੀਂ ਕਿ ਉਸ ਨੂੰ ਕੋਈ ਧਾਰਨ ਕਰੇ ਤੇ ਨਾ ਹੀ ਉਹ ਮਜ਼ਹਬ ਅਖਵਾਉਣ ਦੇ ਯੋਗ ਹੈ। ਹਾਠੂ ਸਿੰਘ ਅਕਾਲੀ ਧਰਮ ਤੇ ਫਿਦਾ ਹੈ, ਉਹਦੀ ਰੂਹ ਨੂੰ ਸ਼ਾਂਤੀ ਪ੍ਰਾਪਤ ਹੈ ਤੇ ਉਹ ਇਸ ਧਰਮ ਨੂੰ ਤਿਆਗ ਕੇ ਕਿਸੇ ਹੋਰ ਮਤ ਨੂੰ ਗ੍ਰਹਿਣ ਨਹੀਂ ਕਰੇਗਾ।

ਜਦ ਅਹਿਮਦ ਸ਼ਾਹ ਹਾਠੂ ਸਿੰਘ ਨੂੰ ਆਪਣੇ ਧਰਮ ਵਿਚ ਲਿਆਉਣ ਤੋਂ ਨਾ ਕਾਮਯਾਬ ਰਿਹਾ, ਤਦ ਹੁਕਮ ਦਿਤਾ ਕਿ ਦੋ ਹਾਥੀਆਂ ਦੇ ਪੈਰਾਂ ਨਾਲ ਇਹਦੀਆਂ ਦੋਨੋਂ ਲੱਤਾਂ ਬੰਨ੍ਹ ਕੇ ਮਰਵਾ ਦਿਤਾ ਜਾਏ। ਰਤਨ ਸਿੰਘ ਭੰਗੂ ਜੀ ਲਿਖਦੇ ਹਨ ਕਿ :

ਤਬੈ ਸ਼ਾਹਿ ਬਹੁ ਗੁਸਾ ਖਾਈ,
ਦੂਜੇ ਹਾਥੀ ਟੰਗ ਦੂਜੀ ਬੰਧਾਈ
ਦੋਹਰਾ– ਦਊ ਵਲ ਦੋਊ ਗਜ ਲਗੈ, ਸਿੰਘ ਮਧ ਦਯੋ ਬੰਧਾਇ;
ਦਯੋ ਚਰਾਇ ਇਮ ਰੋਬਰੋ ਸ਼ਾਹਿ ਸੁ ਗੁਸਾ ਖਾਇ।

☆ ☆ ☆

ਸਿੱਖੀ ਸਿਦਕ

ਇਸ ਤਰਾਂ ਹਾਠੂ ਸਿੰਘ ਜੀ ਨੇ ਹੁਣ ਜਿੰਦ ਬਚਾਣ ਲਈ ਕਾਇਰਤਾ ਨਹੀਂ ਦੱਸੀ। ਬੀਰ ਅਪਨੀ ਮੌਤ ਲਈ ਤਿਆਰ ਬਰ ਤਿਆਰ ਹੋ ਗਿਆ। ਜਿਸ ਹਾਠੂ ਸਿੰਘ ਨੇ ਪਹਿਲਾਂ ਆਪਣੀ ਸਰੀਰਕ ਬੀਰਤਾ ਵਿਖਾਕੇ ਗਿਲਜਿਆਂ ਨੂੰ ਚਕ੍ਰਿਤ ਕੀਤਾ ਸੀ, ਹੁਣ ਆਤਮਕ ਬਲ ਨਾਲ ਉਥੇ ਬੈਠੇ ਹਜ਼ਾਰਾਂ ਦੀ ਗਿਣਤੀ ਦੇ ਮੁਸਲਮਾਨਾਂ ਦੇ ਸਿਰਾਂ ਨੂੰ ਅਪਨੀ ਆਤਮਕ ਬਹਾਦਰੀ ਨਾਲ ਸਦਾ ਲਈ ਲਜਤ ਰਹਿਣ ਲਈ ਝੁਕਾ ਦਿਤਾ।

ਅਹਿਮਦ ਸ਼ਾਹ ਹਾਠੂ ਸਿੰਘ ਦੇ ਬਾਹੂ ਬਲ, ਨਿਡਰਤਾ, ਹੌਸਲਾ, ਦ੍ਰਿੜਤਾ ਤੇ ਧਰਮ ਪ੍ਰਾਇਣਤਾ ਵੇਖ ਹੈਰਾਨ ਸੀ। ਉਸ ਨੇ ਹੁਣ ਆਪਣੀ ਸੈਨਾਂ ਵਲ ਵੇਖਿਆ ਤੇ ਪੁਛਿਆ ਕਿ ਕੀ ਤੁਹਾਡੇ ਵਿਚੋਂ ਕੋਈ ਆਪਣੇ ਵਿਚ ਐਨਾ ਬਲ ਰਖਦਾ ਹੈ ਜੋ ਇਨ੍ਹਾਂ ਸਿੰਘਾਂ ਵਿਚੋਂ ਕਿਸੇ ਦੇ ਨਾਲ ਘੋਲ ਕਰੇ ? ਇਕ ਪਠਾਣ ਜੋ ਆਪਣੇ ਵਡੇ ਤੇ ਉਚੇ ਕਦ, ਡੀਲ ਡੋਲ, ਰਿਸ਼ਟ ਪੁਸ਼ਟ ਸਰੀਰ ਤੇ ਖ਼ੂਬ ਹਟਾ ਕਟਾ ਹੋਣ ਤੋਂ ਛੁਟ ਬੜਾ ਦਲਾਵਰ ਹੋਣ ਕਰਕੇ ਰੁਸਤਮ ਖਾਂ ਨਾਮ ਨਾਲ ਪੁਕਾਰਿਆ ਜਾਂਦਾ ਸੀ, ਸਾਹਮਣੇ ਆਇਆ, ਬਾਦਸ਼ਾਹ ਨੂੰ ਝੁਕ ਕੇ ਸਲਾਮ ਕੀਤੀ ਤੇ ਕਿਹਾ ਕਿ ਮੇਰੇ ਨਾਲ ਇਨ੍ਹਾਂ ਵਿਚੋਂ ਕਿਸੇ ਸਿੰਘ ਨੂੰ ਜ਼ੋਰ ਅਜ਼ਮਾਈ ਲਈ ਕਢਿਆ ਜਾਏ।

ਇਕ ਸਿੰਘ ਉਠਿਆ ਤੇ ਉਸ ਨੇ ਇਸ ਦੇ ਨਾਲ ਕੁਸ਼ਤੀ ਕਰਨੀ ਪ੍ਰਵਾਨ ਕੀਤੀ।

ਦੋਹਾਂ ਧਿਰਾਂ ਕਪੜੇ ਲਾਹੇ, ਪਟ ਤੇ ਥਾਪੀ ਮਾਰੀ, ਆਪੋ ਵਿਚ ਹੱਥ ਮਿਲਾਏ। ਸਿੰਘ ਨੇ ਸਿੰਘਾਂ ਵਾਲੇ ਹੌਸਲੇ ਨਾਲ ਰੁਸਤਮ ਖਾਂ ਨੂੰ ਕਿਹਾ ਕਿ ਆਪਣੇ ਪੀਰ ਉਸਤਾਦ ਦੇ ਜੋਹਰ ਦਸੇ ਤੇ ਪਹਿਲਵਾਨੀ ਦੇ ਕਰਤਵ ਦਿਖਾਏ। ਸਿੰਘ ਹੁਰੀ ਆਪ ਕੇਵਲ ਉਹਦੇ ਦਾਓ ਬਚਾਣ ਲਗੇ। ਕੁਛ ਚਿਰ ਬਿਲੀ ਤੇ ਚੂਹੇ ਦੇ ਘੋਲ ਵਾਂਗ ਆਪੋ ਵਿਚ ਗੁਥਮ ਗੁਥਾ ਹੁੰਦੇ ਰਹੇ, ਛੇਕੜ ਸਿੰਘ ਨੇ ਇਕ ਹੱਥ ਰੁਸਤਮ ਖਾਂ ਦੇ ਜਾਂਘੀਏ ਵਿਚ ਪਾਇਆ ਤੇ ਦੂਜੇ ਨਾਲ ਲਤੋਂ ਫੜ ਸਿਰੋਂ ਉਚਾ ਲਿਜਾਕੇ ਧਰਤੀ ਤੇ ਚਾਰੇ ਸ਼ਾਨੇ ਚਿਤ ਸਿਟ ਦਿਤਾ ਤੇ ਆਪ ਉਹਦੀ ਛਾਤੀ ਤੇ ਚੜ੍ਹਕੇ ਬੈਠ ਗਿਆ।

ਅਹਿਮਦ ਸ਼ਾਹ ਇਸ ਤਰ੍ਹਾਂ ਅਪਣੇ ਦੁਰਾਨੀ ਜਵਾਨ ਦੀ ਪਿਠ ਲੱਗੀ ਵੇਖ ਹੋਰ ਖਿਝਿਆ ਤੇ ਪਹਿਲੇ ਵਾਂਗ ਇਸ ਸਿੰਘ ਨੂੰ ਵੀ ਮੁਸਲਮਾਨ ਹੋਣ ਲਈ ਕਿਹਾ। ਪਰ ਸਿੰਘ ਕੀ ਆਖ ਤੇ ਧਰਮ ਤਿਆਗਣਾ ਕੀ ਆਖ ! ਕੰਚਨ ਨੂੰ ਛਡ ਕੱਚ ਕੌਣ ਵਿਹਾਜੇ ? ਰਤਨਾਂ ਦਾ ਵਪਾਰੀ ਕੌਡੀਆਂ ਤੇ ਕਿਵੇਂ ਰੀਝੇ ? ਸਿੰਘ ਵਲੋਂ ਉਹ ਹੀ ਜਵਾਬ ਸੀ ਜੋ ਹਮੇਸ਼ਾਂ ਦਸਮ ਪਾਤਸ਼ਾਹ ਦੇ ਪੁੱਤਰ ਦੇਂਦੇ ਆਏ ਤੇ ਹਾਠੂ ਸਿੰਘ ਨੇ ਹੁਣੇ ਇਸੇ ਮੈਦਾਨ ਵਿਚ ਦਿਤਾ ਸੀ। ਸਿਰ ਜਾਏ ਤੇ ਜਾਏ ਮੇਰਾ ਸਿਖੀ ਸਿਦਕ ਨਾ ਜਾਏ।

ਅਹਿਮਦ ਸ਼ਾਹ ਨੇ ਸਿਕਦਾਰੀ, ਜਾਗੀਰਾਂ, ਮਹਿਲ ਮਾੜੀਆਂ, ਇਸਤ੍ਰੀਆਂ ਦੇ ਲਾਲਚ ਦਿਤੇ ਤੇ ਕਿਹਾ ਕਿ ਆਪਣੀ ਸੂਰਮਗਤੀ ਤੇ ਤਰਸ ਕਰਕੇ ਮੌਤ ਨੂੰ ਨਾ ਸੱਦਾ ਦੇਵੋ। ਸਿੰਘ ਦਾ ਕਹਿਣਾ ਸੀ ਕਿ ਜਿਨ੍ਹਾਂ ਚੀਜ਼ਾਂ ਦਾ ਉਹ ਲਾਲਚ ਦੇ ਰਿਹਾ ਹੈ ਉਨ੍ਹਾਂ ਦਾ ਇਹਦੇ ਦਿਲ ਵਿਚ ਕੋਈ ਟਿਕਾਣਾ ਨਹੀਂ, ਉਹ ਇਹਦੇ ਦਿਲ ਨੂੰ ਰਤੀ ਜਿੰਨੀ ਵੀ ਖਿੱਚ ਨਹੀਂ ਪਾ ਸਕਦੀਆਂ। ਉਹ ਉਸ ਸਚਾਈ ਤੇ ਅਪੜਿਆ ਹੋਇਆ ਹੈ ਜਿਹਦਾ ਅਨੁਮਾਨ ਲਾਉਣਾ ਅਹਿਮਦ ਸ਼ਾਹ ਲਈ ਕਠਨ ਹੈ।

'ਅਸੀਂ ਆਦਮੀ ਹਾਂ ਇਕ ਦਮੀ। ਦਮ ਆਇਆ ਤਾਂ ਆਦਮੀ, ਨਹੀਂ ਤਾਂ ਮੁਰਦਾ ਲੋਥ। ਮਰਨਾ ਬਰ ਹੱਕ ਹੈ, ਹਰ ਇਕ ਨੇ ਇਸ ਰਾਹ ਪੈਣਾ ਹੈ, ਵਲੀ, ਪੀਰ ਪੈਗੰਬਰ ਜੋ ਏਥੇ ਆਇਆ ਕੋਈ ਨਾ ਬਚਿਆ, ਸੰਸਾਰਕ ਸੁੱਖ ਤੇ ਮਾਇਆ ਦੇ ਭੋਗ ਚਾਰ ਦਿਨਾਂ ਦੀ ਗੱਲ ਹੈ।

ਉਸ ਜੀਵਨ ਲਈ ਜਿਸਦੀ ਬਾਬਤ ਪਤਾ ਨਹੀਂ ਕਿ ਦੂਜਾ ਸਾਹ ਆਉਣਾ ਵੀ ਹੈ ਕਿ ਨਹੀਂ ਸਦੀਵੀ ਜੀਵਨ ਨੂੰ ਕੌਣ ਛਡੇ, ਤੇ ਸੰਸਾਰ ਦੇ ਇਹ ਸੁੱਖ ਜੋਹੜੇ ਕਿ ਦੁੱਖ ਰੂਪ ਹੋ ਜਾਂਦੇ ਹਨ ਦੇ ਬਦਲੇ ਵਿਚ ਅਮਰੀ ਸੁੱਖ ਨੂੰ ਕੌਣ ਤਿਆਗੇ ?''

ਅਹਿਮਦ ਸ਼ਾਹ ਦੇ ਇਸ਼ਾਰੇ ਨਾਲ ਇਸ ਸਿੰਘ ਨੂੰ ਵੀ ਉਸੇ ਰਸਤੇ ਪਾ ਦਿਤਾ ਗਿਆ ਜਿਸ ਤੇ ਹਾਠੂ ਸਿੰਘ ਜੀ ਗਏ ਸਨ। ਸਿੰਘ ਜੀ ਨੇ ਖਿੜੇ ਮਥੇ ਮੌਤ ਨੂੰ ਸਤਕਾਰਿਆ ਤੇ ਗੁਰ ਚਰਨਾਂ ਵਿਚ ਨਿਮਗਨ ਹੋ ਗਏ। ਇਕ ਉਚੀ ਆਵਾਜ਼ ਆਈ ਜਿਸਦੇ ਨਾਲ ਮੈਦਾਨ ਗੂੰਜ ਉਠਿਆ। ਇਸ ਆਵਾਜ਼ ਦਾ ਭਾਵ ਇਹ ਸੀ ਕਿ :

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ।।

★ ★ ★

ਜ਼ਮ ਜ਼ਮਾ –ਭੰਗੀਆਂ ਦੀ ਤੋਪ

ਭੰਗੀਆਂ ਦੀ ਮਿਸਲ ਵਿਚ ਸਰਦਾਰ ਝੰਡਾ ਸਿੰਘ ਬੜਾ ਸੂਰਮਾਂ, ਪ੍ਰਾਕਰਮੀ, ਪਰਤਾਪਵਾਨ ਤੇ ਤੇਜਸਵੀ ਯੋਧਾ ਸੀ। ਆਪਣੇ ਪਿਤਾ ਹਰੀ ਸਿੰਘ ਦੀ ਥਾਂ ਇਸਨੂੰ ਜਥੇਦਾਰੀ ਮਿਲੀ। ਇਹਦੇ ਸਮੇਂ ਵਿਚ ਇਸ ਮਿਸਲ ਨੇ ਖੜੀਆਂ ਮੱਲਾਂ ਮਾਰੀਆਂ। ਮੁਲਤਾਨ ਡੇਰਾ ਜਾਤ ਤੇ ਦੂਜੇ ਪਾਸੇ ਜੰਮੂ ਤੇ ਜਮਨਾਂ ਤਕ ਦਾ ਇਲਾਕਾ ਇਨਾਂ ਦੇ ਘੋੜਿਆਂ ਨੇ ਟਾਪਾਂ ਨਾਲ ਗਾਹਿਆ।

ਗੁਜਰਾਂ ਵਾਲੇ ਦੇ ਜ਼ਿਲੇ ਵਿਚ ਚੱਠੇ ਇਕ ਬੜੀ ਸਖਤ ਕੌਮ ਸੀ। ਰਾਮਗੜ੍ਹ ਇਨਾਂ ਨੇ ਆਪਣੀ ਰਾਜਧਾਨੀ ਬਣਾ ਕੇ ਦੂਰ ਨੇੜੇ ਦੇ ਇਲਾਕੇ ਵਿਚ ਲੁੱਟ ਮਾਰ ਸ਼ੁਰੂ ਕਰ ਰਖੀ ਸੀ। ਸਿੰਘਾਂ ਨਾਲ ਵੀ ਇਨਾਂ ਦੇ ਟਾਕਰੇ ਹੋ ਜਾਂਦੇ ਸਨ, ਜਿਨਾਂ ਵਿਚ ਕਦੇ ਇਕ ਧਿਰ ਉੱਚੀ ਹੋ ਜਾਂਦੀ ਸੀ ਤੇ ਕਦੇ ਦੂਜੀ। ਝੰਡਾ ਸਿੰਘ ਦਾ ਐਸ਼ਵਰਯ ਤੇ ਪ੍ਰਤਾਪ ਵਧਦਾ ਵੇਖਕੇ ਚੱਠਾ ਚਮਕੇ। ਸਰਦਾਰ ਨੇ ਇਨਾਂ ਨੂੰ ਆਪਣੀ ਥਾ ਤੇ ਸ਼ਾਂਤ ਰਹਿਣ ਦੀ ਸਲਾਹ ਦਿਤੀ, ਪ੍ਰੰਤੂ ਜਦ ਕਿਸੇ ਦੇ ਦਿਨ ਪੁਠੇ ਆ ਜਾਣ ਤਦ ਕੁਦਰਤ ਡਾਂਗ ਫੜਕੇ ਉਹਦੇ ਸਿਰ ਵਿਚ ਨਹੀਂ ਮਾਰਦੀ ਤੇ ਨਾ ਹੀ ਜਿਸਦੇ ਭਾਗ ਸਵੱਲੇ ਹੋਣ ਉਹਨੂੰ ਛਤ ਪਾੜਕੇ ਕੁਛ ਦੇ ਜਾਂਦੀ ਹੈ। ਮੰਦੇ ਤੇ ਚੰਗੇ ਸਮੇਂ ਵੇਲੇ ਮਨੁੱਖ ਦੀ ਬੁਧੀ ਹੀ ਅਜਹੀ ਬਦਲ ਜਾਂਦੀ ਹੈ ਕਿ ਓਹ ਤਮਾਮ ਕੰਮ ਹੀ ਉਜਹੇ ਕਰਦਾ ਹੈ ਜਿਸ ਤੋਂ ਉਸਨੂੰ ਡੰਡ ਸਜ਼ਾ, ਜਾਂ ਲਾਭ ਤੇ ਸੁਖ ਪ੍ਰਾਪਤ ਹੋਵੇ।

ਚੱਠਿਆਂ ਨੂੰ ਆਪਣੀ ਬਹੁਗਿਣਤੀ ਤੇ ਮਾਣ ਸੀ ਤੇ ਤੋਪਾਂ ਤੇ ਤੀਰਾਂ ਦੇ ਬਲ ਨੇ ਉਨਾਂ ਦੇ ਦਿਮਾਗ਼ ਆਕਾਸ਼ ਤੇ ਚੜ੍ਹਾ ਰਖੇ ਸਨ। ਉਹ ਸਰਦਾਰ ਝੰਡਾ ਸਿੰਘ ਦੀ ਗੱਲ ਨੂੰ ਕਦ ਸੁਣਦੇ ਸੀ ? ਜੰਗ ਦਾ ਅਲਟੀਮੇਟਮ ਦੇ ਦਿਤਾ। ਸਰਦਾਰ ਝੰਡਾ ਸਿੰਘ ਨੇ ਇਸ ਨਿਮੰਤਰਨ ਨੂੰ ਪ੍ਰਵਾਨ ਕਰ ਲਿਆ। ਆਪਣੇ ਸਾਥੀਆਂ ਨੂੰ ਨਾਲ ਲੈਕੇ ਚੱਠਿਆਂ ਦੇ ਕੂਚ ਕਰਨ ਤੋਂ ਪਹਿਲਾਂ ਹੀ ਰਾਮ ਨਗਰ ਦੇ ਲਾਗੇ ਜਾ ਡੇਰੇ ਲਾਏ, ਚੱਠੇ ਤਾਂ ਅੱਗੇ ਤਯਾਰ ਹੀ ਸਨ। ਜੋ ਪਗ ਬੰਨ੍ਹ ਨਾਮ ਦਾ ਚੱਠਾ ਸੀ, ਰਾਮ ਨਗਰ ਪੁਜ ਗਿਆ। ਆਪਣੇ ਵੈਰ ਵਿਰੋਧ ਭੁਲਾਕੇ ਸਾਰੇ ਆ ਗਏ, ਚੱਠਿਆਂ ਦੇ ਇਕ ਆਸ਼ੇ ਲਈ ਇਕ ਝੰਡੇ ਹੇਠ ਵੈਰ ਵਿਰੋਧ ਭੁਲਾਕੇ ਇਸ ਮੈਦਾਨ ਵਿਚ ਆ ਜੁੜਨ ਦੇ ਏਕੇ ਨੂੰ ਵੇਖਕੇ ਲੋਕੀ ਦੰਗ ਰਹਿ ਗਏ।*

ਸਭ ਤੋਂ ਅੱਗੇ ਚੱਠਿਆਂ ਨੇ 'ਜ਼ਮ ਜ਼ਮਾਂ'** ਤੋਪ ਬੀੜੀ, ਉਸਦੇ ਨਾਲ ਸੱਜੇ ਖਬੇ ਹੋਰ ਤੋਪ ਰੱਖੀਆਂ, ਇਨਾਂ ਦੇ ਪਿਛੇ ਬੰਦੂਕਚੀ ਸਨ, ਫਿਰ ਤਲਵਾਰੀਏ, ਤੀਰ ਅੰਦਾਜ਼ ਇਨ੍ਹਾਂ ਤੋਂ ਪਿਛੇ ਘੁੜ ਸਵਾਰ ਸਨ। ਸਿੱਖਾਂ ਦੇ ਪਾਸ ਤੋਪਾਂ ਨਹੀਂ ਸਨ। ਇਨਾਂ ਪਾਸ ਬੰਦੂਕਾਂ ਤੇ ਤੀਰ ਸਨ ਤੇ ਖਾਲਸੇ ਦਾ ਮਖ਼ਸੂਸ ਹਥਿਆਰ ਤਲਵਾਰ ਸੀ, ਜਿਸ ਪੁਰ ਖਾਲਸੇ ਨੇ ਵਾਹਿਗੁਰੂ ਤੇ ਗੁਰੂ ਤੋਂ ਪਿਛੇ ਸਦੀਵ ਭਰੋਸਾ ਰਖਿਆ ਹੈ।

☆ ☆ ☆

---

* ਚੱਠੇ, ਖਾਣ ਪੀਣ ਨੂੰ ਵਖੋ ਵਖ ਤੇ ਲੜਨ ਭਿੜਨ ਨੂੰ ਕੱਠੇ, ਦੀ ਕਹਾਵਤ ਇਸੇ ਜੰਗ ਸਮੇਂ ਬਣੀ ਜਾਪਦੀ ਹੈ। --ਲੇਖਕ

** ਅਹਿਮਦ ਸ਼ਾਹ ਨੇ ਹਿੰਦੂਆਂ ਦੇ ਘਰਾਂ ਤੇ ਪਿੱਤਲ ਦੇ ਬਰਤਨ ਲੁਟ ਕੇ ਲਾਹੌਰ ਦੇ ਮਸ਼ਹੂਰ ਕਾਰੀਗਰ ਸ਼ਾਹ ਨਜ਼ੀਰ ਪਾਸੋਂ ੧੭੫੭ ਵਿੱਚ ਇਹ ਤੋਪ ਬਣਵਾਈ ਸੀ। ਇਹ ਸਾਢੇ ਚੌਧਾਂ ਫ਼ੁੱਟ ਲੰਬੀ ਤੇ ਇਹਦਾ ਮੂੰਹ ਸਾਢੇ ਨੌ ਇੰਚ ਹੈ। ਇਹ ਤੋਪ ਅਜਕਲ ਲਾਹੌਰ ਪੰਜਾਬ ਯੂਨੀਵਰਸਿਟੀ ਦੀ ਇਮਾਰਤ ਦੇ ਲਾਗੇ ਅਜਾਇਬ ਘਰ ਦੇ ਸਾਮ੍ਹਣੇ ਰੱਖੀ ਹੋਈ ਹੈ।— ਲੇਖਕ

ਪੰਥ ਪ੍ਰਕਾਸ਼ ਵਿਚੋਂ

ਸਿੰਘਾਂ ਦੇ ਸਾਕੇ ਪੜ੍ਹਦਿਆਂ ਛਾਤੀ ਧੜਕਦੀ ਤੇ ਕਲੇਜਾ ਮੂੰਹ ਨੂੰ ਆਉਂਦਾ ਹੈ, ਜਿਨ੍ਹਾਂ ਮੁਸ਼ਕਲਾਂ, ਮੁਸੀਬਤਾਂ, ਦੁਖਾਂ ਤੇ ਕਲੇਸ਼ਾਂ ਵਿਚ ਇਨ੍ਹਾਂ ਦਿਨ ਕੱਟੇ ਪਰ ਡੋਲੇ ਨਹੀਂ, ਧਰ ਪਏ ਪਰ ਧਰਮ ਨਹੀਂ ਹਾਰਿਆ, ਸਿਖੀ ਵਿਚ ਅਹਿਲ ਰਹੇ ਤੇ ਸਚਾਈ ਨੂੰ ਹਥੋਂ ਨਹੀਂ ਛਡਿਆ ਉਨਾਂ ਦਾ ਟਾਕਰਾ ਸੰਸਾਰ ਭਰ ਦੇ ਇਤਿਹਾਸ ਵਿਚੋਂ ਕਿਤੇ ਨਹੀਂ ਮਿਲਦਾ।

ਭਾਈ ਰਤਨ ਸਿੰਘ ਜੀ ਭੰਗੂ ਨੇ ਪੰਥ ਪ੍ਰਕਾਸ਼ ਵਿਚ ਇਕ ਸਿੰਘ ਤੋਂ ਹਡ ਬੀਤੀ ਸੁਣੀ ਲਿਖੀ ਹੈ। ਉਹ ਦੱਸਦੇ ਹਨ ਕਿ ਸਿਖਾਂ ਦੇ ਸਿਰਾਂ ਦੇ ਇਨਾਮ ਜਿਨੀਂ ਦਿਨੀਂ ਨੀਯਤ ਸਨ ਤੇ ਹਿੰਦੂ ਮੁਸਲਮਾਨ ਇਨਾਂ ਦੇ ਵੈਰੀ ਹੋ ਰਹੇ ਸਨ, ਸਿੰਘ ਪਹਾੜਾਂ, ਝਾਂੜਾਂ ਤੇ ਜੰਗਲਾਂ ਵਿਚ ਛਿਪ ਲੁਕ ਕੇ ਗੁਜ਼ਾਰਾ ਕਰਦੇ ਸਨ, ਉਨੀਂ ਦਿਨੀਂ ਇਕ ਬਘਿਆੜ ਦੀ ਗ਼ਾਰ ਸਿੰਘਾਂ ਦੇ ਹੱਥ ਆ ਗਈ। ਇਨ੍ਹਾਂ ਨੇ ਬਘਿਆੜ ਨੂੰ ਨਸਾਕੇ ਆਪ ਉਸ ਵਿਚ ਡੇਰੇ ਲਾ ਦਿਤੇ। ਕਿਸੇ ਮੁਖਬਰ ਦੇ ਖਬਰ ਦੇਣ ਤੇ ਇਕ ਫੌਜੀ ਦਸਤਾ ਰਾਤ ਦੇ ਵੇਲੇ ਗ਼ਾਰ ਦੇ ਲਾਗੇ ਪੁੱਜਾ।

ਗ਼ਾਰ ਦੇ ਵਿਚ ਵੜਨ ਦਾ ਕਿਸੇ ਨੂੰ ਹੀਆ ਨਾ ਪਿਆ, ਬਾਹਰ ਲੁਕ ਕੇ ਬੈਠ ਗਏ ਕਿ ਜਿਸ ਵੇਲੇ ਕੋਈ ਸਿੰਘ ਬਾਹਰ ਨਿਕਲਿਆ ਗੋਲੀ ਨਾਲ ਨਿਸ਼ਾਨਾ ਬਣਾ ਦਿਆਂਗੇ।

ਉਨ੍ਹੀ ਦਿਨੀ ਸਿੰਘ ਰਾਤ ਨੂੰ ਛਿਪ ਲੁਕ ਕੇ ਪਿੰਡਾਂ ਵਿਚ ਆਉਂਦੇ, ਖਾਣਾ ਦਾਣਾ ਜੋ ਕੁਛ ਮਿਲਦਾ ਤੇ ਸਾਗ ਪਤ੍ਰ ਜੋ ਕੁਛ ਹੱਥ ਆਉਂਦਾ ਲੈ ਕੇ ਦਿਨ ਨਿਕਲਨ ਤੋਂ ਪਹਿਲਾਂ

ਗ਼ਾਰਾਂ ਤੇ ਝਾੜਾਂ ਵਿਚ ਲੁਕ ਜਾਂਦੇ ਸੀ।

ਫੌਜੀ ਦਸਤਾ ਤਾਕ ਵਿਚ ਬੈਠਾ ਸੀ, ਇਸ ਗ਼ਾਰ ਦੀ ਵੇਖ ਰੇਖ ਕਰ ਰਿਹਾ ਸੀ, ਇਨੇ ਚਿਰ ਨੂੰ ਪਹੁ ਫੁਟਾਲਾ ਹੋ ਆਇਆ, ਤਿੰਨ ਸਿੰਘ ਬਾਹਰੋਂ ਆਏ।

ਫੌਜੀਆਂ ਨੇ ਇਹ ਸਿੰਘ ਸਾਹਮਣੇ ਆਉਂਦੇ ਡਿੱਠੇ, ਤੇੜ ਕਛਹਿਰੇ, ਗਲ ਗਾਤੀਆਂ ਸਿਰ ਤੇ ਖੱਦਰ ਦੇ ਦਮਤਾਰੇ ਤੇ ਮੋਢੇ ਤੇ ਸਲੋਤਰ ਰਖੇ ਹੋਏ ਸਨ। ਫੌਜੀ ਦਸਤਾ ਇਸ ਉਡੀਕ ਵਿਚ ਬੈਠਾ ਸੀ ਕਿ ਕੋਈ ਸਿੰਘ ਬਾਹਰ ਨਿਕਲਿਆ ਤਾਂ ਉਹ ਨੂੰ ਨਿਸ਼ਾਨਾ ਬਣਾਵਾਂਗੇ, ਪਰੰਤੂ ਜਿਸ ਵੇਲੇ ਤਿੰਨ ਸਿੰਘ ਸਾਹਮਣੇ ਆਉਂਦੇ ਵੇਖੇ ਤਦ ਸਾਰਿਆਂ ਨੂੰ ਹਥਾਂ ਪੈਰਾਂ ਦੀ ਪੈ ਗਈ। ਬੰਦੂਕਾਂ ਭਰੀਆਂ ਤੇ ਦਿਲਾਂ ਦੇ ਮਨਸੂਬੇ ਦਿਲਾਂ ਵਿਚ ਹੀ ਰਹਿ ਗਏ।

ਭੰਗੂ ਜੀ ਦੱਸਦੇ ਹਨ ਕਿ ਇਨਾਂ ਤਿੰਨਾਂ ਸਿੰਘਾਂ ਵਿਚ ਇਕ ਰਾਮ ਸਿੰਘ ਲੰਬੇ ਹੇਹਰਾਂ ਦਾ, ਦੂਜਾ ਸੁਲੱਖਣ ਸਿੰਘ ਗਿੱਲ ਤੇ ਤੀਜਾ ਇਨਾਂ ਦਾ ਤਾਇਆ ਲੱਧਾ ਸਿੰਘ ਸੀ। ਜਿਸ ਵੇਲੇ ਇਹ ਸਿੰਘ ਗ਼ਾਰ ਵਿਚ ਉਤਰ ਗਏ, ਤਦ ਤੁਰਕਾਨੀ ਫੌਜ ਦੇ ਦਸਤੇ ਦੀ ਜਾਨ ਵਿਚ ਜਾਨ ਆਈ ਤੇ ਗ਼ਾਰ ਵਿਚ ਹੀ ਉਨਾਂ ਦੇ ਮਾਰਨ ਦੀ ਵਿਉਂਤ ਸੋਚਕੇ ਅਗੇ ਆਏ। ਸਿੰਘਾਂ ਨੂੰ ਵੀ ਇਨਾਂ ਦੇ ਆਉਣ ਦਾ ਪਤਾ ਲਗ ਗਿਆ ਸੀ, ਉਹ ਵੀ ਤਿਆਰ ਹੋ ਬੈਠੇ। ਫੌਜੀ ਦਸਤੇ ਦੇ ਅਫਸਰ ਨੇ ਸਪਾਹੀਆਂ ਨੂੰ ਹੌਸਲਾ ਬਨ੍ਹਾਇਆ, ਇਨਾਮ ਇਕਰਾਮ ਦਾ ਲਾਲਚ ਦਿਤਾ ਤੇ ਫਿਟਕਾਰਾਂ ਪਾਈਆਂ ਪਰ ਫਿਰ ਵੀ ਗਾਰ ਵਿਚ ਵੜਨ ਲਈ ਕੋਈ ਤਿਆਰ ਨਾ ਹੋਇਆ। ਛੇਕੜ ਇਨਾਂ ਇਹ ਸੋਚੀ ਕਿ ਬੰਦੂਕਾਂ ਜੋੜਕੇ ਗ਼ਾਰ ਦੇ ਵਿਚ ਚਲਾਈਆਂ ਜਾਣ, ਜੇ ਸਿੰਘ ਗੋਲੀ ਦਾ ਨਿਸ਼ਾਨਾ ਬਣ ਗਏ ਤਦ ਮਾਰੇ ਜਾਣਗੇ ਜੇ ਨਿਸ਼ਾਨਾ ਨਾਂ ਲਗਾ ਤਦ ਧੂੰਏਂ ਨਾਲ ਘਾਬਰਕੇ ਮਰ ਜਾਣਗੇ। ਹੁਣ ਲਗੇ ਫਾਇਰਾਂ ਤੇ ਫਾਇਰ ਹੋਣ, ਸਿੰਘ ਨਸ਼ਾਨਾ ਹੋਣ ਤੋਂ ਬਚ ਰਹੇ ਪਰੰਤੂ :

ਧੂੰਓ ਧਾਰ ਤਹਿ ਭਯੋ ਘਨੇਰੋ।।
ਹੀਓ ਹੁਟਯੋ ਬੌ ਭਯੋ ਅੰਧੇਰੋ।। *

ਸਿੰਘਾਂ ਪਾਸ ਜੇਹੜੇ ਕਪੜੇ ਸਨ ਓਹ ਗ਼ਾਰ ਦੀ ਰਾਹ ਵਿਚ ਰਖ ਦਿਤੇ ਤਾਂ ਜੋ ਬੰਦੂਕਾਂ ਦਾ ਧੂੰਆਂ ਉਨਾਂ ਤਕ ਨਾਂ ਪੁਜ ਸਕੇ।

---

* ਪ੍ਰਾਚੀਨ ਪੰਥ ਪ੍ਰਕਾਸ਼, ੧੯੯੩, ਪੰਨਾ ੨੬੨ – ਸੰਪਾ.

ਜਦ ਸ਼ਾਹੀ ਫੌਜ ਨੂੰ ਇਸ ਤਰਾਂ ਵੀ ਕਾਮਯਾਬੀ ਨਾ ਹੋਈ ਤਦ ਪਿੰਡ ਦੇ ਲੋਕ ਫੜ ਆਂਦੇ ਤੇ ਕਹੀਆਂ ਨਾਲ ਗ਼ਾਰ ਪੁਟਾਣੀ ਸ਼ੁਰੂ ਕੀਤੀ। ਰੱਬ ਦੇ ਰੰਗ, ਕੁਛ ਕੁ ਕਹੀਆਂ ਦੇ ਦਸਤੇ ਟੁਟ ਗਏ, ਖੁਦਾਈ ਬੰਦ ਕਰਨੀ ਪਈ ਤੇ ਆਦਮੀ ਕਹੀਆਂ ਨੂੰ ਲਕੜਾਂ ਪੁਆਣ ਵਾਸਤੇ ਤਰਖਾਣਾਂ ਪਾਸ ਗਏ। ਇੰਨੇ ਨੂੰ ਰਾਤ ਸਿਰ ਤੇ ਆ ਗਈ। ਫੌਜੀ ਦਸਤੇ ਨੂੰ ਕਿਸੇ ਖਬਰ ਦਿੱਤੀ ਕਿ ਰਾਤ ਨੂੰ ਸਿੰਘ ਬਾਹਰੋਂ ਤੁਹਾਡੇ ਤੇ ਆ ਪੈਣਗੇ, ਇਸ ਕਰਕੇ ਦਸਤੇ ਵਾਸਤੇ ਰਾਤ ਗ਼ਾਰ 'ਤੇ ਰਹਿਣਾ ਖ਼ਤਰੇ ਦਾ ਕਾਰਨ ਹੋਵੇਗਾ। ਫੌਜੀ ਅਫਸਰ ਨੇ ਲਕੜਾਂ ਮੰਗਵਾਕੇ ਗ਼ਾਹ ਦੇ ਵਿਚ ਰਖ ਉਨਾਂ ਨੂੰ ਅੱਗ ਲਾ ਦਿਤੀ। ਇਸ ਅੱਗ ਨਾਲ ਸਿੰਘਾਂ ਦੇ ਧੂੰਏਂ ਦਾ ਰਾਹ ਰੋਕਣ ਲਈ ਰਖੇ ਕਪੜੇ ਸੜ ਗਏ, ਸਿੰਘਾਂ ਨੇ ਗਿਲੀ ਮਿਟੀ ਦਿੱਤੀ। ਹਨੇਰਾ ਹੋ ਜਾਣ ਤੇ ਫੌਜੀ ਦਸਤਾ ਡਰਦਾ ਆਪ ਲਾਗੇ ਦੇ ਪਿੰਡ ਚਲਾ ਗਿਆ। ਲਾਗ-ਲਾਗ ਦੇ ਟਿਕਾਣਿਆਂ ਵਿਚ ਕਿਤੇ ਲੁਕੇ ਸਿੰਘਾਂ ਤਕ ਕਿਸੇ ਤਰਾਂ ਖਬਰ ਪੁੱਜ ਗਈ ਸੀ, ਚਾਰੇ ਪਾਸਿਆਂ ਤੋਂ ਉਹ ਆ ਗਏ ਤੇ ਉਹਨਾਂ ਨੇ ਅਗਨੀ ਬੁਝਾ ਕੇ ਤਿੰਨਾਂ ਸਿੰਘਾਂ ਨੂੰ ਗ਼ਾਰ ਵਿਚੋਂ ਕਢ ਲਿਆ। ਭਾਈ ਰਤਨ ਸਿੰਘ ਜੀ ਲਿਖਦੇ ਹਨ ਕਿ :

ਐਸੋ ਐਸੋ ਦੁਖ ਸਹੈ ਤੌ ਛਡੈ ਸੋ ਦਾਈਏ ਨਾਂਹਿ।
ਖਤ੍ਰੀ, ਤ੍ਰਖਾਣ, ਕਲਾਲ, ਜਟ ਮਿਲੀ ਪਾਤਸ਼ਾਹੀ ਤਾਂਹਿ। *

☆ ☆ ☆

---

* ਪ੍ਰਾਚੀਨ ਪੰਥ ਪ੍ਰਕਾਸ਼, ੧੯੯੩, ਪੰਨਾ ੨੬੨ – ਸੰਪਾ.

ਫਤਹਿ ਖਾਂ ਤੇ ਦੋਸਤ ਮੁਹੰਮਦ ਖਾਂ ਦੀ ਭਾਂਜ

ਅਤਾ ਮੁਹੰਮਦ ਖਾਂ ਕਸ਼ਮੀਰ ਦਾ ਹਾਕਮ ਕਾਬਲੀਆ ਤੋਂ ਆਕੀ ਹੋ ਬੈਠਾ। ਇਸਨੂੰ ਦਬਾਣ ਦੇ ਕਈ ਉਪਰਾਲੇ ਹੋਏ, ਪਰ ਇਹ ਵੀ ਪਠਾਣ ਸੀ ਤੇ ਇਸ ਦੀਆਂ ਰਗਾਂ ਵਿਚ ਵੀ ਓਹ ਹੀ ਖੂਨ ਜੋਸ਼ ਮਾਰਦਾ ਸੀ ਜੋ ਕਿਸੇ ਹੋਰ ਸ੍ਵੈ ਅਭਿਮਾਨੀ ਪਠਾਣ ਦੇ ਅੰਦਰ ਦੌੜਦਾ ਹੈ। ਇਸਨੇ ਹਰ ਜੰਗ ਵਿਚ ਸਿਰਧੜ ਦੀ ਬਾਜ਼ੀ ਲਾ ਦਿੱਤੀ। ਆਪਣੀ ਸਿਪਾਹ ਨੂੰ ਹਰ ਸੰਭਵ ਤਰੀਕੇ ਨਾਲ ਜੋਸ਼ ਦਵਾਇਆ ਤੇ ਹਰ ਮੈਦਾਨ ਵਿਚ ਆਪ ਅਗੇ ਹੋਕੇ ਲੜਿਆ ਜਿਸ ਤੋਂ ਸ਼ਾਹ ਸ਼ੁਜਆ ਤੇ ਹੋਰ ਅਫ਼ਗਾਨ ਹਾਕਮ ਹਮੇਸ਼ਾਂ ਇਸ ਤੋਂ ਮੂੰਹ ਦੀ ਖਾ ਕੇ ਵਾਪਸ ਚਲੇ ਗਏ।

ਕਾਬਲ ਤੇ ਕੰਧਾਰ ਦੀ ਹਰ ਛਿਮਾਹੀ ਪਿਛੋਂ ਬਦਲਨ ਵਾਲੀ ਕਿਸਮਤ ਨੇ ਇਕ ਹੋਰ ਪਲਟਾ ਖਾਧਾ ਤੇ ਇਸ ਦੇਸ਼ ਦੇ ਤਖ਼ਤ ਤੇ ਫਤਹ ਖਾਂ ਬਾਰਕਜ਼ੇਈ ਨੂੰ ਕਿਸਮਤ ਨੇ ਲਿਆ ਬਿਠਾਇਆ।

ਆਪਣੇ ਪਹਿਲੇ ਹਾਕਮਾਂ ਵਾਂਗ ਫਤਹ ਖਾਂ ਦੀ ਪਹਿਲੀ ਨਜ਼ਰ ਵੀ ਅਤਾ ਮੁਹੰਮਦ ਖਾਂ ਵੱਲ ਗਈ ਪਰ ਉਹ ਆਪਣੇ ਪੇਸ਼ਰਵਾਂ ਦੇ ਨਾਕਾਮਯਾਬ ਹੱਲੇ, ਕਸ਼ਮੀਰ ਤੇ ਹੋਈਆਂ ਚੜ੍ਹਾਈਆਂ ਤੋਂ ਹੋਇਆ ਜਾਨ ਮਾਲ ਦਾ ਨੁਕਸਾਨ ਤੇ ਅਤਾ ਮੁਹੰਮਦ ਖਾਂ ਦੀ ਸੂਰਮਤਾ ਦਾ ਚੰਗੀ ਤਰਾਂ ਜਾਣੂ ਸੀ। ਆਪਣੇ ਬਾਹੂ ਬਲ, ਆਪਣੇ ਖਜ਼ਾਨੇ ਤੇ ਆਪਣੇ ਲਾਓ

ਲਸ਼ਕਰ ਨੂੰ ਇਕ ਪਾਸੇ ਤੇ ਅਤਾ ਮੁਹੰਮਦ ਖਾਂ ਦੇ ਲੜਾਈ ਵਸੀਲਿਆਂ ਨੂੰ ਜਦ ਦੂਜੇ ਪਾਸੇ ਰਖਦਾ ਤਦ ਉਹਦਾ ਦਿਲ ਧੜਕਨ ਲੱਗ ਜਾਂਦਾ ਸੀ। ਹਿੰਮਤ ਦੀ ਕਮਰ ਟੁਟਦੀ ਤੇ ਹੌਸਲਾ ਤੇ ਧੀਰਜ ਸਾਥ ਛਡ ਜਾਂਦੇ ਸਨ। ਪ੍ਰੰਤੂ ਉਹਦੇ ਅੰਦਰ ਇਕ ਅਗਨੀ ਜਲ ਰਹੀ ਸੀ ਜੋ ਉਸਨੂੰ ਕਿਸੇ ਪਲ ਚੈਨ ਨਾਲ ਨਹੀਂ ਬੈਠਣ ਦੇਂਦੀ ਸੀ। ਉਸਨੇ ਸੋਚ ਵਿਚਾਰ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲ ਖਿਆਲ ਕੀਤਾ ਤੇ ਇਨਾਂ ਦੀ ਸਹਾਇਤਾ ਵਿਚ ਕਾਮਯਾਬੀ ਦਿਸੀ। ''ਇਹ ਮਤਲਬ ਹਾਸਲ ਕਰਨ ਵਾਸਤੇ ਉਸਨੇ (ਮਹਾਰਾਜਾ) ਰਣਜੀਤ ਸਿੰਘ ਨਾਲ ਜੋ ਹੁਣ ਪੰਜਾਬ ਦਾ ਰਾਜਾ ਮੰਨਿਆ ਜਾਂਦਾ ਸੀ ਮਿਲਾਪ ਕਰ ਲਿਆ। ਉਪ੍ਰੋਕਤ ਰਾਜਾ ਨੇ ਇਸ ਇਕਰਾਰ ਤੇ ਕਿ ਕਸ਼ਮੀਰ ਤੋਂ ਵਸੂਲ ਕੀਤੇ ਮਾਲੀਏ ਵਿਚ ੯ ਲੱਖ ਰੁਪਯਾ ਫੌਜੀ ਖਰਚ ਵਜੋਂ ਇਸ ਨੂੰ ਦਿੱਤਾ ਜਾਏਗਾ, ਦਸ ਹਜ਼ਾਰ ਜਵਾਨ ਇਸਦੀ ਸਹਾਇਤਾ ਲਈ ਭੇਜੇ ਤਾਂ ਜੋ ਇਹ ਇਲਾਕਾ ਇਨਾਂ ਨੂੰ ਵਾਪਸ ਦਿਲਾਣ।'' ☆

ਖਾਲਸੇਈ ਸੈਨਾਂ ਨੇ ਬੜੀ ਸਜ ਧਜ ਨਾਲ ਕੂਚ ਕੀਤਾ। ਭਿੰਬਰ ਦੇ ਰਾਹ ਕਸ਼ਮੀਰ ਦੇ ਇਲਾਕੇ ਵਿਚ ਦਾਖਲ ਹੋਈ। ਫਤਹ ਖਾਂ ਤੇ ਉਹਦੀ ਸੈਨਾਂ ਵੀ ਸਾਥ ਸੀ। ਸਿੱਖ ਸੈਨਾਂ ਦਾ ਅਤਾ ਮੁਹੰਮਦ ਖਾਂ ਤੇ ਕੁਛ ਅਜਿਹਾ ਰੁਅਬ ਬੈਠ ਗਿਆ ਕਿ ਇਸ ਫੌਜ ਦੇ ਸ੍ਰੀ ਨਗਰ ਪੁੱਜਣ ਤੇ ਵੀ ਉਹ ਮੁਕਾਬਲੇ ਵਾਸਤੇ ਨਹੀਂ ਆਇਆ। ਸ੍ਰੀ ਨਗਰ ਦੇ ਵਿਚ ਜੇਹੜੀ ਫੌਜ ਸੀ ਉਹ ਸਿੱਖਾਂ ਦੀ ਅਵਾਈ ਸੁਣਕੇ ਪਹਿਲਾਂ ਹੀ ਕਿਲੇ ਵਿਚ ਜਾ ਵੜੀ ਪਰ ੧੩ ਦਿਨਾਂ ਤੋਂ ਵਧੀਕ ਸਮਾਂ ਇਹ ਅੰਦਰ ਵੀ ਨਾ ਬੈਠ ਸਕੀ।

ਅਤਾ ਮੁਹੰਮਦ ਖਾਂ ਬੜਾ ਚੁਸਤ ਤੇ ਚਾਲਾਕ ਗਵਰਨਰ ਸੀ। ਸਿਖਾਂ ਦੇ ਨਾਲ ਜੰਗ ਵਿਚ ਉਹਨੂੰ ਹਾਨੀ ਹੀ ਹਾਨੀ ਦਿਸੀ ਤੇ ਚੁਪ ਚਾਪ ਫਤਹ ਮੁਹੰਮਦ ਖਾਂ ਨਾਲ ਸਮਝੌਤੇ ਦੀ ਗੱਲ ਬਾਤ ਛੇੜੀ। ਇਨਾਂ ਦਾ ਆਪੋ ਵਿਚ ਸਮਝੌਤਾ ਹੋ ਗਿਆ। ਬਾਰਕਜ਼ੇਈਆਂ ਨੇ ਅਤਾ ਮੁਹੰਮਦ ਖਾਂ ਨਾਲ ਸੁਲਹ ਕਰ ਲਈ ਤੇ ਫਤਹ ਖਾਂ ਦਾ ਭਰਾ ਮੁਹੰਮਦ ਅਜ਼ੀਮ ਖਾਂ ਜੰਮੂ ਦਾ ਗਵਰਨਰ ਬਣਿਆ। ਫਤਹ ਖਾਂ ਦੀਆਂ ਹੁਣ ਅੱਖਾਂ ਬਦਲ ਗਈਆਂ ਅਤੇ ਉਸਨੇ ਮਹਾਰਾਜਾ ਰਣਜੀਤ ਸਿੰਘ ਨੂੰ ੯ ਲੱਖ ਰੁਪਯਾ ਦੇਣੋਂ ਨਾਂਹ ਕਰ ਦਿੱਤੀ।

☆ ☆ ☆

---

* ਕਰਨਲ ਬੀ.ਜੀ. ਮੇਲਸਨ, ਤਾਰੀਖ਼ ਅਫ਼ਗਾਨਿਸਤਾਨ। –ਲੇਖਕ

ਫਤਹਿ ਖਾਂ ਦੀ ਗ਼ਦਾਰੀ

ਫਤਹ ਖਾਂ ਬੜਾ ਚਤੁਰ ਆਦਮੀ ਸੀ। 'ਦੌਲਤੇ—ਦੁਰਾਨੀਆਂ' ਦਾ ਮੁਸਲਮਾਨ ਲੇਖਕ ਲਿਖਦਾ ਹੈ ਕਿ ''ਫਤਹ ਖਾਂ ਨੇ ਮਕਰ ਤੇ ਫਰੇਬ ਨਾਲ ਸੁਲਤਾਨ ਮਹਮੂਦ ਨਾਲੋਂ ਆਕੀ ਹੋਣਾ ਜ਼ਾਹਰ ਕੀਤਾ।'' ਤਾਂ ਜੋ ਇਸ ਤੋਂ ਅੱਡ ਹੋਕੇ 'ਹਰਾਤ' ਦੇ ਹਾਕਮ ਪਾਸ ਸਹਾਇਤਾ ਲੈਣ ਦੇ ਬਹਾਨੇ ਜਾਵੇ ਤੇ ਹਰਾਤ ਵਿਚ ਦਾਖਲ ਹੋ ਵਿਸ਼ਵਾਸ਼ ਘਾਤ ਕਰਕੇ ਹਰਾਤ ਤੇ ਕਬਜ਼ਾ ਕਰ ਲਏ। ਉਹਦੇ ਭਰਾ ''ਦੋਸਤ ਮੁਹੰਮਦ ਖਾਂ ਨੇ ਹਰਾਤ ਤੇ ਕਬਜ਼ਾ ਕਰਕੇ ਸ਼ਾਹੀ ਮਹਲਾਂ ਵਿਚ ਦਾਖਲ ਹੋ ਸਾਰਿਆਂ ਤੋਂ ਜ਼ਿਆਦਾ ਮਾਲ ਅਸਬਾਬ ਜੋ ਉਥੇ ਸੀ ਲੁਟ ਲਿਆ ਤੇ ਸਾਰਿਆਂ ਤੋਂ ਵਧੀਕ ਬੇਰਹਿਮੀ ਇਹ ਕੀਤੀ, ਕਿ ਸ਼ਾਹਜ਼ਾਦਾ ਕਾਮਰਾਨ ਦੀ ਭੈਣ ਦਾ ਅਜ਼ਾਰ ਬੰਦ (ਸੁਥਣ ਦਾ ਨਾਲਾ) ਜੋ ਦੋ ਲਖ ਰੁਪਏ ਦੇ ਮੁਲ ਦਾ ਸੀ, ਉਸ ਮਲਾਵਰ ਵਿਚੋਂ ਜੋ ਉਸਨੇ ਪਹਿਨੀ ਹੋਈ ਸੀ ਜੋਰ ਨਾਲ ਖਿਚ ਲਿਆ।''* ਇਸ ਤਰ੍ਹਾਂ ਦੇ ਮੱਕਾਰ ਤੇ ਫਰੇਬੀ ਫਤਹ ਖਾਂ ਨੇ ਮਹਾਰਾਜਾ ਨਾਲ ਵਿਸ਼ਵਾਸ਼ ਘਾਤ ਕਰਨੋ ਕਦ ਸੰਕੋਚ ਕਰਨਾ ਸੀ। ਉਸ ਸ਼ੇਰੇ ਪੰਜਾਬ ਨਾਲ ਕੀਤੇ ਇਕਰਾਰ ਪੂਰੇ ਕਰਨ ਤੋਂ ਨਾਂਹ ਕਰ ਦਿਤੀ।

ਅਤਾ ਮੁਹੰਮਦ ਖਾਂ ਤੇ ਫਤਹ ਖਾਂ ਦੀ ਸੁਲਹ ਹੋ ਜਾਏ, ਇਹ ਗੱਲ ਸ਼ੇਰੇ ਪੰਜਾਬ ਲਈ ਆਪਣੇ ਆਪ ਵਿਚ ਦੁਖਦਾਈ ਨਹੀਂ ਸੀ। ਪਰ ਇਸ ਵਿਚ ਇਕ ਫਰਕ ਸੀ, ਫਤਹ

* ਦੌਲਤ–ਇ–ਦੁਰਾਨੀਆਂ, ਸਫਾ ੧੪੧–ਲੇਖਕ

ਖਾਂ ਆਪਣੇ ਆਪ ਨੂੰ ਕਮਜ਼ੋਰ ਜਾਣ ਸ਼ੇਰੇ ਪੰਜਾਬ ਦੀ ਸ਼ਰਨ ਆਇਆ, ੯ ਲੱਖ ਰੁਪਿਆ ਜੰਗੀ ਖਰਚ ਵਜੋਂ ਦੇਣਾ ਕਰਕੇ ਦਸ ਹਜ਼ਾਰ ਸਿਖ ਜਵਾਨ ਨਾਲ ਲਏ। ਖਾਲਸੇ ਦੇ ਰੋਅਬ ਨਾਲ ਅਤਾ ਮੁਹੰਮਦ ਖਾਂ ਨੂੰ ਹਥਯਾਰ ਸੁਟਣ ਲਈ ਮਜਬੂਰ ਕੀਤਾ ਪਰ ਇਹ ਸਮਝੌਤਾ ਕਰਨ ਲਗਿਆਂ ਨਾਂ ਤਾਂ ਸਿਖ ਸਰਦਾਰਾਂ ਨੂੰ ਪੁਛਿਆ ਤੇ ਨਾ ਹੀ ਨੌਂ ਲੱਖ ਦੇਣਾ ਕੀਤਾ ਰੁਪਿਆ ਦਿਤਾ। ਫਤਹ ਖਾਂ ਦਾ ਇਹ ਕੰਮ ਸ਼ੇਰੇ ਪੰਜਾਬ ਦਾ ਅਪਮਾਨ ਸੀ, ਜਿਸਨੂੰ ਸਹਾਰਨਾ ਇਕ ਗੈਰਤ ਤੇ ਅਣਖ ਵਾਲੇ ਲਈ ਕਠਨ ਸੀ। ਸ਼ੇਰੇ ਪੰਜਾਬ ਨੇ ਆਪਣੀ ਕੰਟਨ ਜੰਟ ਫੌਜ ਨੂੰ ਹਟਾਕੇ ਅਟਕ ਦੇ ਕਿਲੇ 'ਤੇ ਇਸ ਕਰਕੇ ਕਬਜ਼ਾ ਕਰ ਲਿਆ ਕਿ ਫਤਹ ਮੁਹੰਮਦ ਖਾਂ ਨੂੰ ਵਾਪਸੀ ਤੇ ਰੋਕ ਲਿਆ ਜਾਏ। ਇਸ ਗੋਂਦ ਵਿਚ ਭਾਗਾਂ ਨੇ ਸ਼ੇਰੇ ਪੰਜਾਬ ਦਾ ਸਾਥ ਦਿਤਾ।

ਫਤਹ ਖਾਂ ਨੂੰ ਖਬਰ ਮਿਲ ਗਈ ਕਿ ਮਹਾਰਾਜਾ ਰਣਜੀਤ ਸਿੰਘ ਉਹਦੀ ਗ਼ਦਾਰੀ ਤੋਂ ਨਾਰਾਜ਼ ਹੋ ਗਿਆ ਹੈ ਤੇ ਉਸ ਨੇ ਇਸ ਪ੍ਰਣ ਭੰਗ ਦਾ ਡੰਡ ਦੇਣ ਲਈ ਰਾਹ ਰੋਕ ਲਿਆ ਹੈ। ਫਤਹ ਖਾਂ ਦੀ ਵਾਪਸੀ ਦਾ ਇਹ ਇਕੋ ਹੀ ਰਾਹ ਸੀ। ਹੁਣ ਸਵਾਏ ਲੜ ਕੇ ਰਾਹ ਲੈਣ ਦੇ ਹੋਰ ਕੋਈ ਚਾਰਾ ਨਹੀਂ ਸੀ। ਉਸ ਆਪਣੇ ਭਰਾ ਦੋਸਤ ਮੁਹੰਮਦ ਖਾਂ ਨੂੰ ਦੋ ਹਜ਼ਾਰ ਸ੍ਵਾਰ ਦੇ ਕੇ ਰਾਹ ਸਾਫ਼ ਕਰਨ ਲਈ ਭੇਜਿਆ ਤੇ ਆਪ ਪਿਛੇ ਪਿਛੇ ਆਉਣ ਲਗਾ।

ਦੋਸਤ ਮੁਹੰਮਦ ਖਾਂ ਨੇ ਵੇਖਿਆ ਕਿ ਸਿਖ ਫੌਜ ਨੇ ਇਕ ਟਿੱਲੇ ਤੇਂ ਉਸ ਮੁਕਾਮ ਤੋਂ ੩੧੧ ਮੀਲ ਦੀ ਵਿਥ 'ਤੇ ਦਰਯਾਏ ਅਟਕ ਨੂੰ ਘੇਰ ਰਖਿਆ ਹੈ। ਪਰ ਉਹ ਜਾਣਦਾ ਸੀ ਕਿ ਮੇਰੇ ਪਿਛੇ ਟਿਡੀ ਦਲ ਸੈਨਾ ਲੈ ਕੇ ਵੱਡਾ ਭਰਾ ਆ ਰਿਹਾ ਹੈ। ਫਿਰ ਅਤਾ ਮੁਹੰਮਦ ਖਾਂ ਕਸ਼ਮੀਰ ਦੀ ਸੈਨਾਂ ਵੀ ਉਹਦੇ ਨਾਲ ਹੈ। ਇਸ ਕਰਕੇ ਉਸ ਨੇ ਆਪਣੇ ਅਫਸਰਾਂ ਦੀ ਸਲਾਹ ਨਾਲ ਇਕ ਦਮ ਸਿਖਾਂ ਤੇ ਹੱਲਾ ਕਰਨ ਦੀ ਸਲਾਹ ਮਿਥੀ ਤੇ ਅਚਨਚੇਤ ਫਾਇਰ ਕਰ ਦਿਤੀ।

ਦੋਸਤ ਮੁਹੰਮਦ ਖਾਂ ਦੇ ਹੱਲੇ ਵੇਲੇ ਸਿਖ ਬੇਖ਼ਬਰੀ ਵਿਚ ਸਨ, ਪਰ ਫਾਇਰ ਹੁੰਦਿਆਂ ਹੀ ਉਨਾਂ ਨੇ ਆਪਣਾ ਆਪ ਸੰਭਾਲ ਲਿਆ। ਗੋਲੀ ਦਾ ਗੋਲੀ ਨਾਲ ਉੱਤਰ ਦੇਣ ਲਗੇ। ਦੋਸਤ ਮੁਹੰਮਦ ਖਾਂ ਦੀ ਸਮੁੰਦਰ ਦੀਆਂ ਛਲਾਂ ਵਾਂਗ ਵਧਦੀ ਆ ਰਹੀ ਸੈਨਾ ਨੂੰ ਹੁਣ ਅਗੇ ਮੌਤ ਦਿਸਣ ਲਗੀ। ਉਨ੍ਹਾਂ ਦੀ ਆਪਣੀ ਹਰਾਵਲ ਦੀ ਹੋ ਰਹੀ ਕਤਲਾਮ ਹੀ ਉਨ੍ਹਾਂ ਦੇ ਅਗੇ ਵਧਣ ਵਿਚ ਰੋਕ ਬਣ ਗਈ। ਤੁਰਕਾਨੀ ਸੈਨਾਂ ਕਾਲੇ ਬਦਲਾਂ ਵਾਂਗ ਠਟ ਬੰਨ੍ਹੀ ਖੜੀ ਸੀ। ਉਨ੍ਹਾਂ ਦੇ ਹਥਾਂ ਵਿਚ ਦੀਆਂ ਤਲਵਾਰਾਂ ਦੀ ਚਮਕ

ਬਦਲਾਂ ਵਿਚ ਹਜ਼ਾਰਾਂ ਬਿਜਲੀਆਂ ਦੇ ਚਮਕਣ ਦਾ ਸੀਨ ਦਸਦੀ, ਫੌਜੀ ਗਜਦੇ ਤੇ ਗੋਲੀ ਵਸਦੀ ਸੀ ਤੇ ਹਾ ਹਾ ਹੂੰ ਹੂੰ ਦੀ ਆਵਾਜ਼ ਨਾਲ ਇਹ ਮੈਦਾਨ ਗੂੰਜ ਰਿਹਾ ਸੀ।

ਦੋਸਤ ਮੁਹੰਮਦ ਖਾਂ ਨੇ ਆਪਣੇ ਸਾਥੀਆਂ ਨੂੰ ਜਹਾਦ ਦੇ ਨਾਮ ਤੇ ਉਭਾਰਿਆ ਤੇ ਦੀਨ ਤੇ ਕੁਫ਼ਰ ਦੀ ਲੜਾਈ ਦਸ ਕੇ ਵੰਗਾਰਿਆ, ਸਰਹੱਦੀ ਜੋਸ਼ ਨਾਲ ਅਗੇ ਵਧਣ ਤੇ ਖਾਲਸੇ ਦੇ ਹੱਥ ਵਿਚ ਫੜੀ ਚੰਡੀ ਦੀ ਭੇਟਾ ਸੀਸ ਚੜ੍ਹਾਨ ਲਗੇ।

ਦੋਸਤ ਮੁਹੰਮਦ ਖਾਂ ਗਾਜਰ ਮੂਲੀ ਵਾਂਗ ਆਪਣੀ ਫੌਜ ਨੂੰ ਕਟੀਂਦਾ ਵੇਖ ਘਬਰਾਇਆ। ਉਹ ਸਿੱਖ ਜਿਨ੍ਹਾਂ ਦੀ ਥੋੜ੍ਹੀ ਗਿਣਤੀ ਵੇਖ ਖਾਜਾ ਸਮਝ ਅਚਣਚੇਤ ਆ ਪਿਆ ਸੀ ਉਹ ਹੁਣ ਸ਼ੇਰ ਬਣਕੇ ਪਠਾਣੀ ਸੈਨਾਂ ਦੇ ਸਥਰ ਲਾਉਂਦੇ ਦਿਸੇ। ਉਹ ਫਤਹ ਜਿਸ ਨੂੰ ਅੱਖਾਂ ਦੇ ਸਾਹਮਣੇ ਵੇਖ ਰਿਹਾ ਸੀ ਸੁਪਨਾ ਹੁੰਦੀ ਦਿਸੀ ਤੇ ਦੋਸਤ ਮੁਹੰਮਦ ਖਾਂ ਹੁਣ ਸਹਾਇਤਾ ਲਈ ਪਿੱਛੇ ਵੇਖਣ ਲਗਾ। ਪਰ ਉਪਰੋਂ ਮਦਦ ਨਾ ਪੁੱਜੀ ਵੇਖਕੇ ਜਾਨ ਹੂਲਕੇ ਲੜਿਆ ਤੇ ਮੈਦਾਨ ਵਿਚ ਡਿਗ ਪਿਆ। ਫਤਹ ਖਾਂ ਨੂੰ ਜਦ ਦੋਸਤ ਮੁਹੰਮਦ ਖਾਂ ਦੇ ਨਾਲ ਜੰਗ ਛਿੜਨ ਦੀ ਖਬਰ ਮਿਲੀ ਤਦ ਉਹ ਉਥੇ ਠਹਿਰਕੇ ਹੀ ਜੰਗ ਦਾ ਰੰਗ ਵੇਖਣ ਲੱਗਾ। ਹਰਕਾਰੇ ਨੇ ਖਬਰ ਦਿਤੀ ਕਿ :—

''ਹਮਲੇ ਵਿਚ ਸਖਤ ਨਾਕਾਮੀ ਹੋਈ ਹੈ। ਤੇਰਾ ਭਰਾ (ਦੋਸਤ ਮੁਹੰਮਦ ਖਾਂ) ਵੀ ਮਾਰਿਆ ਗਿਆ ਹੈ ਤੇ ਸਿਖ ਤੇਰੇ ਉਪਰ ਚੜ੍ਹੇ ਆ ਰਹੇ ਹਨ।'' ਇਹ ਖਬਰ ਸੁਣਕੇ ਫਤਹ ਮੁਹੰਮਦ ਖਾਂ ਦਾ ਰੰਗ ਫੱਕ ਹੋ ਗਿਆ, ਚੇਹਰੇ ਤੇ ਹਵਾਈਆਂ ਉਡਣ ਲਗੀਆਂ, ਇਕ ਇਕ ਕਰਕੇ ਸਾਥੀਆਂ ਨੂੰ ਸੱਦਿਆ ਤੇ ਸਲਾਹ ਪੁਛੀ। ਕਿਸੇ ਨੇ ਵੀ ਲੜਨ ਦੀ ਰਾਏ ਨਾ ਦਿਤੀ। ਸੱਜੇ ਹੱਥ ਉਪਰ ਵਾਲੇ ਪਾਸੇ ਫੌਜ ਦਾ ਮੂੰਹ ਮੋੜਿਆ ਤੇ ਇਕ ਟਿਕਾਣੇ ਤੋਂ ਦਰਿਆਏ ਅਟਕ ਤੋਂ ਪਾਰ ਹੋ ਕੇ ਨਸ ਗਿਆ।

ਸਿਖਾਂ ਦੇ ਹੱਥ ਜੰਗ ਦਾ ਸਾਮਾਨ ਤੇ ਕਸ਼ਮੀਰ ਦੀ ਲੁਟ ਮਾਰ ਦੇ ਮਾਲ ਵਿਚੋਂ ਇਨੀ ਕੁ ਰਕਮ ਆ ਗਈ ਜਿਸ ਦੇ ਦੇਣ ਦਾ ਫਤਹ ਖਾਂ ਨੇ ਇਕਰਾਰ ਕੀਤਾ ਸੀ। ਇਸ ਤਰ੍ਹਾਂ ਦੋਸਤ ਮੁਹਮੰਦ ਖਾਂ ਤੇ ਫਤਹ ਖਾਂ ਦੀ ਭਾਂਜ ਤੋਂ ਸਿਖਾਂ ਦਾ ਸਰਹਦੀ ਸੂਬੇ ਵਿਚ ਰੋਅਬ ਤੇ ਦਬ ਦਬਾ ਬਹੁਤ ਜ਼ਿਆਦਾ ਬਹਿ ਗਿਆ ਤੇ ਖਾਲਸੇ ਤੋਂ ਪਠਾਣ ਖ਼ਸਮ ਖਾਣ ਲਗੇ।

ਫਤਹ ਖਾਂ ਦੇ ਬਚਨ ਭੰਗ ਦਾ ਉਸਨੂੰ ਬੁਰਾ ਫਲ ਭੁਗਤਣਾ ਪਿਆ ਤੇ ਬਹੁਤ ਮਹਿੰਗੇ ਮੁਲ ਪਿਆ।

☆ ☆ ☆

ਸ਼ੇਰ ਮੁਹੰਮਦ ਖਾਂ ਚਿੱਤ

ਹਜ਼ਾਰੇ ਦੇ ਇਲਾਕੇ ਵਿਚ ਤਨੌਲੀ ਨਾਮ ਦਾ ਇਕ ਕਬੀਲਾ ਵਸਦਾ ਸੀ। ਇਹ ਲੋਕ ਆਪਣੇ ਆਪ ਨੂੰ ਮੁਗਲ ਦਸਦੇ ਸਨ, ਤੇ ਹਿੰਦ ਵਿਚ ਹੋ ਚੁਕੇ ਮੁਗ਼ਲੀਆ ਖਾਨਦਾਨ ਦੇ ਰਾਜਯ ਨੇ ਇਨ੍ਹਾਂ ਦੇ ਸਿਰਾਂ ਵਿਚ ਹਕੂਮਤ ਦੀ ਹਵਾ ਭਰੀ ਹੋਈ ਸੀ। ਸਰਹੱਦੀ ਪਠਾਣਾਂ ਤੇ ਅਜ਼ਾਦ ਕਬੀਲਿਆਂ ਦੇ ਮੇਲ ਨੇ ਇਕ ਕਰੇਲਾ ਦੂਜਾ ਨੀਮ ਚੜ੍ਹਾ ਦੀ ਹਾਲਤ ਬਣਾ ਰੱਖੀ ਸੀ। ਇਨ੍ਹਾਂ ਦੇ ਹਾਕਮ ਸਰ–ਬਲੰਦ ਖਾਂ ਨੂੰ ਸ਼ਾਮਤ ਨੇ ਜੋ ਆ ਘੇਰਿਆ, ਸਰਦਾਰ ਹਰੀ ਸਿੰਘ ਨਲੂਏ ਦੀ ਵਿਰੋਧਤਾ ਤੇ ਉਠ ਖੜੋਤਾ। ਆਪਣਾ ਪਿੰਡ ਸ਼ਨਕਿਆਰੀ ਛਡਕੇ ਢਾਕਾ ਦਨਾ ਵਿਚ ਜਾ ਬੈਠਾ, ਇਲਾਕੇ ਦੇ ਬਦਮਾਸ਼ ਇਕਠੇ ਕੀਤੇ ਕਬੀਲਿਆਂ ਨੂੰ ਉਕਸਾਇਆ, ਲੁਟ ਦੇ ਲਾਲਚ ਵਿਚ ਲੁਟੇਰੇ ਕਾਫੀ ਗਿਣਤੀ ਵਿਚ ਇਹਦੇ ਗਿਰਦੇ ਆ ਜੁੜੇ ਤੇ ਲੁਟ ਮਾਰ ਸ਼ੁਰੂ ਕਰ ਦਿਤੀ।

''ਸਰਦਾਰ ਹਰੀ ਸਿੰਘ ਨੇ ਆਪਣੇ ਮੁਖੀ ਆਦਮੀ ਭੇਜਕੇ ਇਸ ਨੂੰ ਨਰਮੀ ਨਾਲ ਸਮਝਾਇਆ। ਪਰ ਜਦ ਇਸ ਮੂਰਖ ਆਕੀ ਦੀ ਸਮਝ ਵਿਚ ਕੋਈ ਗਲ ਨਾ ਆਈ ਤਦ ਸਰਦਾਰ ਨੇ ਪਹਿਲਾਂ ਤਾਂ ਓਹਦੇ ਪਿੰਡ ਸ਼ਨਕਿਆਰੀ ਦੀ ਸੋਧ ਕੀਤੀ, ਫਿਰ ਉਸ ਟਿਕਾਣੇ ਵਲ ਕੂਚ ਕੀਤਾ ਜਿਥੇ ਸਰ ਬਲੰਦ ਖਾਂ ਡੇਰੇ ਪਾਈ ਬੈਠਾ ਸੀ'' *। ਸਰ ਬਲੰਦ ਖਾਂ ਅਪਣੇ ਸਰ ਬਲੰਦ ਨਾਮ ਨੂੰ ਸਫਲਾ ਨਾ ਕਰ ਸਕਿਆ। ਅਪਣੇ ਦਲੇਰ ਤੇ ਜਵਾਂ

* ਇਹ ਪ੍ਰਸੰਗ ਗੁਪਾਲ ਦਾਸ ਭੰਡਾਰੀ ਦੇ 'ਕਾਰਨਾਮਾ ਨਲਵਹ' ਵਿਚੋਂ ਹੈ–ਲੇਖਕ

ਮਰਦ ਲੜਕੇ ਸ਼ੇਰ ਮੁਹੰਮਦ ਖਾਂ ਨੂੰ ਮੈਦਾਨ ਵਿਚ ਭੇਜਿਆ, ਕਈ ਹਜ਼ਾਰ ਦਾ ਲਸ਼ਕਰ ਸਾਥ ਦਿਤਾ ਤੇ ਆਪ ਜਾਣ ਕੇ ਦੂਰ ਜਾ ਬੈਠਾ। ਸਰਦਾਰ ਹਰੀ ਸਿੰਘ ਦੇ ਸਿਪਾਹੀ ਗਿਣਤੀ ਵਿਚ ਥੋੜ੍ਹੇ ਸੀ, ਤੇ ਤਨੌਲੀ ਲਸ਼ਕਰ ਲੁਟੇਰਿਆਂ ਦੀ ਹੋਰ ਮਦਦ ਮਿਲ ਜਾਣ ਕਾਰਨ ਆਸਾਂ ਤੇ ਉਮੀਦਾਂ ਤੋਂ ਬਹੁਤ ਜ਼ਿਆਦਾ ਇਕੱਠਾ ਹੋ ਗਿਆ ਸੀ। ਦੋਹਾਂ ਸੈਨਾਂ ਦੀ ਗਿਣਤੀ ਇਸ ਗਲ ਦੀ ਆਗਿਆ ਨਹੀਂ ਦੇਂਦੀ ਸੀ ਕਿ ਸਿਖ ਸਾਹਮਣੇ ਹੋ ਕੇ ਲੜਨ, ਪਰੰਤੂ ਜੰਗ ਛੋੜ ਕੇ ਪਿਛੇ ਮੁੜਨਾ ਸਿਖ ਜਾਣਦੇ ਹੀ ਨਹੀਂ ਸਨ। ਕੁਛ ਦਿਨ ਜੰਗ ਨੂੰ ਲੰਬਾ ਕਰਨਾ ਮੁਸ਼ਕਲ ਸੀ, ਵਾਹਿਗੁਰੂ ਦੇ ਭਰੋਸੇ ਸਿਖ ਸਾਹਮਣੇ ਹੋਏ, ਦੋਹਾਂ ਸੈਨਾਂ ਦੇ ਮੂੰਹ ਜੁੜੇ ਤੇ ਲੜਾਈ ਦਾ ਮੈਦਾਨ ਗਰਮ ਹੋਇਆ।

ਸ਼ੇਰ ਮੁਹੰਮਦ ਖਾਂ ਚੰਗਾ ਨਿਸ਼ਾਨੇ ਬਾਜ਼ ਸੀ। ਇਸਨੇ ਸਿਪਾਹੀਆਂ ਨੂੰ ਲੜਾਈ ਵਿਚ ਲਗਾਕੇ ਆਪ ਇਕ ਉਚੇ ਟਿਬੇ ਤੇ ਜਾ ਡੇਰਾ ਲਾਇਆ ਤੇ ਸਿਖ ਸਰਦਾਰਾਂ ਨੂੰ ਨਿਸ਼ਾਨਾ ਬਣਾਨ ਲੱਗਾ। ਪੰਜ ਛੇ ਸਿਖ ਸਰਦਾਰਾਂ ਦੇ ਲਗਾਤਾਰ ਮਾਰੇ ਜਾਣ ਤੋਂ ਸਿਖ ਸੈਨਾ ਸੋਚਾਂ ਵਿਚ ਪੈ ਗਈ, ਇਕ ਉਜ ਗਿਣਤੀ ਥੋੜੀ ਸੀ, ਦੂਜਾ ਸਰਦਾਰਾਂ ਦਾ ਇੰਜ ਚਲਾਣਾ ਉਨਾਂ ਦਾ ਹੌਸਲਾ ਤੋੜਨ ਦਾ ਕਾਰਨ ਬਣਨ ਲਗਾ। ਸਰਦਾਰ ਹਰੀ ਸਿੰਘ ਮੈਦਾਨ ਜੰਗ ਤੋਂ ਤਿੰਨ ਚਾਰ ਮੀਲ ਦੇ ਫਾਸਲੇ ਤੇ ਇਲਾਕੇ ਦੀ ਸੋਧ ਕਰਦੇ ਇਕ ਥਾਂ ਬੈਠੇ ਪ੍ਰਸ਼ਾਦ ਛਕ ਰਹੇ ਸਨ। ਹਲਕਾਰੇ ਦੇ ਰਾਹੀਂ ਇਹ ਖਬਰ ਉਨ੍ਹਾਂ ਦੇ ਕੰਨ ਵਿਚ ਵੀ ਪੁਜੀ, ਸੋ ਸੁਣਦੇ ਸਾਰ ਸਿਧਾ ਮੈਦਾਨੇ ਜੰਗ ਵਿਚ ਪੁਜੇ। ਅਪਣੇ ਸਿਪਾਹੀਆਂ ਨੂੰ ਗੱਜਕੇ ਕਿਹਾ ਕਿ ਖਾਲਸਾ ਜੀ ਵੈਰੀ ਜਾਣਾ ਨਾ ਪਾਵੇ। ਇਕ ਸਿਪਾਹੀ ਤੋਂ ਬੰਦੂਕ ਫੜੀ ਤੇ ਸ਼ੇਰ ਮੁਹੰਮਦ ਖਾਂ ਜੋ ਸਿਖ ਸਰਦਾਰਾਂ ਦਾ ਸ਼ਿਕਾਰ ਕਰ ਰਿਹਾ ਸੀ ਵਲ ਓਹਦਾ ਮੂੰਹ ਮੋੜਿਆ। ਘੋੜਾ ਦੱਬਣ ਦੀ ਦੇਰ ਸੀ, ਗੋਲੀ ਸ਼ੇਰ ਮੁਹੰਮਦ ਖਾਂ ਦੇ ਮੱਥੇ ਵਿਚ ਲਗੀ ਤੇ ਪਾਰ ਹੋ ਗਈ। ਸ਼ੇਰ ਮੁਹੰਮਦ ਖਾਂ ਭੁਆਟਣੀ ਖਾ ਘੋੜੇ ਤੋਂ ਧਰਤੀ ਤੇ ਆ ਪਿਆ। ਪਹਿਲਾਂ ਤਾਂ ਉਹਦੀ ਰੂਹ ਨੇ ਉਹਦਾ ਸਾਥ ਛਡਿਆ, ਰੂਹ ਦੇ ਸਾਥ ਛਡਣ ਦੀ ਦੇਰ ਸੀ ਕਿ ਸਿਪਾਹੀ ਵੀ ਉਸ ਨੂੰ ਮੈਦਾਨ ਵਿਚ ਸੁਟਕੇ ਨਸ ਤੁਰੇ। ਕਈ ਨਸਦੇ ਖਾਲਸੇ ਦੀਆਂ ਬੰਦੂਕਾਂ ਦੀ ਬਾੜ ਦਾ ਨਿਸ਼ਾਨਾ ਬਣੇ ਜੋ ਬਚੇ ਓਹ ਆਪਣਾ ਇਲਾਕਾ ਛਡ ਪਹਾੜਾਂ ਵਿਚ ਜਾ ਲੁਕੇ।

☆ ☆ ☆

ਸ: ਹਰੀ ਸਿੰਘ ਨਲੂਏ ਦੀ ਬੀਰਤਾ

ਸਯਦ ਅਹਿਮਦ ਸਰਹੱਦੀ ਇਲਾਕੇ ਦਾ ਮੰਨਿਆ ਹੋਇਆ ਪੀਰ ਸੀ। ਮੁਸਲਮਾਨ, ਨਵਾਬ, ਖਾਨ, ਜ਼ਿਮੀਦਾਰ ਤੇ ਆਮ ਜਨਤਾ ਤੇ ਉਹਦਾ ਇਕੋ ਜਿਹਾ ਅਸਰ ਸੀ। ਸਾਰੇ ਉਹਦਾ ਭੈ ਖਾਂਦੇ ਤੇ ਈਨ ਮੰਨਦੇ ਸਨ। ਲਾਹੌਰ ਦਰਬਾਰ ਵਿਚ ਖਬਰ ਪੁੱਜੀ ਕਿ ਇਸਨੇ ਹਿੰਦੂ ਵਸੋਂ ਨੂੰ ਬਹੁਤ ਤੰਗ ਕਰ ਰਖਿਆ ਹੈ। ਦਿਨ ਦਿਹਾੜੀ ਲੁਟ ਲੈਂਦਾ ਹੈ, ਉਹਨਾਂ ਦੀਆਂ ਤੀਵੀਆਂ ਤੇ ਬੱਚੇ ਫੜ ਖੜਦਾ ਹੈ ਤੇ ਹਿੰਦੂਆਂ ਨੂੰ ਮੁਸਲਮਾਨ ਹੋ ਜਾਣ ਤੇ ਜ਼ੋਰ ਦੇਂਦਾ ਹੈ। ਉਹਦੇ ਹਥੋਂ ਹਿੰਦੂ ਹੀ ਨਹੀਂ ਮੁਸਲਮਾਨ ਵੀ ਤੰਗ ਹਨ ਉਨ੍ਹਾਂ ਤੋਂ ਵੀ ਅਪਣੀ ਨਵੀਨ ਸ਼ਰਾ ਮਨਵਾ ਰਿਹਾ ਹੈ। ਜੇਹੜੇ ਉਹਦਾ ਕਿਹਾ ਮੰਨਣ ਤੋਂ ਸਿਰ ਫੇਰਨ ਉਨਾਂ ਦਾ ਸਿਰ ਉਡਾ ਦੇਂਦਾ ਹੈ।

ਸਰਦਾਰ ਬੁਧ ਸਿੰਘ ਸੰਧਾਂ ਵਾਲੀਆਂ ਨੂੰ ਸਯਦ ਅਹਿਮਦ ਦੀ ਸੋਧ ਲਈ ਨੀਯਤ ਕੀਤਾ ਗਿਆ। ਸਰਦਾਰ ਆਪਣੀ ਫੌਜ ਲੈਕੇ ਰਵਾਂ ਰਵੀਂ ਅਟਕੋਂ ਪਾਰ ਹੋ ਗਿਆ। ਅਕੋੜੇ ਦੇ ਮੁਕਾਮ ਤੇ ਸਯਦ ਅਹਿਮਦ ਵੀ ਫੌਜ ਲੈਕੇ ਸਾਹਮਣੇ ਆਇਆ। ਦੋਹਾਂ ਧਿਰਾਂ ਵਲੋਂ ਅੱਗ ਵਰਸਣ ਲਗੀ, ਸੂਰਮੇ ਆਪਣੀ ਵਫਾਦਾਰੀ ਤੇ ਨਮਕ ਹਲਾਲੀ ਦਾ ਸਬੂਤ ਦੇਣ ਲਗੇ। ਜੋਸ਼ ਦਾ ਸਮੁੰਦਰ ਦੋਨਾਂ ਪਾਸਿਆਂ ਤੋਂ ਇਕੋ ਜਿਹਾ ਠਾਠਾਂ ਮਾਰਦਾ ਦਿਸਦਾ ਸੀ। ਸਯਦ ਅਹਿਮਦ ਦੀ ਫੌਜ ਦਾ ਦਬਾਉ ਪੈ ਜਾਣ ਤੋਂ ਸਿਖ ਸੈਨਾ ਪਿਛੇ ਹਟ ਗਈ ਤੇ

ਮੈਦਾਨੇ ਜੰਗ ਤੋਂ ਪੰਜ ਮੀਲ ਪਿਛੇ ਹਟਕੇ ਸੈਦਪੁਰ ਵਿਚ ਠਹਿਰ ਆਪਣੀ ਪਿਛੋਂ ਆਉਣ ਵਾਲੀ ਫੌਜ ਨੂੰ ਉਡੀਕਣ ਲੱਗੀ।

ਸਰਦਾਰ ਬੁਧ ਸਿੰਘ ਜੀ ਨੂੰ ਇੰਵ ਪਿਛੇ ਹਟਦਿਆਂ ਵੇਖ ਸਯਦ ਅਹਿਮਦ ਤੇ ਉਹਦੇ ਸਾਥੀਆਂ ਦਾ ਦਿਮਾਗ ਵਧ ਗਿਆ। ਉਹ ਸਿਖਾਂ ਨੂੰ ਆਪਣੇ ਟਾਕਰੇ ਤੇ ਕੀੜੀ ਸਮਝਣੰ ਲਗੇ। ਇਹ ਹੀ ਕਾਰਨ ਹੈ ਕਿ ਅਕੌੜੇ ਦੀ ਲੜਾਈ ਤੋਂ ਤਿੰਨ ਚਾਰ ਦਿਨ ਪਿਛੋਂ ਅਚਨਚੇਤ ਸਯਦ ਅਹਿਮਦ ਦੇ ਮੁਰੀਦ (ਵਜ਼ੀਰ) ਅਸਮਾਈਲ ਨੇ ਝਟ ਫੌਜ ਤਿਆਰ ਕੀਤੀ, ਮੁਲਖੱਯਾ ਨਾਲ ਲਿਆ, ਅਟਕ ਲੰਘਕੇ ਹਜ਼ਰੋਂ ਸ਼ਹਿਰ 'ਤੇ ਆ ਪਿਆ। ਹਜ਼ਰੋਂ ਵਿਚ ਸਿਖ ਸੈਨਾ ਨਹੀਂ ਸੀ, ਸਰਦਾਰ ਹਰੀ ਸਿੰਘ ਆਪਣੇ ਸਵਾਰਾਂ ਸਮੇਤ ਉਥੋਂ ੨੦--੨੫ ਮੀਲ ਦੀ ਵਾਟ 'ਤੇ ਸੀ । ਅਸਮਾਈਲ ਦੇ ਅਚਣਚੇਤ ਆ ਪੈਣ ਤੋਂ ਸ਼ਹਿਰ ਦੀ ਵਸੋਂ ਘਾਬਰ ਗਈ। ਪਰਜਾ ਬੇਫ਼ਿਕਰੀ ਨਾਲ ਸੁਖ ਦੀ ਨੀਦਰ ਸੁਤੀ ਹੋਈ ਸੀ। ਜਦ ਤਕ ਲੁਟ ਮਾਰ ਤੇ ਕੱਟ ਵੱਢ ਨਾ ਸ਼ੁਰੂ ਹੋ ਗਈ ਸ਼ਹਿਰ ਵਾਲਿਆਂ ਨੂੰ ਕੋਈ ਪਤਾ ਨਾ ਲਗਾ। ਅਸਮਾਈਲ ਨੇ ਦੁਪਹਿਰ ਵੇਲੇ ਤਕਣ ਸ਼ਹਿਰ ਨੂੰ ਚੰਗੀ ਤਰ੍ਹਾਂ ਲੁਟਿਆ। ਕਈ ਸੌ ਹਿੰਦੂ, ਨੌਜਵਾਨ, ਬੁਢੇ ਤੇ ਤੀਵੀਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਤੇ ਆਪ ਇਸ ਤਰ੍ਹਾਂ ਖ਼ੂਨ ਵੀਟ ਤੇ ਲੁਟ ਦਾ ਮਾਲ ਲੈਕੇ ਨਿਸਚਿੰਤਤਾ ਨਾਲ ਟੁਰ ਪਿਆ।

ਸਰਦਾਰ ਹਰੀ ਸਿੰਘ ਨੂੰ ਖਬਰ ਪੁਜੀ। ਇਨਾਂ ਨੂੰ ਸਰਦਾਰ ਬੁੱਧ ਸਿੰਘ ਦੀ ਹਾਰ ਤੇ ਯਕੀਨ ਨਾ ਆਇਆ। ਹੁਕਮ ਦਿਤਾ ਕਿ ਖਬਰ ਲਿਆਉਣ ਵਾਲੇ ਨੂੰ ਹਾਜ਼ਰ ਕੀਤਾ ਜਾਏ। ਉਸਨੇ ਰਤੀ ਰਤੀ ਗਲ ਦੱਸ ਦਿਤੀ। ਰਾਤ ਦਾ ਵੇਲਾ ਸੀ, ਫੌਜ ਪਾਸ ਥੋੜੀ ਸੀ ਪਰ ਇਸ ਤੇ ਵੀ ਹਰੀ ਸਿੰਘ ਫੌਜ ਲੈ ਕੇ ਹਜ਼ਰੋ ਵਲ ਟੁਰ ਪਿਆ। ਜਦ ਸ਼ਹਿਰ ਲਾਗੇ ਪੁਜਾ ਤਦ ਪਤਾ ਲਗਾ ਕਿ ਅਸਮਾਈਲ ਇਥੋਂ ਵਾਪਸ ਹੋ ਕਾਫੀ ਦੂਰ ਨਿਕਲ ਗਿਆ ਹੈ। ਅਪਣੀ ਪਰਜਾ ਦੇ ਦੁਖ ਨੂੰ ਸਰਦਾਰ ਨਾ ਸਹਾਰ ਸਕਿਆ। ਉਹਨੇ ਸ਼ੇਖ ਸ਼ਅਦੀ ਦੀ ਇਹ ਗਲ ਸੁਣ ਰਖੀ ਸੀ ਕਿ—

ਰਈਅਤ ਚੂੰ ਬੇਖ਼ ਅਸਤ ਸੁਲਤਾਨ ਦਰਖਤ।
ਦਰਖਤ ਐ ਪਿਸਰ ਬਾਇਦ ਅਜ਼ ਬੇਖ ਅਸਤ।

ਭਾਵ ਇਹ ਕਿ ਰਈਅਤ ਜੜ੍ਹ ਹੈ ਤੇ ਬਾਦਸ਼ਾਹ ਦਰਖਤ ਹੈ। ਹੇ ਪੁਤਰ; ਦਰਖਤ ਜੜ ਨਾਲ ਹੀ ਪੱਕਾ ਹੁੰਦਾ ਹੈ।

ਅਸਮਾਈਲ ਦੇ ਕੰਨ ਖਿਚਣ ਲਈ ਸਰਦਾਰ ਹਰੀ ਸਿੰਘ ਨੇ ਉਹਦਾ ਪਿਛਾ

ਕੀਤਾ। ਜਦ ਅਸਮਾਈਲ ਦੀ ਸੈਨਾ ਥੋੜੀ ਦੂਰ ਰਹਿ ਗਈ ਤਦ ਸਰਦਾਰ ਦੀ ਸੈਨਾ ਨੇ ਫਾਇਰ ਕੀਤਾ। ਅਸਮਾਈਲ ਵੀ ਠਹਿਰ ਗਿਆ, ਪਿਛੇ ਮੁੜਿਆ ਤੇ ਸਰਦਾਰ ਹਰੀ ਸਿੰਘ ਦੀ ਆਉਂਦ ਵੇਖ ਕੇ ਕੰਬ ਗਿਆ, ਜੇਹੜੇ ਲੁਟੇਰੇ ਇਕਠੇ ਕੀਤੇ ਸੀ ਉਹ ਨਸ ਗਏ ਪਰ ਅਸਮਾਈਲ ਨੇ ਫੌਜ ਨੂੰ ਨਾਲ ਲੈ ਕੇ ਰਣ ਦਾ ਮੈਦਾਨ ਗਰਮ ਕੀਤਾ।

ਮੌਲਵੀ ਅਸਮਾਈਲ ਆਪਣੇ ਲਸ਼ਕਰ ਨੂੰ ਲੈ ਕੇ ਸਰਦਾਰ ਹਰੀ ਸਿੰਘ ਦੇ ਸਾਹਮਣੇ ਆਇਆ। ਪਹਿਲਾਂ ਬੰਦੂਕਾਂ ਨਾਲ ਇਕ ਦੂਜੇ ਤੇ ਹੱਲਾ ਹੋਇਆ, ਪਰੰਤੂ ਦੋਵੇਂ ਧਿਰਾਂ ਜੰਗ ਲਈ ਬੇਹੱਦ ਪੁਰ ਜੋਸ਼ ਸਨ, ਇਸ ਕਰਕੇ ਥੋੜ੍ਹੀ ਦੇਰ ਵਿਚ ਹੀ ਇਕ ਦੂਜੇ ਤੋਂ ਇਨੇ ਨੇੜੇ ਹੋ ਆਏ ਕਿ ਬੰਦੂਕਾਂ ਬੇਕਾਰ ਹੋ ਗਈਆਂ। ਹੁਣ ਹੱਥ ਤਲਵਾਰਾਂ ਤੇ ਰੱਖੇ ਗਏ। ਦੋਪਹਿਰ ਦਾ ਵੇਲਾ, ਸੂਰਜ ਦੀਆਂ ਸਿਧੀਆਂ ਕਿਰਨਾਂ ਨੇ ਤਲਵਾਰਾਂ ਨੂੰ ਚਮਕਾ ਰਣਭੂਮੀ ਨੂੰ ਬੁਕਾਇਨੂਰ (ਚਾਨ੍ਹਣੇ ਦਾ ਘਰ) ਬਣਾ ਦਿਤਾ ਪਰ ਯੋਧਿਆਂ ਨੇ ਇਸ ਹਾਲਤ ਨੂੰ ਵਧੇਰੀ ਦੇਰ ਤਕ ਨਾ ਰਹਿਣ ਦਿਤਾ, ਇਕ ਦੂਜੇ ਤੇ ਕੀਤੇ ਪਹਿਲੇ ਵਾਰ ਨਾਲ ਹੀ ਤਲਵਾਰ ਦੀ ਰੰਗਤ ਲਾਲ ਹੋ ਗਈ ! ਅਸੀਂ ਪਿੱਛੇ ਦੱਸ ਚੁਕੇ ਹਾਂ ਕਿ ਸਰਦਾਰ ਹਰੀ ਸਿੰਘ ਨਲੂਏ ਦੇ ਪਾਸ ਸਪਾਹੀ ਥੋੜ੍ਹੇ ਸਨ ਪਰ ਹਜ਼ਰੋ ਵਿਚ ਹੋਈ ਪੂਜਾ ਦੀ ਲੁਟ ਦੇ ਦੁਖ ਨੂੰ ਨਾ ਸਹਾਰ ਕੇ ਉਹ ਮੈਦਾਨ ਵਿਚ ਉਤਰ ਪਏ ਸਨ। ਇਸ ਜੰਗ ਵਿਚ ਕਾਮਯਾਬੀ ਭਾਰੀ ਕੁਰਬਾਨੀ ਮੰਗਦੀ ਸੀ। ਸਰਦਾਰ ਨੇ ਹੱਥ ਵਿਚ ਤਲਵਾਰ ਲਈ, ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਕੇ ਫੌਜ ਦੇ ਮੂਹਰੇ ਆ ਗਿਆ ਤੇ ਇਸ ਜੋਸ਼ ਨਾਲ ਵੈਰੀ ਤੇ ਹੱਲਾ ਬੋਲਿਆ ਕਿ ਥੋੜ੍ਹੀ ਦੇਰ ਵਿਚ ਹੀ ਜੰਗ ਦਾ ਰੰਗ ਬਦਲ ਗਿਆ। ਉਹ ਵੈਰੀ ਜੋ ਆਪਣੀ ਸੈਨਾ ਦੀ ਬਹੁਗਿਣਤੀ ਦੇ ਘੁਮੰਡ ਵਿਚ ਨਿਧੜਕ ਹੋ ਅਗੇ ਵਧਦਾ ਆ ਰਿਹਾ ਸੀ ਰੁਕ ਗਿਆ ਤੇ ਫਿਰ ਥੋੜੇ ਚਿਰ ਮਗਰੋਂ ਇਥੇ ਆਪਣੇ ਪੈਰਾਂ ਤੇ ਖੜਾ ਰਹਿਣ ਦੀ ਤਾਕਤ ਨਾ ਵੇਖ ਪਿਛੇ ਨਠ ਤੁਰਿਆ ; ਇਹ ਨਜ਼ਾਰਾ ਵੇਖਣ ਵਾਲਾ ਸੀ। ਪਠਾਣ ਨਸ ਰਹੇ ਸਨ, ਮੌਲਵੀ ਅਸਮਾਈਲ ਮਜ਼ਹਬ ਦੇ ਨਾਮ, ਕੌਮੀਅਤ ਦੇ ਨਾਮ, ਮੁਲਕ ਦੇ ਨਾਮ ਤੇ ਆਪਣੇ ਵਡਿਆਂ ਦੀਆਂ ਰਵਾਇਤਾਂ ਯਾਦ ਕਰਾ ਕਰਾਕੇ ਸਾਹਮਣੇ ਹੋ ਕੇ ਲੜਨ ਲਈ ਜੋਸ਼ ਵਿਚ ਲਿਆ ਰਿਹਾ ਸੀ ਪਰ ਸਰਦਾਰ ਹਰੀ ਸਿੰਘ ਨਲੂਏ ਦੇ ਹਮਲੇ ਤੋਂ ਉਨ੍ਹਾਂ ਦੇ ਦਿਲਾਂ ਵਿਚ ਕੁਛ ਅਜਿਹਾ ਭੈ ਬੈਠ ਗਿਆ ਸੀ ਕਿ ਉਹ ਜੰਗ ਕਰਨ ਦੀ ਕੋਈ ਗੱਲ ਸੁਨਣਾ ਹੀ ਨਹੀਂ ਚਾਹੁੰਦੇ ਸਨ। ਪਠਾਣਾਂ ਦੇ ਲਸ਼ਕਰ ਦਾ ਭਾਰੀ ਨੁਕਸਾਨ ਹੋਇਆ, ਅਸਮਾਈਲ ਨੱਸ ਕੇ ਜਦ ਆਪਣੇ ਪੀਰ ਮੁਰਸ਼ਦ ਸੱਯਦ ਅਹਮਦ ਪਾਸ ਪੁਜਾ ਤਦ ਉਸ ਦੇ ਪੁਛਣ ਤੇ

ਕਿਹੋ ਸੁ:—

੧— ਬਦੋ ਗੁਫ਼ਤ ਅਸਮਾਈਲ ਐ ਪੀਰ ਜੀ।
ਚਿਹ ਗੋਇਮ ਫ਼ਲਕ ਕਰਦ ਬਾਮਨ ਬਦੀ।
੨— ਜ਼ ਹਜ਼ਰੋ ਗਰਿਫਤਮ ਬਸੇ ਮਾਲੋ ਜ਼ਰ।
ਬਸੇ ਕਤਲ ਕਰਦਮ ਬਤੇਗੋ ਤਬਰ।
੩— ਨਸ਼ਾਨਾਂ ਨਮੂਦਮ ਬਸੇ ਅਜ਼ ਤਫੰਗ।
ਬਸੇ ਰਾ ਜ਼ਦਮ ਸ਼ਾਬ ਬਰ ਸੀਨਾ ਸੰਗ।
੪— ਜ਼ ਹਜ਼ਰੋ ਚੂ ਚੂਰ ਆਮਦਮ ਮੀਲ ਚਾਰ।
ਯਕਾ ਯਕ ਨਮੂਦਾਰ ਸ਼ੁਦ ਯਕ ਗ਼ੁਬਾਰ।
੫— ਤੂ ਦਾਨੀ ਹਰੀ ਸਿੰਘ ਸਰਦਾਰ ਰਾ ?
ਦਲੇਰੋ ਬਹਾਦਰ ਸਿਪਾਹ ਦਾਰ ਰਾ।
੬— ਅਜ਼ਾਂ ਗਰਦ ਆਂ ਸਰਵਰੇ ਨਾਮ ਦਾਰ।
ਨਮੂਦਾਰ ਸ਼ੁਦ ਅਜ਼ ਹਜ਼ਾਰਾਂ ਸਵਾਰ।
੭— ਜ਼ ਪਿੰਡੀ ਰਸੀਦਹ ਚੋ ਅਬਰੇ ਸਿਆਹ।
ਬਯਕ ਹਮਲਾ ਅਜ਼ ਲਸ਼ਕਰਮ ਸ਼ੁਦ ਤਬਾਹ।
੮— ਚੁਨਾਂ ਕਰਦ ਜੁਰਅਤ ਬੰਗ ਆਸ਼ਕਾਰ।
ਫਰਾਮੋਸ਼ ਸ਼ੁਦ ਰੁਸਤਮ ਅਸਫ਼ੰਦੋ ਯਾਰ।
੯— ਦਰ ਆਇਦ ਜੰਗਸ਼ ਅਗਰ ਸ਼ੇਰੇਨਰ।
ਚੇ ਰੋਬਹ ਗੁਰੇਜ਼ਦ ਅਜ਼ਾਂ ਨਾਮਵਰ।
੧੦— ਬਫੌਜਸ਼ ਯਕੇ ਅਜ਼ ਯਕੇ ਸ਼ੇਰੇ ਮਰਦ।
ਨਦਾਨਮ ਕਿ ਆਂ ਅਜ਼ ਕੁਜਾ ਜਮਅ ਕਰਦ ?
੧੧— ਦਰਆਇੰਦ ਬ ਕਲਬੇ ਸਿਪਾਹ ਬੇਖ਼ਤਰ।
ਨਦਾਰੰਦ ਦਰਦ ਆਂ ਜ਼ ਜਾਨੇ ਹਜ਼ਰ।

ਭਾਵ ਇਹ ਕਿ ਅਸਮਾਈਲ ਨੇ ਉਸ ਨੂੰ ਕਿਹਾ ਕਿ ਹੇ ਪੀਰ ਜੀ ! ਆਸਮਾਨ ਨੇ ਜੋ ਬੁਰਾ ਮੇਰੇ ਨਾਲ ਕੀਤਾ ਹੈ ਕਿਵੇਂ ਦਸਾਂ ? ੨—ਹਜ਼ਰੋ ਤੋਂ ਮੈਂ ਬਹੁਤ ਮਾਲ ਧਨ ਲੁਟਿਆ ਤਲਵਾਰ ਤੇ ਤਬਰ ਨਾਲ ਬਹੁਤਿਆਂ ਨੂੰ ਕਤਲ ਕੀਤਾ। ੩—ਬਹੁਤਿਆਂ ਨੂੰ ਬੰਦੂਕ ਦਾ

ਨਿਸ਼ਾਨਾ ਬਣਾਇਆ, ਬਹੁਤਿਆਂ ਦੇ ਸੀਨੇ ਵਿਚ ਤਲਵਾਰਾਂ ਚਲਾਈਆਂ। ੪-ਹਜ਼ਾਰੋ ਤੋਂ ਜਦ ਮੈਂ ਚਾਰ ਮੀਲ ਦੂਰ ਆਇਆ, ਅਚਣਚੇਤ ਇਕ ਗੁਬਾਰ ਜਿਹਾ ਨਜ਼ਰੀਂ ਪਿਆ। ੫-ਹਰੀ ਸਿੰਘ ਸਰਦਾਰ ਨੂੰ ਤੂੰ ਜਾਣਦਾ ਹੀ ਹੈਂ ਜੇਹੜਾ ਕਿ ਖੜਾ ਦਲੇਰ, ਬਹਾਦਰ ਤੇ ਫੌਜੀ ਅਫਸਰ ਹੈ। ੬-ਉਸ ਗੁਬਾਰ ਵਿਚੋਂ ਸਰਦਾਰ ਹਰੀ ਸਿੰਘ ਪ੍ਰਸਿਧ ਸੂਰਮਾ ਹਜ਼ਾਰਾਂ ਸਪਾਹੀਆਂ ਸਣੇ ਨਿਕਲਯਾ। ੭-ਰਾਵਲ ਪਿੰਡੀ ਤੋਂ ਕਾਲੇ ਖਦਲਾਂ ਵਾਂਗ ਉਠਿਆ, ਉਹਦੇ ਇਕ ਹੱਲੇ ਨਾਲ ਹੀ ਮੇਰਾ ਲਸ਼ਕਰ ਤਬਾਹ ਹੋ ਗਿਆ। ੮-ਉਸ ਨੇ ਲੜਾਈ ਵਿਚ ਅਜੇਹੀ ਦਲੇਰੀ ਦੱਸੀ ਕਿ ਰੁਸਤਮ ਤੇ ਅਸਫੰਦ ਯਾਰ ਭੁਲ ਗਏ। ੯-ਜੇ ਕਦੀ ਲੜਾਈ ਵਿਚ ਉਹਦੇ ਸਾਹਮਣੇ ਨਰ ਸ਼ੇਰ ਆ ਜਾਏ ਤਦ ਲੂੰਮੜੀ ਵਾਂਗ ਉਸ ਬਹਾਦਰ ਦੇ ਅਗੋਂ ਨਠ ਜਾਏ। ੧੦-ਉਹਦੀ ਫੌਜ ਵਿਚ ਇਕ ਦੂਜੇ ਨਾਲੋਂ ਵਧੀਕ ਸੂਰਮੇਂ ਹਨ, ਪਤਾ ਨਹੀਂ ਕਿ ਇਹ ਉਸ ਨੇ ਕਿਥੋਂ ਇਕੱਠੇ ਕੀਤੇ ਹਨ ? ੧੧-ਬੇਡਰ ਹੋਕੇ ਉਹ ਲਸ਼ਕਰ ਦੇ ਵਿਚਕਾਰ ਆ ਜਾਂਦੇ ਹਨ, ਉਨ੍ਹਾਂ ਨੂੰ ਆਪਣੀ ਜਾਨ ਦੇਣ ਵਿਚ ਉੱਕਾ ਡਰ ਨਹੀਂ।

☆☆☆

'ਸਿਰੀਕੋਟ' ਤੋਂ ਲਾਹੌਰ ਦਰਬਾਰ ਵਿਚ ਬੜੀਆਂ ਭਿਆਨਕ ਖ਼ਬਰਾਂ ਪੁਜ ਰਹੀਆਂ ਸਨ। ਸਰਦਾਰ ਹਰੀ ਸਿੰਘ ਨਲੂਏ ਨੇ ਇਸ ਇਲਾਕੇ ਦੀ ਸੋਧ ਦਾ ਕੰਮ ਆਪਣੇ ਹੱਥਾਂ ਵਿਚ ਲਿਆ ਤੇ ਕੂਚ ਕੀਤਾ।

'ਸਿਰੀਕੋਟ' ਹਜ਼ਾਰੇ ਦੇ ਇਲਾਕੇ ਵਿਚ ਇਕ ਮਸ਼ਹੂਰ ਕਸਬਾ ਹੈ। ਇਹ ਟਿਕਾਣਾ, ਢਾਕਾ ਗੰਡਾ ਗੜ੍ਹ ਦੇ ਮੈਦਾਨ ਵਿਚ, ਪਹਾੜੀ ਇਲਾਕਾ ਹੋਣ ਕਰਕੇ ਰਸਤਾ ਬੜਾ ਬਿਖੜਾ ਹੈ। ਇਹ ਮੁਕਾਮ ਆਪਣੇ ਆਪ ਵਿਚ ਇਨਾਂ ਖਚਾਓ ਦਾ ਅਸਥਾਨ ਸੀ ਕਿ ਅਲਾਹੀ ਬਖ਼ਸ਼ ਵਾਲੇ ਤੋਪਖ਼ਾਨੇ ਨੂੰ ਇਥੇ ਹਾਰ ਹੋ ਚੁਕੀ ਸੀ ਤੇ ਮਸ਼ਹੂਰ ਜਨਰਲ ਰਾਮ ਦਯਾਲ ਕੁੰਜਾਹ ਵਾਲਾ ਜੰਗ ਕਰਦਾ ਇਥੇ ਮਾਰਿਆ ਜਾ ਚੁਕਾ ਸੀ। ਇਸ ਵਾਰ ਜਿਹੜੀ ਖ਼ਾਸ ਔਕੜ ਵਧ ਗਈ ਸੀ ਉਹ ਇਹ ਸੀ ਕਿ ਇਸ ਤੋਂ ਪਹਿਲੇ ਜੰਗਾਂ ਵਿਚ ਮੁਲਖਯਾ ਹੀ ਸਾਹਮਣੇ ਆਉਂਦਾ ਰਿਹਾ ਸੀ, ਪਰ ਇਸ ਵੇਰ ਸਰਬਲੰਦ ਖਾਂ ਤੇ ਮੁਹੰਮਦ ਖਾਂ ਜਹੇ ਪੁਰਾਣੇ ਤਜਰਬੇਕਾਰ ਯੋਧੇ ਸੈਨਾਂ ਦੀ ਅਗਵਾਈ ਕਰ ਰਹੇ ਸਨ।

ਬਰਸਾਤ ਦੇ ਦਿਨ ਬੀਤ ਚੁਕੇ ਸਨ। ਅੱਸੂ ਦਾ ਮਹੀਨਾ ਸੀ। ਸਤ ਹਜ਼ਾਰ ਜਵਾਨ, ੧੦੦ ਜੰਬੂਰਕ ਤੇ ਕੁਛ ਤੋਪਾਂ ਸਾਥ ਸਨ। ਤਿੰਨ ਦਿਨਾਂ ਦੇ ਕੂਚ ਮਗਰੋਂ ਠੀਕ ਉਸ ਵੇਲੇ ਜਦੋਂ ਕਿ ਸੂਰਜ ਨੇਜ਼ਿਆਂ ਨਾਲੋਂ ਵੀ ਤਿਖੀਆਂ ਆਪਣੀਆਂ ਕਿਰਨਾਂ ਨਾਲ ਹਨੇਰੇ ਦੇ ਦੇਵ

ਨੂੰ ਹਟਾ ਤੇ ਨਸਾ ਰਿਹਾ ਸੀ, ਸਰਦਾਰ ਹਰੀ ਸਿੰਘ ਜਾ ਪੁਜੇ। ਇਸ ਪਹਾੜੀ ਦੇ ਦਾਮਨ ਵਿਚ ਨਾੜਾ ਨਾਮ ਦਾ ਇਕ ਪਿੰਡ ਸੀ ਉਸ ਤੇ ਕਬਜ਼ਾ ਕਰ ਲਿਆ ਗਿਆ। ਦੁਸ਼ਮਨ ਪਹਾੜੀ 'ਤੇ ਸੀ ਤੇ ਖਾਲਸਾ ਫੌਜ ਮੈਦਾਨ ਵਿਚ। ਵੈਰੀ ਦਾ ਹਰ ਵਾਰ ਨਿਸ਼ਾਨੇ ਤੇ ਪੈਂਦਾ ਸੀ ਤੇ ਖਾਲਸੇ ਦੀਆਂ ਬੰਦੂਕਾਂ ਤੇ ਤੋਪਾਂ ਵੀ ਵੈਰੀ ਦਾ ਕੁਛ ਵਿਗਾੜ ਨਹੀਂ ਸਕਦੀਆਂ ਸਨ। ਦਿਨ ਭਰ ਲੜਾਈ ਹੁੰਦੀ ਰਹੀ, ਪਰ ਵੈਰੀ ਦੇ ਹੌਸਲੇ ਘਟਣ ਦੀ ਥਾਂ ਵਧਦੇ ਹੀ ਗਏ। ਸਿਖ ਸੈਨਾ ਜਾਨਾਂ ਹੂਲਕੇ ਲੜਦਿਆਂ ਵੀ ਕੁਛ ਬਹੁਤਾ ਨੁਕਸਾਨ ਨਾ ਪੁਚਾ ਸਕੀ। ਸੂਰਮੇ ਬੀਰ ਰਸ ਵਿਚ ਮਤੇ ਪਹਾੜੀ ਤੇ ਚੜ੍ਹਨ ਲਈ ਹੱਲਾ ਮਾਰਦੇ ਸਨ ਪਰ ਪਹਾੜੀ ਦੇ ਸਿਧੇ ਹੋਣ ਦੇ ਕਾਰਨ ਵੈਰੀ ਦੀ ਮਾਮੂਲੀ ਕੋਸ਼ਿਸ਼ ਵੀ ਨੁਕਸਾਨ ਪੁਚਾ ਕੇ ਵਾਪਸ ਹੋਣ ਲਈ ਮਜਬੂਰ ਕਰਦੀ ਸੀ।

ਸਿਖਾਂ ਦੇ ਨੁਕਸਾਨ ਦੀ ਗਿਣਤੀ ਜ਼ਿਆਦਾ ਰਹੀ। ਸੂਰਜ ਛੁਪ ਗਿਆ, ਹਨੇਰਾ ਚਾਰੇ ਪਾਸਿਓਂ ਆ ਗਿਆ, ਫੌਜੀ ਅਫਸਰਾਂ ਨੇ ਸਰਦਾਰ ਹਰੀ ਸਿੰਘ ਨੂੰ ਸਲਾਹ ਦਿਤੀ ਕਿ ਹੁਣ ਜੰਗ ਬੰਦ ਹੋਵੇ ਤੇ ਆਪਣੀ ਸਰਗਰਮੀ ਕਲ ਸਵੇਰ ਤਕ ਮੁਲਤਵੀ ਕੀਤੀ ਜਾਏ। ਪਹਾੜੀ ਮੁਕਾਮ, ਰਸਤਾ ਖਰਾਬ, ਤੇ ਰਾਤ ਦਾ ਵੇਲਾ ਹੈ, ਦਿਨ ਭਰ ਲੜਦਿਆਂ ਸੈਨਾ ਵੀ ਥਕ ਗਈ ਹੈ :

ਸਰਦਾਰ ਹਰੀ ਸਿੰਘ ਜੀ ਨੂੰ ਇਹ ਮਸ਼ਵਰਾ ਚੰਗਾ ਨਹੀਂ ਜਚਿਆ। ਉਹ ਕਹਿੰਦੇ ਸਨ ਕਿ ਜੇ ਕਦੇ ਵੈਰੀ ਨੂੰ ਰਾਤ ਦਾ ਮੌਕਾ ਮਿਲ ਗਿਆ ਤਦ ਉਹ ਹੋਰ ਲਸ਼ਕਰ ਇਕੱਠਾ ਕਰ ਲਏਗਾ ਤੇ ਕਲ੍ਹ ਦਿਨ ਚੜ੍ਹਨ ਤਕ ਉਹਨਾਂ ਦੀ ਫੌਜੀ ਤਾਕਤ ਹੋਰ ਵਧ ਜਾਏਗੀ। ਸਰਦਾਰ ਹਰੀ ਸਿੰਘ ਨੇ ਤਲਵਾਰ ਮਿਆਨ ਵਿਚੋਂ ਕਢੀ, ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ ਤੇ ਪਹਾੜੀ ਤੇ ਚੜ੍ਹਨ ਲਗੇ। ਉਹਨਾਂ ਦਾ ਸਾਥੀ ਮੀਹਾਂ ਸਿੰਘ ਸਾਥ ਸੀ, ਸੈਨਾ ਵੀ ਪਿਛੇ ਹੋ ਗਈ। ਇਹ ਦੋਵੇਂ ਸਰਦਾਰ ਥੋੜੇ ਜਿਹੇ ਸਾਥੀਆਂ ਸਮੇਤ ਇਨੀ ਤੇਜ਼ੀ ਨਾਲ ਪਹਾੜੀ ਤੇ ਚੜ੍ਹਨ ਲਗੇ ਕਿ ਬਾਕੀ ਸੈਨਾ ਪਿਛੇ ਰਹਿ ਗਈ। ਦੁਸ਼ਮਨ ਗੋਲੀਆਂ ਤੇ ਪੱਥਰਾਂ ਦਾ ਮੀਂਹ ਵਰ੍ਹਾ ਰਿਹਾ ਸੀ, ਪਰ ਸੂਰਮੇ ਅੱਗੇ ਵਧਦੇ ਜਾ ਰਹੇ ਸਨ। ਵੈਰੀ ਨੇ ਇਹਨਾਂ ਸਰਦਾਰਾਂ ਨੂੰ ਬਿਜਲੀ ਵਾਲੀ ਤੇਜ਼ੀ ਨਾਲ ਪਹਾੜੀ ਤੇ ਚੜ੍ਹਦੇ ਵੇਖਿਆ ਤੇ ਇਕ ਨਜ਼ਰ ਨਾਲ ਹੀ ਸਮਝ ਗਏ ਕਿ ਫੌਜ ਤੋਂ ਇਹ ਅੱਡ ਹੋਏ ਹੋਏ ਹਨ, ਇਹ ਵੇਖਕੇ ਇਹਨਾਂ ਨੂੰ ਆ ਘੇਰਿਆ। ਆਮ ਨਜ਼ਰ ਵਿਚ ਇਹ ਉਹੀ ਗਲਤੀ ਸੀ ਜੋ ਮਹਾਂ ਭਾਰਤ ਦੇ ਯੁੱਧ ਵਿਚ ਅਭਿਮੰਨੂੰ ਨੇ ਕੀਤੀ। ਸਰਦਾਰ ਹਰੀ ਸਿੰਘ ਗਿਣਤੀ ਦੇ ਜਵਾਨਾਂ ਨਾਲ ਵੈਰੀ ਦੀ

ਅਣਗਿਣਤ ਸੈਨਾ ਵਿਚ ਘਿਰ ਗਿਆ। ਦੁਸ਼ਮਣ ਦੇ ਘੇਰੇ ਵਿਚ, ਹਥੋ ਹੱਥ ਲੜਾਈ ਹੋ ਰਹੀ ਸੀ। ਵੈਰੀ ਦੀ ਸੈਨਾ ਕਿਆਸ ਤੋਂ ਵਧੀਕ ਇਕੱਠੀ ਹੋ ਗਈ ਸੀ। ਸਰਦਾਰ ਹਰੀ ਸਿੰਘ ਦੀ ਨਜ਼ਰ ਇਕ ਕਚੇ ਕੋਠੇ ਤੇ ਪਈ। ਉਹ ਆਪਣੇ ਸਾਥੀ ਸਰਦਾਰ ਮੀਹਾਂ ਸਿੰਘ ਤੇ ਓਹਦੇ ਨਿਕੇ ਭਰਾ ਕਿਸ਼ਨ ਸਿੰਘ ਸਮੇਤ ਉਹਦੇ ਅੰਦਰ ਜਾ ਵੜੇ ਤੇ ਦਰਵਾਜ਼ਾ ਬੰਦ ਕਰਕੇ ਜੰਗ ਨੂੰ ਜਾਰੀ ਰੱਖਣ ਦੀ ਵਿਓਂਤ ਸੋਚਣ ਲਗੇ।

ਵੈਰੀ ਦੇ ਕੁਛ ਹਿਸੇ ਨੇ ਇਸ ਕਚੇ ਕੋਠੇ ਨੂੰ ਘੇਰ ਲਿਆ ਤੇ ਬਾਕੀ ਨੇ ਇਹ ਸ਼ੋਰ ਕਰਦਿਆਂ ਕਿ ਸਰਦਾਰ ਹਰੀ ਸਿੰਘ ਮਾਰਿਆ ਗਿਆ ਹੈ ਸਿੱਖ ਸੈਨਾ ਤੇ ਹੱਲਾ ਬੋਲ ਦਿਤਾ। ਹਰੀ ਸਿੰਘ ਦੀ ਮੌਤ ਦੀ ਖਬਰ ਸਿੱਖ ਸਲਤਨਤ ਦਾ ਲਕ ਤੋੜਨ ਵਾਲੀ ਖ਼ਬਰ ਸੀ। ਇਸ ਖ਼ਬਰ ਦਾ ਸਿਖ ਸੈਨਾ ਤੇ ਜੋ ਅਸਰ ਹੋ ਸਕਦਾ ਹੈ ਉਹਦਾ ਅਨੁਮਾਨ ਲਗਾਣਾ ਕਠਿਨ ਨਹੀਂ। ਪਰ ਸਿੱਖ ਫੌਜ ਦੇ ਜਿੱਥੇ ਕੁਛ ਮਿੰਟਾਂ ਲਈ ਇਸ ਖ਼ਬਰ ਤੋਂ ਹੌਸਲੇ ਟੁੱਟ ਗਏ, ਉਥੇ ਥੋੜ੍ਹੇ ਚਿਰ ਪਿਛੋਂ ਸਪਾਹੀਆਂ ਨੇ ਆਪਣੇ ਸਰਦਾਰ ਦੀ ਮੌਤ ਦੀ ਖ਼ਬਰ ਸੁਣਕੇ ਇਸ ਮੈਦਾਨ ਨੂੰ ਜ਼ਿੰਦਗੀ ਤੇ ਮੌਤ ਦਾ ਨਿਰਣਾ ਕਰਨ ਵਾਲਾ ਜੰਗ ਬਣਾ ਦਿਤਾ। ਰਾਤ ਦੇ ਹਨੇਰੇ ਵਿਚ ਤਲਵਾਰਾਂ ਦੀ ਚਮਕ ਕੜਕ ਦਿਲ ਹਿਲਾ ਦੇਣ ਵਾਲੀ ਸੀ। ਇਹ ਪਹਾੜੀ ਇਕ ਸਿਰੇ ਤੋਂ ਲੈ ਦੂਜੇ ਤੱਕ ਲੋਥਾਂ ਨਾਲ ਭਰ ਗਈ, ਝਰਨਿਆਂ ਵਾਂਗ ਖ਼ੂਨ ਵਗਣ ਲਗਾ, ਇਸ ਤਿਲਕਣ ਨੇ ਜਵਾਨਾਂ ਲਈ ਪਹਾੜ ਤੇ ਚੜ੍ਹਨਾ ਉਤਰਨਾ ਹੋਰ ਵੀ ਕਠਨ ਕਰ ਦਿਤਾ।

ਕਚੇ ਕੋਠੇ ਵਿਚ ਤਿੰਨ ਸਰਦਾਰ ਬੈਠੇ ਸਨ। ਵੈਰੀ ਨੇ ਛੇਕ ਕਰਕੇ ਅੰਦਰ ਫਾਇਰ ਕਰਨੇ ਸ਼ੁਰੂ ਕਰ ਦਿਤੇ। ਸਰਦਾਰਾਂ ਨੇ ਸਮਝਿਆ ਕਿ ਹੁਣ ਵੈਰੀ ਮਕਾਨ ਫੂਕ ਕੇ ਨਾਲ ਹੀ ਖਾਤਮਾ ਕਰ ਦੇਵੇਗਾ ਜਾਂ ਇਸ ਨੂੰ ਗਿਰਾ ਕੇ ਨਾਲ ਹੀ ਇਹਨਾਂ ਦਾ ਕੰਮ ਤਮਾਮ ਕਰਨਾ ਚਾਹੇਗਾ। ਜੇ ਮਰਨਾ ਹੀ ਹੈ ਤਦ ਮਰਦਾਂ ਦੀ ਮੌਤ ਮਰਨਾ ਚਾਹੀਦਾ ਹੈ ਤੇ ਵੈਰੀ ਨੂੰ ਆਪਣੇ ਹੱਥ ਵਿਖਾਕੇ ਮਰਨਾ ਚਾਹੀਦਾ ਹੈ। ਇਹ ਸੋਚ ਕੇ ਪਹਿਲਾਂ ਕਿਸ਼ਨ ਸਿੰਘ ਨੂੰ ਬਾਹਰ ਕੱਢਿਆ। ਵੈਰੀ ਉਸ ਤੇ ਟੁੱਟ ਕੇ ਆ ਪਿਆ। ਇਨੇ ਨੂੰ ਸਰਦਾਰ ਹਰੀ ਸਿੰਘ ਤੇ ਮੀਹਾਂ ਸਿੰਘ ਅੰਦਰੋਂ ਬਾਹਰ ਨਿਕਲੇ। ਇਨਾਂ ਨੇ ਆਪਣੀਆਂ ਪਿਠਾਂ ਜੋੜ ਲਈਆਂ ਤੇ ਵੈਰੀ ਦੇ ਆਹੂ ਲਾਹੁਣੇ ਸ਼ੁਰੂ ਕੀਤੇ। ਸਰਦਾਰ ਕਿਸ਼ਨ ਸਿੰਘ ਤਾਂ ਆਪਣੀ ਸੂਰਮਗਤੀ ਵਿਖਾਉਂਦਾ ਸ਼ਹੀਦ ਹੋ ਗਿਆ, ਹੁਣ ਵੈਰੀ ਦਾ ਜ਼ੋਰ ਸਰਦਾਰ ਹਰੀ ਸਿੰਘ ਵਲ ਸੀ। ਇਨਾਂ ਦੋਨਾਂ ਸੂਰਮਿਆਂ ਨੇ ਅਜਿਹਾ ਗੱਠਕੇ ਜੰਗ ਮਚਾਇਆ ਕਿ ਸ਼ਤਰੂ ਨੂੰ ਲੈਣੇ ਦੇ ਦੇਣੇ

ਪੈ ਗਏ। ਵੈਰੀ ਦਲ ਵਿਚ ਕੁਹਰਾਮ ਮਚ ਗਿਆ, ਸਪਾਹੀ ਆਪਣੇ ਸਿਰਾਂ ਦੇ ਨਜ਼ਰਾਨੇ ਲੈ ਕੇ ਸਰਦਾਰ ਦੇ ਸਾਹਮਣੇ ਆਉਣ ਤੇ ਮਰਨ ਵਿਚ ਇਕ ਦੂਜੇ ਤੋਂ ਅਗੇ ਵਧਣ ਦੇ ਯਤਨ ਕਰਨ ਲਗੇ। ਪਰ ਇਕ ਦਾ ਇਲਾਜ ਦੋ ਦੋ ਦਾ ਚਾਰ ਹੁੰਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਘਿਰੇ ਦੋ ਆਦਮੀ ਕਦ ਤਕ ਤੇ ਕਿਥੋਂ ਤਕ ਬਚਕੇ ਲੜ ਸਕਦੇ ਸਨ। ਸਰਦਾਰ ਮੀਹਾਂ ਸਿੰਘ ਜ਼ਖਮੀ ਹੋ ਕੇ ਡਿਗ ਪਏ, ਜ਼ਖਮ ਖਤਰਨਾਕ ਸਨ, ਪਰ ਸਰਦਾਰ ਸੰਭਲਿਆ, ਉਠਿਆ ਤੇ ਰਾਤ ਦੇ ਹਨੇਰੇ ਵਿਚ ਆਪਣੇ ਡੇਰੇ ਵਲ ਟੁਰ ਪਿਆ। ਹੁਣ ਸਰਦਾਰ ਹਰੀ ਸਿੰਘ ਇਕਲੇ ਰਹਿ ਗਏ ਸੀ। ਇਕਲਿਆਂ ਨੇ ਕੁਛ ਚਿਰ ਲਈ ਵੈਰੀ ਵਾਸਤੇ ਜੀਊਣ ਦਾ ਰਾਹ ਤੰਗ ਕਰ ਦਿੱਤਾ ਪਰ ਅੰਤ ਨੂੰ ਆਪ ਫਟੜ ਹੋ ਕੇ ਇਕ ਗਾਰ ਵਿਚ ਡਿਗ ਪਏ।

ਮੀਹਾਂ ਸਿੰਘ ਜੀ ਫਟੜ ਹੋ ਜਾਣ ਦੇ ਕਾਰਨ ਆਪਣੀ ਫੌਜ ਵੱਲ ਆ ਰਹੇ ਸਨ, ਪਰ ਉਹਨਾਂ ਦਾ ਦਿਲ ਪਿਛੇ ਰਣਭੂਮੀ ਵਿਚ ਸਰਦਾਰ ਹਰੀ ਸਿੰਘ ਜੀ ਵੱਲ ਸੀ ਜੋ ਕਿ ਇਕੱਲੇ ਦੁਸ਼ਮਣ ਦੇ ਹਜ਼ਾਰਾਂ ਸਪਾਹੀਆਂ ਵਿਚ ਘਿਰੇ ਲੜ ਰਹੇ ਸਨ। ਉਹ ਸਰਦਾਰ ਹਰੀ ਸਿੰਘ ਦੀ ਬੀਰਤਾ ਦਾ ਜਾਣੂ ਸੀ ਪਰ ਇਹ ਵੀ ਜਾਣਦਾ ਸੀ ਕਿ ਇਕ ਇਕੱਲਾ ਸ਼ੇਰ ਹਜ਼ਾਰਾਂ ਸਨਧਬਧ ਵੈਰੀਆਂ ਵਿਚ ਘਿਰਕੇ ਲੜਦਾ ਹੋਇਆ ਕਦ ਤਕ ਸਹੀ ਸਲਾਮਤ ਰਹਿ ਸਕਦਾ ਹੈ। ਇਸ ਕਰਕੇ ਉਸ ਨੇ ਆਪਣੀ ਸੈਨਾ ਦੇ ਰਾਹ ਵਿਚ ਮਿਲਣ ਵਾਲੇ ਸਪਾਹੀ ਸਰਦਾਰ ਦੀ ਭਾਲ ਲਈ ਨੀਯਤ ਕੀਤੇ।

ਵੈਰੀ ਨੂੰ ਯਕੀਨ ਸੀ ਕਿ ਸਰਦਾਰ ਘੇਰੇ ਵਿਚ ਮਾਰਿਆ ਗਿਆ ਹੈ। ਉਹਨਾਂ ਨੇ ਪਹਾੜੀ ਦੇ ਮੁਰਦਿਆਂ ਦੇ ਢੇਰਾਂ ਤੇ ਜ਼ਖਮੀਆਂ ਦੇ ਸਥਰਾਂ ਵਿਚ ਸਰਦਾਰ ਜੀ ਦੀ ਭਾਲ ਸ਼ੁਰੂ ਕੀਤੀ। ਇਹ ਚਾਹੁੰਦੇ ਸਨ ਕਿ ਸਿੱਖਾਂ ਦੇ ਮਸ਼ਹੂਰ ਜਰਨੈਲ ਦਾ ਸਿਰ ਕੱਟ ਕੇ ਲੈ ਜਾਣ। ਪਠਾਣਾਂ ਨੇ ਸਰਦਾਰ ਦੀ ਬੜੀ ਭਾਲ ਕੀਤੀ ਪਰ ਸਵਾਏ ਨਾਕਾਮਯਾਬੀ ਦੇ ਉਹਨਾਂ ਨੂੰ ਕੁਛ ਹਥ ਨਾ ਆਇਆ।

ਸਰਕਾਰੀ ਹਰੀ ਸਿੰਘ ਜੀ ਨੂੰ ਜ਼ਖਮ ਕਾਰੀ ਲਗੇ ਸਨ ਜਿਸ ਤੋਂ ਉਹਨਾਂ ਨੂੰ ਕੁਛ ਸੁਧ ਨਹੀਂ ਰਹੀ।

ਹਮੇਸ਼ਾਂ ਚੌਕਸ ਰਹਿਣ ਵਾਲਾ ਸਰਦਾਰ ਹਰੀ ਸਿੰਘ ਅੱਜ ਆਪਣੇ ਸ਼ਹਿਰ ਤੋਂ ਦੂਰ, ਇਲਾਕੇ ਤੋਂ ਦੂਰ ਤੇ ਫਿਰ ਆਪਣਿਆਂ ਤੋਂ ਦੂਰ ਵੈਰੀ ਦੀ ਸੈਨਾ ਵਿਚ ਅਚੇਤ ਪਿਆ ਹੈ। ਰਾਤ ਦਾ ਹਨੇਰਾ, ਆਪਣੇ ਬਿਗਾਨੇ ਦੀ ਪਛਾਣ ਨਹੀਂ ਹੋਣ ਦੇਂਦਾ।

ਸਿੱਖ ਸਿਪਾਹੀ ਤੇ ਵੈਰੀ ਦੀ ਫੌਜ ਦਾ ਇਕ ਤਕੜਾ ਹਿੱਸਾ ਅਜੇ ਵੀ ਬੰਦੂਕਾਂ ਨਾਲ ਤੇ ਤਲਵਾਰਾਂ ਨਾਲ ਆਪਣੇ ਜੌਹਰ ਵਿਖਾ ਰਿਹਾ ਹੈ। ਪਰ ਸਿਖ ਸੈਨਾ ਤੇ ਤੁਰਕਾਨੀ ਦਲ ਦਾ ਇਕ ਹਿੱਸਾ ਸਰਦਾਰ ਦੀ ਭਾਲ ਵਿਚ ਹੈ।

ਸਿੱਖ ਚਾਹੁੰਦੇ ਸਨ ਕਿ ਉਹ ਆਪਣੇ ਸਰਦਾਰ ਨੂੰ ਵੈਰੀ ਵਿਚੋਂ ਲਿਜਾਣ। ਕੁਛ ਚਿਰ ਪਿਛੋਂ ਸਰਦਾਰ ਨੂੰ ਹੋਸ਼ ਆਈ।

ਦੁਸ਼ਮਨ ਅਗਰ ਕਵੀਸਤ,
ਨਿਗਾਹਬਾਂ ਕਵੀਤਰ ਅਸਤ

ਮਾਰਨ ਵਾਲੇ ਨਾਲੋਂ ਰਖਣ ਵਾਲਾ ਬਹੁਤ ਪ੍ਰਬਲ ਹੈ, ਸਤਿਗੁਰੂ ਜੀ ਫਰਮਾਉਂਦੇ ਹਨ:—

ਦੰਤ ਜੀਭ ਜਿਉ ਰਾਖ ਹੈ
ਦੁਸਟ ਅਰਿਸ਼ਟ ਸਿੰਘਾਰ

ਜਿਵੇਂ ਕਟਣ, ਚੀਰਨ ਤੇ ਚਿਥਣ ਵਾਲੇ ਬਤੀ ਦੰਦਾਂ ਦੇ ਵਿਚ ਜੀਭ ਦੀ ਰਖਯਾ ਕਰਦਾ ਹੈ ਦੁਸ਼ਟਾਂ ਤੇ ਵੈਰੀਆਂ ਦੇ ਦਲਾਂ ਵਿਚ ਆਪਣਿਆਂ ਦੀ ਸਹਾਇਤਾ ਕਰਦਾ ਹੈ।

ਇਕ ਸਿੱਖ ਸਪਾਹੀ ਰਸਤੇ ਜਾ ਰਿਹਾ ਸੀ। ਉਹਦੀ ਕਿਸੇ ਨੇ ਲਤ ਫੜੀ। ਸਪਾਹੀ ਨੇ ਵੇਖਿਆ ਤਦ ਸਰਦਾਰ ਹਰੀ ਸਿੰਘ ਨਜ਼ਰੀ ਪਏ! ਇਹ ਸਪਾਹੀ ਵੀ ਇਹਨਾਂ ਦੀ ਤਲਾਸ਼ ਵਿਚ ਸੀ। ਸਰਦਾਰ ਜੀ ਨੂੰ ਫਟੜ ਵੇਖਕੇ ਇਸ ਸ਼ੇਰ ਕਹਰ ਨੂੰ ਜੀਉਂਦੇ ਹੋਣ ਤੋਂ ਖੁਸ਼ੀ ਹੋਈ। ਸਰਦਾਰ ਹਰੀ ਸਿੰਘ ਨੂੰ ਕਰਾਰੇ ਜ਼ਖ਼ਮ ਸਨ, ਖਲਣ ਤਾਂ ਕਿਤੇ ਰਿਹਾ ਉਠਣ ਦੀ ਸੱਤਿਆ ਨਹੀਂ ਸੀ। ਸਿਪਾਹੀ ਨੇ ਬੜੇ ਆਰਾਮ ਨਾਲ ਪਿੱਠ ਪਿੱਛੇ ਪਾ ਕੇ ਡੇਰੇ ਦੀ ਰਾਹ ਫੜੀ। ਥੋੜ੍ਹੀ ਵਾਟ ਤੇ ਹੀ ਸਰਦਾਰ ਮੀਹਾਂ ਸਿੰਘ ਮਿਲ ਗਏ। ਉਹਨਾਂ ਨੇ ਸਰਦਾਰ ਨੂੰ ਘੋੜੇ ਤੇ ਬਿਠਾਣਾ ਚਾਹਿਆ ਪਰ ਉਹਨਾਂ ਵਿਚ ਇਨੀ ਸ਼ਕਤੀ ਵੀ ਨਹੀਂ ਸੀ। ਇਕ ਜ਼ਿੰਮੀਦਾਰ ਦੇ ਖੇਤ ਵਿਚ ਮੰਜੀ ਨਜ਼ਰ ਪਈ, ਇਸ ਤੇ ਸਰਦਾਰ ਨੂੰ ਲਿਟਾ ਕੇ ਡੇਰੇ ਆਂਦਾ ਗਿਆ।

ਇਸ ਲੜਾਈ ਵਿਚ ਦੋਹਾਂ ਧਿਰਾਂ ਦਾ ਨੁਕਸਾਨ ਹੋਇਆ। ਜ਼ਖਮੀਆਂ ਦੀ ਗਿਣਤੀ ਕਾਫੀ ਸੀ। ਸਿੱਖ ੭੦੦੦ ਦੀ ਗਿਣਤੀ ਵਿਚ ਸੀ ਤੇ ਪ੍ਰਦੇਸ਼ ਵਿਚ ਸਨ। ਇਲਾਕਾ ਸਾਰਾ ਮੁਸਲਮਾਨੀ ਸੀ ਇਸ ਕਰਕੇ ਇਹਨਾਂ ਦੀ ਗਿਣਤੀ ਦਾ ਘਾਟਾ ਖੁਲਾ ਨਜ਼ਰ ਆ ਰਿਹਾ ਸੀ। ਸਰਹੱਦੀ ਇਲਾਕੇ ਦੀ ਮੁਸਲਮਾਨੀ ਵਸੋਂ ਹੋਣ ਕਰਕੇ ਸਰਬੁਲੰਦ ਖਾਂ ਤੇ ਮੁਹੰਮਦ

ਖਾਂ ਦੀ ਫੌਜ ਦਾ ਭਾਵੇਂ ਸਿੱਖਾਂ ਨਾਲੋਂ ਵਧੀਕ ਨੁਕਸਾਨ ਹੋ ਗਿਆ ਸੀ, ਦਿਨ ਨਿਕਲਦੇ ਤੱਕ ਮੁਲਖੀਆ ਹੋਰ ਅ ਜਾਨ ਤੋਂ ਉਹਨਾਂ ਨੂੰ ਕਮੀ ਅਨੁਭਵ ਨਹੀਂ ਹੋਈ। ਸਿੱਖ ਆਪਣੇ ਸਰਦਾਰਾਂ ਤੇ ਹੋਰ ਫਟੜਾਂ ਦੀ ਮਰਮ ਪੱਟੀ ਵਿਚ ਲਗ ਪਏ। ਸਰਬਲੰਦ ਖਾਂ ਤੇ ਉਹਦੇ ਆਦਮੀਆਂ ਨੇ ਸਰਦਾਰ ਹਰੀ ਸਿੰਘ ਜੀ ਦੇ ਚਲਾਣੇ ਦੀ ਖ਼ਬਰ ਉਡਾ ਦਿੱਤੀ। ਸਿੱਖ ਇਸ ਗਲਤ ਗੱਲ ਦੀ ਤਰਦੀਦ ਕਰਦੇ ਸਨ, ਪਰ ਇਹਨਾਂ ਦੀ ਕੌਣ ਸੁਣਦਾ ਸੀ, ਕਿਹਾ ਜਾਂਦਾ ਸੀ ਕਿ ਇਹ ਚਾਲ ਚਲ ਰਹੇ ਸਨ। ਸਰਦਾਰ ਦੇ ਚਲਾਣੇ ਦੀ ਖ਼ਬਰ ਤੋਂ ਵੈਰੀਆਂ ਦੇ ਹੌਸਲੇ ਇਤਨੇ ਵਧ ਗਏ ਸਨ ਕਿ ਉਹ ਜਿਥੇ ਕਿਧਰੇ ਸਿੱਖ ਸਿਪਾਹੀ ਨੂੰ ਆਉਂਦਿਆਂ ਜਾਂਦਿਆਂ ਇਕਲਿਆਂ ਦੁਕਲਿਆਂ ਵੇਖਦੇ ਗੋਲੀ ਦਾ ਨਿਸ਼ਾਨਾ ਬਣਾ ਦੇਂਦੇ ਸਨ।

ਸਿਖ ਸਰਦਾਰਾਂ ਨੇ ਬੈਠਕੇ ਸਲਾਹ ਕੀਤੀ ਤੇ ਲਾਹੌਰ ਦਰਬਾਰ ਨੂੰ ਆਪਣੀ ਸਾਰੀ ਵਿਥਿਆ ਲਿਖ ਕੇ ਦੱਸੀ ਕਿ ਅਸੀਂ ਗਿਣਤੀ ਵਿਚ ਥੋੜੇ ਹਾਂ, ਸਰਦਾਰ ਹਰੀ ਸਿੰਘ ਜ਼ਖ਼ਮਾਂ ਨਾਲ ਨਿਢਾਲ ਪਿਆ ਹੈ, ਦੁਸ਼ਮਣ ਸਰਦਾਰ ਦੇ ਚਲਾਣੇ ਦੀ ਗਲਤ ਖ਼ਬਰ ਫੈਲਾ ਕੇ ਇਲਾਕੇ ਵਿਚ ਅੱਗ ਭੜਕਾ ਰਿਹਾ ਹੈ, ਜਦ ਤਕ ਸਾਡੇ ਦਮ ਵਿਚ ਦਮ ਹੈ ਅਸੀਂ ਸ਼ੇਰੇ--ਏ ਪੰਜਾਬ ਦੇ ਝੰਡੇ ਨੂੰ ਨੀਵਾਂ ਨਹੀਂ ਹੋਣ ਦੇਵਾਂਗੇ। ਤੁਸੀਂ ਇਹ ਤਾਂ ਸੁਣ ਲਵੋਗੇ ਕਿ ਇਕ ਇਕ ਸਿਪਾਹੀ ਖਾਲਸੇ ਦੀ ਸ਼ਾਨ ਨੂੰ ਕਾਇਮ ਰਖਦਾ ਹੋਇਆ ਟੁਕੜੇ ਟੁਕੜੇ ਹੋ ਗਿਆ, ਅਰ ਇਹ ਨਹੀਂ ਸੁਣੋਗੇ ਕਿ ਕਿਸੇ ਸਿਪਾਹੀ ਨੇ ਰਣ ਵਿਚ ਪਿੱਠ ਵਿਖਾਈ ਹੋਵੇ।

ਚਿੱਠੀ ਲਾਹੌਰ ਦਰਬਾਰ ਵੱਲ ਭੇਜੀ ਗਈ। ਉਸ ਵੇਲੇ ਤਾਰ ਨਹੀਂ ਸੀ, ਵਾਇਰਲੈਸ ਨਹੀਂ ਸੀ, ਟੈਲੀਫੋਨ ਨਹੀਂ ਸੀ, ਮੋਟਰਾਂ ਨਹੀਂ ਸਨ ਤੇ ਨਾ ਹੀ ਟਰੇਨਾਂ। ਖ਼ਬਰਾਂ ਲੈ ਜਾਣ ਦੇ ਸਾਧਾਰਣ ਢੰਗ ਹੀ ਸਨ ਤੇ ਫੌਜਾਂ ਦੇ ਆਉਣ ਜਾਣ ਨੂੰ ਅੱਜ ਕਲ ਵਾਂਗ ਸਹੂਲਤਾਂ ਨਹੀਂ ਸਨ ਕਿ ੨੪ ਘੰਟੇ ਦੇ ਅੰਦਰ ਅੰਦਰ ਪੇਸ਼ਾਵਰ ਤੋਂ ਸਹਾਰਨਪੁਰ ਫੌਜਾਂ ਪੁੱਜ ਜਾਣ।

ਚਿੱਠੀ ਪਹੁੰਚਦਿਆਂ ਹੀ ਲਾਹੌਰ ਦਰਬਾਰ ਤੋਂ ਫੌਜ ਨੇ ਕੂਚ ਕੀਤਾ ਪਰ ਇਸ ਦੇ ਪੁੱਜਣ ਵਿਚ ਦਿਨ ਲਗਣੇ ਸਨ। ਸਰਦਾਰ ਹਰੀ ਸਿੰਘ ਦੇ ਜ਼ਖ਼ਮ ਅਜੇ ਅੱਲ੍ਹੇ ਹੀ ਸਨ, ਸਰ ਬੁਲੰਦ ਖਾਂ ਦੀ ਫੌਜ ਤੇ ਇਲਾਕੇ ਦੀ ਵਸੋਂ ਦੀ ਸਖ਼ਤੀ ਦੀਆਂ ਸ਼ਿਕਾਇਤਾਂ ਉਹਨਾਂ ਦੇ ਕੰਨਾਂ ਵਿਚ ਪੁੱਜ ਰਹੀਆਂ ਸਨ। ਇਕ ਦਿਨ ਸਰਦਾਰ ਨੇ ਆਪਣੇ ਸੂਹੀਏ ਭੇਜ ਕੇ ਵੈਰੀ ਦੇ ਕੇਂਦਰੀ ਸਥਾਨ ਦੀ ਖ਼ਬਰ ਲਈ। ਆਪ ਨੂੰ ਦਸਿਆ ਗਿਆ ਕਿ ਬਘਰਾ ਨਾਮ ਦੇ ਮੁਕਾਮ 'ਤੇ ਵੈਰੀ ਨੇ ਆਪਣਾ ਜੰਗ ਦਾ ਸਮਾਨ ਤੇ ਲਾਓ ਲਸ਼ਕਰ ਇਕੱਠਾ ਕਰ ਰੱਖਿਆ ਹੈ।

ਸਰਦਾਰ ਹਰੀ ਸਿੰਘ ਨੇ ਲਸ਼ਕਰ ਨੂੰ ਵੇਖਿਆ, ੩੦੦੦ ਚੋਣਵੇਂ ਜਵਾਨ ਲੈ ਕੇ ਬਘਰੇ ਨੂੰ ਜਾ ਘੇਰਿਆ। ਹਥੋ ਹਥ ਲੜਾਈ ਸ਼ੁਰੂ ਹੋ ਗਈ। ਮੁਹੰਮਦ ਖਾਂ ਤੇ ਸਰ ਬੁਲੰਦ ਖਾਂ ਨੇ ਬੜੇ ਹੌਸਲੇ ਬਨ੍ਹਾਏ , ਪਰ ਇਕ ਤਾਂ ਟਿਕਾਣਾ ਮੈਦਾਨੀ ਸੀ ਤੇ ਦੂਜਾ ਸਰਦਾਰ ਹਰੀ ਸਿੰਘ ਜੀ ਦੇ (ਜਿਨ੍ਹਾਂ ਨੂੰ ਉਹ ਮਰ ਚੁਕਾ ਸਮਝੀ ਬੈਠੀ ਸਨ) ਆ ਜਾਣ ਨੇ ਉਹਨਾਂ ਦੇ ਹੌਸਲੇ ਤੋੜ ਦਿਤੇ। ਸਰਬੁਲੰਦ ਖਾਂ ਨੇ ਇਸ ਖਿਆਲ ਤੋਂ ਕਿ ਖ਼ੁਰਾਕ ਤੇ ਲੜਾਈ ਦਾ ਸਮਾਨ ਖਾਲਸੇ ਦੇ ਹੱਥ ਨਾ ਆ ਜਾਏ , ਪਿੰਡ ਨੂੰ ਅੱਗ ਲਾ ਦਿਤੀ ਜਿਸ ਤੋਂ ਮਾਲੀ ਨੁਕਸਾਨ ਤੋਂ ਇਲਾਵਾ ਵਸੋਂ ਦਾ ਜਾਨਾਂ ਦਾ ਵੀ ਨੁਕਸਾਨ ਹੋਇਆ। ਤਰੀਮਤਾਂ, ਬਚੇ, ਬੁਢੇ ਤੇ ਰੋਗੀ ਵਿਚੇ ਸੜ ਗਏ। ਸਾਰੇ ਇਲਾਕੇ ਵਿਚ ਕੁਹਰਾਮ ਮਚ ਗਿਆ। ਮਹੁੰਮਦ ਖਾਂ ਤੇ ਸਰਬੁਲੰਦ ਖਾਂ ਮੈਦਾਨ ਵਿਚੋਂ ਨਸ ਗਏ। ਸਰਦਾਰ ਹਰੀ ਸਿੰਘ ਦੀ ਇਸ ਫ਼ਤਹਿ ਦਾ ਡੰਕਾ ਸਾਰੇ ਇਲਾਕੇ ਵਿਚ ਵੱਜਣ ਲੱਗਾ ਤੇ ਜਿਥੇ ਕਿਧਰੇ ਬਦਅਮਨੀ ਸੀ ਸਾਰੀ ਦੂਰ ਹੋ ਗਈ।

☆ ☆ ☆

ਇਕ ਸਿੰਘਣੀ ਦੀ ਬੀਰਤਾ

ਪਹਿਲੋਂ ਇਹ ਸਾਰਾ ਇਲਾਕਾ ਗਖੜਾਂ ਪਾਸ ਸੀ, ਪਰ ਜਦ ਸਿੰਘ ਆਏ , ਤਦ ਗਖੜਾਂ ਨੇ ਕੋਈ ਮੁਖਾਲਫਤ ਨਹੀਂ ਕੀਤੀ ਜਾਪਦੀ ।ਮਹਾਰਾਜੇ ਦੇ ਵੇਲੇ ਪਹਿਲੋਂ ਸ: ਪ੍ਰਤਾਪ ਸਿੰਘ ਅਟਾਰੀ ਵਾਲੇ ਨੂੰ ਇਹ ਇਲਾਕਾ ਮਿਲਿਆ; ਇਹ ਸਰਦਾਰ ਚਤਰ ਸਿੰਘ ਜੀ ਦਾ ਵੱਡਾ ਭਰਾ ਸੀ। ਪਹਿਲੋਂ ਪਹਿਲ ਇਹਨਾਂ ਬਸਾਲੀ ਘਰ ਪਾਏ, ਅਤੇ ਸ਼ਕਾਰ ਖੇਡਣ ਬਹੁਤੇ ਇਸ ਬੰਨੇ ਹੀ ਆਉਂਦੇ, ਕਿਉਂਕਿ ਪਹਿਲਿਆਂ ਸਮਿਆਂ ਵਿਚ ਸੜਕ ਤੋਂ ਲੈ ਕੇ ਕਹੂਟੇ ਤੀਕ ਜੰਗਲ ਹੀ ਜੰਗਲ ਸੀ (ਇਹ ਸੜਕ ਪਿੰਡੀ ਤੋਂ ਕਲਰ ਨੂੰ ਜਾਂਦੀ ਹੈ)। ਰੋਜ਼ ਦੇ ਆਉਣ ਕਰਕੇ ਇਹ ਜਗ੍ਹਾ ਪਸੰਦ ਆ ਗਈ, ਅਤੇ ਕੱਸੀ ਕੰਡੇ ਇਕ ਥੜਾ ਬਣਾਇਆ। ਹੌਲੀ ਹੌਲੀ ਬਾਗ਼ ਲਗਣ ਲਗ ਪਿਆ, ਅਤੇ ਇਥੇ ਹੀ ਸਰਦਾਰਾਂ ਨੇ ਘਰ ਪਾ ਲਏ। ਇਨ੍ਹਾਂ ਦੇ ਵੇਲੇ ਹੀ ਡੇਰਾ ਖਾਲਸਾ ਵਸਿਆ ਹੈ।

ਬਾਗ਼ ਬਹੁਤ ਸੁੰਦਰ ਸੀ। ਹਰ ਪ੍ਰਕਾਰ ਦੇ ਮੇਵੇਦਾਰ ਰੁਖ਼ ਇਸ ਵਿਚ ਸਨ। ਐਨ ਕੰਢੇ ਉਤੇ ਉੱਚੇ ਥਾਂ ਕਿਲ੍ਹੇ ਦੇ ਤਰਜ਼ ਉਤੇ ਮਕਾਨ ਸੀ ਜਿਸ ਵਿਚ ਸਰਦਾਰ ਅਤੇ ਉਸ ਦਾ ਟੱਬਰ ਰਹਿੰਦਾ। ਇਸ ਤੋਂ ਹੇਠਾਂ ਕਈ ਤਖ਼ਤਿਆਂ ਵਿਚ ਬਾਗ ਸੀ ਅਤੇ ਬਾਗ ਤੋਂ ਹੇਠਾਂ ਕੱਸੀ ਵਗਦੀ। ਕੱਸੀ ਤੋਂ ਪਾਰ ਸੜਕ ਸੀ ਅਤੇ ਇਸ ਦੇ ਪਾਸ ਹੀ ਇਕ ਬੜੀ ਜਬਰ ਜੰਗ ਬਾਉਲੀ (ਇਹ ਅੱਜੇ ਤੀਕ ਹੈ)। ਇਥੋਂ ਇਕ ਦੂਜਾ ਬਾਗ਼ ਸ਼ੁਰੂ ਹੁੰਦਾ, ਜੋ

ਬਾਰਾਂਦਰੀ ਤੀਕ ਸੀ। ਇਹ ਬਾਰਾਂਦਰੀ ਦੂਜੀ ਕੱਸੀ ਕੰਢੇ ਸੀ ਅਤੇ ਬਾਰਾਂਦਹੀ ਦਾ ਮੂੰਹ ਕੱਸੀ ਵਲ ਸੀ; ਇਹ ਸਾਰੀ ਦੀ ਸਾਰੀ ਚੂਨੇਗਚ ਅਤੇ ਪੱਕੀ ਸੀ। ਇਸ ਦੇ ਦਰਵਾਜ਼ੇ ਪੱਥਰ ਦੇ ਸਨ; ਦਰਜ਼ ਗੁਰਦਵਾਰੇ ਦੀ ਸੀ : ਇਹ ਬਾਗ ਬਹੁਤ ਆਲੀਸ਼ਾਨ ਸੀ, ਪਰ ਹੁਣ ਉਸ ਉਤੇ ਖੇਤੀਆਂ ਬੀਜਦੀਆਂ ਹਨ। ਬਾਰਾਂਦਰੀ ਸਭ ਖਸਤਾ ਹੈ ਅਤੇ ਇਕ ਖੂਹ ਤੇ ਬਾਰਾਂਦਰੀ ਬਾਕੀ ਹਨ। ਇਸੇ ਖਾਨਦਾਨ ਦੀ ਇਕ ਸਰਦਾਰਨੀ ਨੇ ਮਕਾਨ ਦੇ ਪਾਸ ਹੀ ਇਕ ਤਾਲਾਬ ਬਣਵਾਇਆ ਸੀ, ਜੋ ਹੁਣ ਰਾਣੀ ਦਾ ਸਰ ਅਖਵਾਉਂਦਾ ਹੈ। ਸਰ ਅਤੇ ਮਕਾਨ ਦੇ ਵਿਚਕਾਰ ਆਲੀਸ਼ਾਨ ਧਰਮਸਾਲ ਸੀ, ਜਿਸ ਵਿਚ ਹੁਣ ਨੀਂਹ ਦੇ ਨਸ਼ਾਨ ਹੀ ਰਹਿ ਗਏ ਹਨ ਹੋਰ ਕੁਝ ਨਹੀਂ। ਇਸ ਮਕਾਨ ਅਤੇ ਬਾਗ਼ ਦਾ ਮਾਲਕ ਹੁਣ ਇਕ ਪਠਾਣ ਹੈ, ਜਿਸ ਨੂੰ ਇਧਰ ਬਹੁਤ ਸਾਰੀ ਜ਼ਮੀਨ ਵੀ ਸਰਕਾਰ ਨੇ ਦਿਤੀ ਹੋਈ ਹੈ : ਇਸਨੇ ਕਿਸੇ ਸਰਹੱਦੀ ਲੜਾਈ ਵਿਚ ਸਰਕਾਰ ਦੀ ਖਿਦਮਤ ਕੀਤੀ ਸੀ।

''ਡੇਰੇ ਖਾਲਸੇ'' ਦਾ ਕਾਰਦਾਰ ਨਵਾਹੂ ਸਿੰਘ ਸੀ। ਇਸਨੇ ਇਥੇ ਇਕ ਤਲਾਬ ਬਣਾਯਾ ਸੀ ਜੋ ਅੱਜ ਤੀਕ ਹੈ। ਇਸ ਦੀ ਘਰ ਵਾਲੀ ਦਾ ਨਾਮ ਮਾਈ ਮਠੋ ਸੀ। ਇਹ ਆਮ ਇਸਤ੍ਰੀਆਂ ਨਾਲੋਂ ਦਲੇਰ ਸੀ। ਅਤੇ ਇਕ ਵਾਰ ਇਸ ਦਲੇਰੀ ਦੇ ਦੱਸਣ ਦਾ ਇਸਨੂੰ ਇਸ ਤਰ੍ਹਾਂ ਮੌਕਾ ਮਿਲਿਆ ਕਿ ਨਵਾਹੂ ਸਿੰਘ ਸਰਦਾਰਾਂ ਦੇ ਨਾਲ ਲਾਹੌਰ ਗਿਆ ਹੋਇਆ ਸੀ ਕਿ ਮਗਰੋਂ ਖਬਰ ਉਡੀ ਜੋ ਭਰਵਾਲੀਆ ਰਾਜਾ ਆਉਂਦਾ ਹੈ (ਇਹ ਗਖੜੀ ਦਾ ਤਕੜਾ ਖਾਨਦਾਨ ਸੀ, ਪਰ ਸਿੰਘਾਂ ਦੇ ਮਾਤਾਹਿਤ ਹੋਕੇ ਰਹਿੰਦੇ ਸਨ, ਜਦ ਕਦੀ ਸਮਾਂ ਪਾਉਂਦੇ, ਤਦ ਆਮ ਪਾਸ ਦੇ ਮੁਲਕ ਨੂੰ ਲੁਟ ਲੈਂਦੇ। ਕਹੂਟਿਓਂ ਪਰੇ ਡੋਗਰਿਆਂ ਦਾ ਰਾਜ ਸੀ, ਅਰਥਾਤ ਗੁਲਾਬ ਸਿੰਘ ਦਾ ਇਲਾਕਾ ਸੀ ; ਅਨੂ ਡੋਗਰ ਹਾਕਮ ਸੀ, ਜੋ ਕੋਈ ਉਧਰ ਜਾਂਦਾ, ਉਸਨੂੰ ਉਹ ਲੁਟ ਲੈਂਦਾ; ਇਸ ਲਈ ਇਦਰ ਦੇ ਆਦਮੀ ਉਧਰ ਘਟ ਜਾਂਦੇ)।

ਮਾਈ ਮਠੋ ਨੇ ਡੌਂਡੀ ਪਟਵਾ ਦਿੱਤੀ ਕਿ ਹਰ ਇਕ ਆਪਣਾ ਆਪਣਾ ਮਾਲ ਤੇ ਜੋਖੋਂ ਸਾਡੇ ਘਰ ਰਖ ਜਾਵੇ, ਅਤੇ ਲਾਂਭ ਦੇ ਪਿੰਡਾਂ ਵਿਚ ਅਖਵਾ ਘਲਿਆ ਕਿ ਜੱਟ ਜ਼ਿਮੀਦਾਰ ਹਥਿਆਰ ਲੈ ਕੇ ਹਾਜ਼ਰ ਹੋਣ, ਜੋ ਹਾਜ਼ਰ ਨਹੀਂ ਹੋਵੇਗਾ ਨਵਾਰੂ ਸਿੰਘ ਦੇ ਆਇਆਂ ਬਹੁਤ ਸਜ਼ਾ ਪਾਏਗਾ। ਜਦ ਚੰਗਾ ਇਕੱਠ ਹੋ ਗਿਆ ਤਾਂ ਪਾਸ ਦੇ ਇਕ ਥੇਹ ਉਤੇ ਜਿਸ ਨੂੰ 'ਮਹੱਲ ਬੀਬੀ ਦਾ' ਆਖਦੇ ਹਨ ਆਦਮੀ ਨੂੰ ਚੜ੍ਹਾਕੇ ਢੋਲ ਵਜਵਾਇਆ। ਸਰਦਾਰਨੀ ਆਪ ਘੋੜੇ ਦੇ ਸ੍ਵਾਰ ਸੀ. ਭਰਵਾਲੀਏ ਨੇ ਸਮਝਿਆ ਸੀ ਕਿ ਮੇਰਾ

ਮੁਕਾਬਲਾ ਕੋਈ ਨਹੀਂ ਕਰੇਗਾ, ਪਰ ਜਦ ਉਸ ਨੇ ਐਤਨਾ ਜਮਘਟ ਵੇਖਿਆ ਤਾਂ ਡਰਦਾ ਮਾਰਾ ਮੁੜਨ ਲਗਾ। ਉਹਦੇ ਸਾਥੀਆਂ ਵਿਚੋਂ ਇਕ ਨੇ ਅਗੇ ਵਧਕੇ ਕਿਹਾ ਕਿ ਇਕ ਇਸਤਰੀ ਦੇ ਮੁਕਾਬਲੇ ਤੋਂ ਪਿਛੇ ਹਟਣਾ ਵਡਿਆਂ ਦਾ ਨਕ ਕਟਣਾ ਹੈ, ਕੁਛ ਵੀ ਹੋ ਜਾਏ ਪਿਛੇ ਨਹੀਂ ਮੁੜਨਾ ਚਾਹੀਦਾ।

ਮਾਈ ਮਠੋ ਆਪ ਕੁਛ ਸਵਾਰਾਂ ਸਣੇ ਟਿਬੇ ਤੇ ਖੜੋਤੀ ਸੀ, ਗਖੜਾਂ ਦੇ ਸਾਹਮਣੇ ਕਾਫੀ ਭੀੜ ਖੜੀ ਕੀਤੀ ਗਈ। ਵੈਰੀ ਦੇ ਹਲੇ ਦੇ ਸਾਹਮਣੇ ਭੀੜ ਦੇ ਪੈਰ ਉਖੜਦੇ ਦਿਸੇ। ਸਾਹਮਣੇ ਦੇ ਜਵਾਨ ਪਿਛੇ ਹਟਦੇ ਤੇ ਸਜੇ ਖਬੇ ਹੁੰਦੇ ਵੇਖਕੇ ਵੈਰੀ ਨੇ ਕਾਮਯਾਬੀ ਸਮਝ ਬੜੇ ਜ਼ੋਰ ਨਾਲ ਅਗੇ ਵਧਣਾ ਸ਼ੁਰੂ ਕੀਤਾ। ਮਾਈ ਮਠੋ ਦਾ ਮੁਲਖਯਾ ਹੋਰ ਤੇਜ਼ੀ ਨਾਲ ਸਜੇ ਖਬੇ ਤੇ ਪਿਛੇ ਹਟਣ ਲਗਾ। ਵੈਰੀ ਦਾ ਦਿਮਾਗ ਇਸਨੂੰ ਕਾਮਯਾਬੀ ਜਾਣ ਤੇ ਫੁਲ ਫੁਲ ਆਪੇ ਤੋਂ ਬਾਹਰ ਹੋ ਰਿਹਾ ਤੇ ਚਾਈਂ ਚਾਈਂ ਅਗੇ ਵਧਦਾ ਗਿਆ। ਉਸ ਨੂੰ ਹੋਸ਼ ਉਸ ਵੇਲੇ ਆਈ ਜਦ ਮਾਈ ਮਠੋ ਦੇ ਪਹਾੜੀ ਤੇ ਖੜੇ ਜਵਾਨਾਂ ਦੇ ਸਾਹਮਣੇ ਆ ਗਿਆ ਤੇ ਸਜੇ ਖਬੇ ਦੋਹਾਂ ਪਾਸਿਆਂ ਤੇ ਖੜੇ ਜਵਾਨਾਂ ਨੇ ਉਸ ਨੂੰ ਆਪਣੇ ਗੋਲ ਘੇਰੇ ਵਿਚ ਲੈ ਲਿਆ। ਪਿਛੇ ਹਟ ਰਹੇ ਸਿੱਖਾਂ ਨੇ ਤਿੰਨਾਂ ਪਾਸਿਆਂ ਤੋਂ ਤੇ ਟਿਬੇ ਤੇ ਖੜੋਤਿਆਂ ਨੇ ਸਾਹਮਣਿਓਂ, ਹੁਣ ਪੈਰ ਜਮਾਕੇ ਹੱਲਾ ਬੋਲਿਆ। ਗਖੜਾਂ ਵਾਸਤੇ ਬੜੀ ਮੁਸ਼ਕਲ ਦੀ ਘੜੀ ਬਣ ਗਈ। ਸਿੱਖਾਂ ਨੇ ਚਾਰੇ ਪਾਸਿਆਂ ਤੋਂ ਘੇਰ ਰਖਿਆ ਸੀ, ਜ਼ਮੀਨ ਸਖਤ ਤੇ ਆਸਮਾਨ ਦੂਰ ਵਾਲੀ ਗਲ ਸੀ। ਹੁਣ ਉਹ ਗਖੜ ਰਾਜੇ ਜੇਹੜੇ ਇਕ ਇਸਤਰੀ ਦੇ ਸਾਹਮਣਿਓਂ ਨਠਣਾ ਬੇਪਤੀ ਤੇ ਬੇਗ਼ੈਰਤੀ ਸਮਝਦੇ ਸਨ ਉਹਨਾਂ ਵੀ ਹਥਯਾਰ ਸੁਟ ਦਿਤੇ, ਕਾਫੀ ਨੁਕਸਾਨ ਉਠਾਕੇ ਤੇ ਅਗੋਂ ਨੂੰ ਫਿਰ ਇਸ ਪਾਸੇ ਕਦੇ ਮੂੰਹ ਨਾ ਕਰਨ ਦਾ ਪ੍ਰਣ ਕਰਕੇ ਸ਼ਰਨ ਲੈ ਕੇ ਅਮਨ ਮੰਗਿਆ ਤੇ ਜਾਨ ਬਚਾਈ।

★ ★ ★

ਸਿਖ ਇਤਿਹਾਸ ਦਾ ਅਣਛਪਿਆ ਪੱਤਰਾ

ਇਕ ਵੇਰ ਲਾਹੌਰ ਦਰਬਾਰ ਦੀ ਸੈਨਾ ਜਮਰੌਦ ਨੂੰ ਚੜ੍ਹੀ ਤਾਂ ਨਵਾਂ ਸ਼ਹਿਰ ਹਰੀ ਪੁਰ ਹਜ਼ਰੋ ਲਾਹੌਰ, ਥਾਣੀ ਹੁੰਦੇ ਹੋਏ ਜਦ ''ਤੋਰੂ'' ਅਪੜੇ ਤਾਂ ਵਸਨੀਕ ਅਗੋਂ ਆਕੜੇ, ਹਥਯਾਰ ਲੈ ਕੇ ਸਾਹਮਣੇ ਹੋਏ। ਅਗੇ ਖਾਲਸਾ ਕੇਹੜਾ ਚੂੜੀਆਂ ਪਾਈ ਬੈਠਾ ਸੀ, ਹੱਥੋ ਹਥ ਨਬੇੜਾ ਹੋਣ ਲਗਾ। ਘੇਰ ਕੇ ਵੈਰੀ ਦੇ ਆਹੂ ਲਾਹ ਦਿੱਤੇ। ਜੋ ਅੜੇ ਸੋ ਝੜੇ, ਜੋ ਭਜੇ ਉਹ ਵੀ ਮਾਰੇ ਗਏ। ਇਥੋਂ ਯਾਰੂ ਸੈਣ, ਤਿਲਾਂ ਦੀ, ਖਿਵਾ, ਕੋਟਾ ਖੈਰਾਬਾਦ ਥਾਣੀ ਹੋ ਕੇ ਪੇਸ਼ਾਵਰ ਪੁਜੇ। ਪੀਰ ਮੁਹੰਮਦ ਤਾਂ ਮਿਲ ਪਿਆ, ਪਰ ਦੋਸਤ ਮੁਹੰਮਦ ਡਟਿਆ ਰਿਹਾ। ਦੋਸਤ ਮੁਹੰਮਦ ਨੇ ਜਮਰੌਦ ਦਾ ਘੇਰਾ ਘੱਤਿਆ ਹੋਇਆ ਸੀ, ਖਾਲਸੇ ਨੇ ਰਾਤੋਂ ਰਾਤ ਹੀ ਕੱਚੀ ਕੰਧ ਉਸਾਰ ਲਈ। ਪਠਾਣਾਂ ਨੇ ਘੇਰਾ ਘੱਤੀ ਰਖਯਾ, ਅਤੇ ਪਾਣੀ ਨਾਲੇ ਦਾ ਬੰਦ ਕਰ ਲਿਆ, ਜੋ ਕਿਲੇ ਨੂੰ ਆਉਂਦਾ ਸੀ, ਅੰਨ ਵੀ ਅੰਦਰ ਮੁਕ ਚੁੱਕਾ ਸੀ, ਪੰਜ ਦਿਨ ਭੁਖੇ ਰਹੇ। ਸ੍ਰ. ਮਹਾਂ ਸਿੰਘ ਨੇ ਕਿਹਾ ਕਿ ਘੋੜੇ ਖਾ ਲਈਏ, ਕੀ ਦੋਸ਼ ਹੈ ? ਪਰ ਸ੍ਰ. ਕਾਹਨ ਸਿੰਘ ਰੋਸੇ ਨੇ ਕਿਹਾ ਕਿ ਅਸੀਂ ਉਨ੍ਹਾਂ ਉਤੇ ਹੀ ਚੜ੍ਹੀਏ ਅਤੇ ਉਹਨਾਂ ਨੂੰ ਹੀ ਖਾਈਏ, ਇਹ ਨਹੀਂ ਹੋਣਾ। ਅੰਤ ਨੂੰ ਲੜਾਈ ਲਈ ਤਿਆਰ ਹੋ ਪਏ। ਨਜੀਬਾਂ ਨੇ ਸੱਜਾ ਬੱਨਾਂ ਲਿਆ ਅਤੇ ਖਾਲਸੇ ਨੇ ਖੱਬਾ। ਨਜੀਬ ਹਤਾ ਕੁ ਉੱਤੋਂ ਹੋ ਕੇ ਪਏ , ਜਿਸ ਨਾਲ ਉਹ ਦੁਸ਼ਮਣਾਂ ਦੇ ਪਿਛੇ ਚਲੇ ਗਏ, ਅਤੇ ਖਾਲਸੇ ਸਾਹਮਣਿਓਂ, ਵਿਚਕਾਰ ਦੁਸ਼ਮਣ ਨੂੰ

ਲੈ ਕੇ ਗਭੇ ਵਾਢ ਕੀਤੀ। ਨਜੀਬ ਤੇ ਸਿਖ ਵੈਰੀ ਨੂੰ ਪਿੱਛੋਂ ਤੇ ਅਗੋਂ ਵਢਦੇ ਆ ਮਿਲੇ। ਦੋਸਤ ਮੁਹੰਮਦ ਖਾਂ ਨੂੰ ਨਸਣ ਤੋਂ ਬਿਨਾਂ ਜਦ ਕੋਈ ਚਾਰਾ ਹੀ ਨਾ ਰਿਹਾ ਤਦ ਉਹ ਸਿਰ ਤੇ ਪੈਰ ਰਖਕੇ ਭਜਾ, ਭੁੱਖ ਦੇ ਦੁੱਖ ਨੇ ਸਿਖ ਸੈਨਾ ਨੂੰ ਵੀ ਆਤਰ ਕਰ ਰਖਿਆ ਸੀ ਇਸ ਕਰ ਕੇ ਬਹੁਤੀ ਦੂਰ ਤਕ ਸਿਖਾਂ ਨੇ ਵੀ ਪਿੱਛਾ ਨਾ ਕੀਤਾ ਤੇ ਜਮਰੋਦ ਵਿਚ ਵਾਪਸ ਆ ਗਏ। ਤਦ ਪੀਣ ਜੋਗਾ ਪਾਣੀ ਮਿਲਿਆ ਤੇ ਫੇਰ ਮਸਾਂ ਅੰਨ ਦੇ ਮੱਥੇ ਲੱਗੇ।

☆ ☆ ☆

ਦੁਨੀਆਂ ਦਾ ਸਭ ਤੋਂ ਉਤਮ ਜਰਨੈਲ

ਲੰਡਨ ਦੇ ਅਖ਼ਬਾਰ 'ਟਿਟ ਬਿਟ' ਵਿਚ ਹੇਠ ਲਿਖਿਆ ਲੇਖ ਛਪਿਆ ਹੈ --

''ਅਜ ਕਲ ਫਰਾਂਸ ਤੇ ਇੰਗਲਿਸਤਾਨ ਦੇ ਅਖਬਾਰ ਤੇ ਰਸਾਲੇ ਆਪਣੇ ਆਪਣੇ ਜਰਨੈਲਾਂ ਨੂੰ ਕਾਮਯਾਬ ਸਾਬਤ ਕਰਨ ਦੀ ਕੋਸ਼ਸ਼ ਵਿਚ ਲਗੇ ਹੋਏ ਹਨ, ਪਰ ਅਫਸੋਸ ਹੈ ਕਿ ਉਹ ਸਚਾਈ ਤੇ ਅਸਲੀਅਤ ਨੂੰ ਬਿਲਕੁਲ ਪਿੱਛੇ ਛਡ ਗਏ ਹਨ। ਮੇਰੀ ਰਾਏ ਵਿਚ ਜਿਨ੍ਹੇ ਜਰਨੈਲ ਪੂਰਬ ਨੇ ਪੈਦਾ ਕੀਤੇ ਹਨ, ਓਨੇ ਪੱਛਮ ਪੈਦਾ ਨਹੀਂ ਕਰ ਸਕਿਆ। ਦੁਨੀਆਂ ਦਾ ਸਭ ਤੋਂ ਵਧੀਆ ਤੇ ਸਭ ਤੋਂ ਵਧ ਕਾਮਯਾਬ ਜਰਨੈਲ ਪੈਦਾ ਕਰਨ ਦਾ ਮਾਣ ਭੀ ਪੂਰਬ ਨੂੰ ਹੀ ਹੈ। ਪਰ ਅੰਗ੍ਰੇਜ਼ ਮੇਰੀ ਸਾਫਗੋਈ ਦੇ ਕਾਰਨ ਮੈਨੂੰ ਟੇਢੀ ਨਿਗਾਹ ਨਾਲ ਦੇਖਣਗੇ, ਕਿਉਂਕਿ ਅਜ ਕਲ ਪੂਰਬ ਤੇ ਪੱਛਮ ਦਾ ਮਾਮਲਾ ਮਤੇਰ--ਭਰਾਵਾਂ ਦਾ ਮਾਮਲਾ ਬਣ ਚੁਕਾ ਹੈ। ਮੈਂ ਅੰਗ੍ਰੇਜ਼ ਹਾਂ, ਦੇਸ਼ ਭਗਤ ਹਾਂ, ਇੰਗਲਿਸਤਾਨ ਦੀ ਆਨ ਸ਼ਾਨ ਪਰ ਮੈਨੂੰ ਮਾਣ ਹੈ, ਪਰ ਸਚਾਈ ਨੂੰ ਕਿਸੇ ਮੁੱਲ ਭੀ ਹਥੋਂ ਛਡ ਦੇਣਾ ਮੈਂ ਇਕ ਅੰਗ੍ਰੇਜ਼ ਲਈ ਨਫਰਤ ਦੀ ਥਾਂ ਖਿਆਲ ਕਰਦਾ ਹਾਂ। ਮੈਂ ਦੁਨੀਆਂ ਭਰ ਦੇ ਇਤਿਹਾਸ ਨੂੰ ਬੜੇ ਗੌਹ ਨਾਲ ਵਿਚਾਰਿਆ ਹੈ ਤੇ ਮੈਂ ਇਸ ਨਤੀਜੇ ਪਰ ਪੁਜਿਆ ਹਾਂ ਕਿ ਪੱਛਮ ਅਜੇ ਸਦੀਆਂ ਤਕ ਪੂਰਬ ਦੇ ਸਾਹਮਣੇ ਸਿਰ ਨੀਵਾਂ ਰਖ ਸਕਦਾ ਹੈ। ਪੂਰਬ ਦੇ ਪਾਸ ਅਜੇ ਉਹ ਖਜ਼ਾਨੇ ਮੌਜੂਦ ਹਨ ਜੋ ਪੱਛਮ ਦੇ ਚਿੱਤ ਚੇਤੇ ਭੀ ਨਹੀਂ ਹੋ ਸਕਦੇ। ਪੱਛਮ ਦੀ

ਮੌਜੂਦਾ ਤੁੱਕੀ,ਤਬਾਹੀ ਅਰ ਗਾਰਤਗਰੀ ਦੇ ਤੁਲ ਹੈ, ਪਰ ਪੂਰਬ ਦੀ ਜਾਗਰਤ ਰੂਹਾਨੀਯਤ ਤੇ ਅੰਤਰ--ਪ੍ਰਕਾਸ਼ ਦਾ ਪੇਸ਼--ਖੈਮਾ ਹੈ।

ਖੈਰ ਹੁਣ ਮੈਂ ਆਪਣੇ ਅਸਲੀ ਮਤਲਬ ਤੇ ਆਉਂਦਾ ਹਾਂ, ਉਹ ਇਹ ਕਿ ਦੁਨੀਆਂ ਦਾ ਸਭ ਤੋਂ ਵਧੀਕ ਕਾਮਯਾਬ ਜਰਨੈਲ ਕੌਣ ਹੈ ? ਕਈ ਨਪੋਲੀਅਨ ਦਾ ਨਾਮ ਲੈਣਗੇ, ਜਿਹਾ ਕਿ ਸਾਡੇ ਫਰਾਂਸੀਸੀ ਭਾਈ ਕਹਿ ਰਹੇ ਹਨ। ਕਈ ਮਾਰਸ਼ਲ ਵਾਨ ਹਿੰਡਨ ਬਰਗ, ਲਾਰਡ ਕਿਚਨਰ, ਜਰਨੈਲ ਕਰੂੰਜ਼ੇ, ਡੀਊਕ ਆਫ ਵਲਿੰਗਟਨ ਆਦ ਦਾ ਨਾਮ ਲੈਣਗੇ। ਜੇ ਕੋਈ ਇਸ ਤੋਂ ਭੀ ਅਗੇ ਵਧ ਜਾਵੇ, ਉਹ ਹਲਾਕੂ ਖਾਨ, ਚੰਗੇਜ਼ ਖਾਨ ਅਰਲ, ਤੇ ਸਲਾਹ ਦੀਨ ਆਦ ਦਾ ਨਾਮ ਲਵੇਗਾ, ਪਰ ਮੇਰਾ ਖਿਆਲ ਹੈ ਕਿ ਯੂਰਪ ਵਿਚ ਉਸ ਸਭ ਤੋਂ ਚੰਗੇ ਤੇ ਕਾਮਯਾਬ ਜਰਨੈਲ ਦਾ ਨਾਮ ਜਾਣਦੇ ਤਾਂ ਹਨ, ਪਰ ਉਹਨਾਂ ਦੀ ਜ਼ਬਾਨ 'ਤੇ ਉਸ ਦਾ ਨਾਮ ਨਹੀਂ ਆ ਸਕਦਾ। ਉਹ ਇਤਨੀ ਵੱਡੀ ਪੋਜ਼ੀਸ਼ਨ ਉਸ ਨੂੰ ਦੇਣ ਲਈ ਤਿਆਰ ਨਹੀਂ। ਮੇਰਾ ਜਵਾਬ ਸੁਣਦੇ ਹੀ ਉਹ ਹੈਰਾਨ ਹੋ ਕੇ ਬੋਲ ਉਠਣਗੇ, ਕਈ ਤਾਂ ਇਥੋਂ ਤਕ ਕਹਿਣ ਤੋਂ ਭੀ ਸੰਕੋਚ ਨਹੀਂ ਕਰਨਗੇ ਕਿ ਜਿਸ ਆਦਮੀ ਦਾ ਨਾਮ ਹੀ ਨਹੀਂ ਸੁਣਿਆ ਗਿਆ ਉਹ ਦੁਨੀਆਂ ਦਾ ਸਭ ਤੋਂ ਵਧੀਆ ਜਰਨੈਲ ਹੋਵੇ ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਪਰ ਆਓ ਮੈਂ ਦੱਸਾਂ ਉਹ ਕੌਣ ਹੈ, ਉਹ ਜਰਨੈਲ ਉਤਰੀ ਹਿੰਦੁਸਤਾਨ ਦੀ ਇਕ ਛੋਟੀ ਜਿਹੀ ਕੌਮ ਵਿਚੋਂ ਹਰੀ ਸਿੰਘ ਨਲੂਆ ਹੈ।

ਸਰਦਾਰ ਹਰੀ ਸਿੰਘ ਨਲੂਏ ਦਾ ਨਾਮ ਹਿੰਦੁਸਤਾਨੀ ਤਾਰੀਖ ਨਾਲ ਮੱਸ ਰਖਣ ਵਾਲੇ ਸੱਜਣ ਚੰਗੀ ਤਰ੍ਹਾਂ ਜਾਣਦੇ ਹਨ, ਪਰ ਆਮ ਨਹੀਂ, ਕਿਉਂਕਿ ਉਸ ਸਬੰਧੀ ਕੁਛ ਭੀ ਨਹੀਂ ਲਿਖਿਆ ਗਿਆ। ਕੇਵਲ ਥੋੜ੍ਹੀਆਂ ਜਿਹੀਆਂ ਹਿੰਦੁਸਤਾਨੀ ਤਾਰੀਖਾਂ ਵਿਚ ਉਸ ਦਾ ਮਾੜਾ ਮੋਟਾ ਹਾਲ ਮਿਲਦਾ ਹੈ, ਪਰ ਜਿਥੇ ਤਕ ਮੈਂ ਵਿਚਾਰ ਕੀਤੀ ਹੈ ਮੈਂ ਸਮਝਦਾ ਹਾਂ ਕਿ ਉਹ ਦੁਨੀਆਂ ਦਾ ਸਭ ਤੋਂ ਕਾਮਯਾਬ ਜਰਨੈਲ ਹੈ। ਉਸ ਨੇ ਮਾਮੂਲੀ ਗਿਣਤੀ ਨਾਲ ਜਿਵੇਂ ਅਫਗਾਨਿਸਤਾਨ ਜਿਹੇ ਮੁਲਕ ਨੂੰ ਫਤਹ ਕੀਤਾ ਤੇ ਜਿਵੇਂ ਪਠਾਣਾਂ ਤੇ ਆਪਣੀ ਜੰਗੀ ਤਾਕਤ ਦਾ ਸਿੱਕਾ ਬਠਾਇਆ ਉਹ ਇਨ੍ਹਾਂ ਦੇ ਵੱਡ--ਪਣ ਦੀ ਆਪ ਗਵਾਹੀ ਹੈ। ਇਹ ਉਹ ਇਲਾਕਾ ਹੈ ਜਿਥੇ ਤਿੰਨ ਵਾਰ ਅੰਗ੍ਰੇਜ਼ ਫੌਜਾਂ ਦਾ ਕਤਲੇ ਆਮ ਹੋਇਆ, ਜਿਥੇ ਅਮਨ ਕਾਇਮ ਰੱਖਣ, ਆਪਣਾ ਕਬਜ਼ਾ ਪੱਕਾ ਕਰਨ ਦੀ ਕੋਸ਼ਸ਼ ਤੇ ਕੋਸ਼ਸ਼ ਫੇਲ ਹੋਈ, ਹਾਲਾਂਕਿ ਬਰਤਾਨਵੀ ਫੌਜ ਤੇ ਬਰਤਾਨਵੀ ਖਜ਼ਾਨਾ ਉਸਦੇ ਮੁਕਾਬਲੇ ਬਹੁਤ ਜ਼ਿਆਦਾ ਸੀ। ਜੇ ਇਤਨੀ ਫੌਜ ਤੇ ਇਤਨਾ ਖਜ਼ਾਨਾ ਹਰੀ ਸਿੰਘ ਦੇ ਪਾਸ ਹੁੰਦਾ

ਤਾਂ ਸ਼ਾਇਦ ਉਹ ਕੁਛ ਮਹੀਨਿਆਂ ਵਿਚ ਸਾਰੇ ਏਸ਼ੀਆ ਤੇ ਯੂਰਪ ਨੂੰ ਲਤਾੜ ਛਡਦਾ। ਕਈ ਸੱਜਨ ਉਸ ਦੀਆਂ ਇਹਨਾਂ ਕਾਮਯਾਬੀਆਂ ਨੂੰ ਜ਼ੁਲਮ ਅਰ ਸਖਤੀ ਦੀ ਤਾਬੀਰ ਦੇਣਗੇ ਤੇ ਉਸ ਦੀ ਫਤਹ ਨੂੰ ਜ਼ੁਲਮ ਦਾ ਨਤੀਜਾ ਦਸਣਗੇ, ਪਰ ਦੁਨੀਆਂ ਜਾਣਦੀ ਹੈ ਕਿ ਉਸ ਨੇ ਕਿਵੇਂ ਇਸ ਇਲਾਕੇ ਨੂੰ ਫਤਹ ਕੀਤਾ। ਸਿੱਖ ਕੌਮ ਨੂੰ ਸਮੁਚੇ ਤੌਰ ਪਰ ਆਪਣੇ ਵਤਨ ਪੰਜਾਬ ਤੋਂ ਬਾਹਰ ਫਤਹ ਹਾਸਲ ਕਰਨ ਦਾ ਸ਼ੌਕ ਨਹੀਂ ਸੀ, ਉਹ ਇਲਾਕੇ ਸਰ ਕਰਨ ਦੇ ਚਾਹਵਾਨ ਨਹੀਂ ਸਨ। ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਜੇ ਉਹ ਚਾਹੁੰਦੇ ਤਾਂ ਸਾਰੇ ਏਸ਼ੀਆ ਨੂੰ ਫਤਹ ਕਰ ਸਕਦੇ ਸਨ। ਉਹਨਾਂ ਦੀ ਜਥੇਬੰਦ ਤਾਕਤ ਕੋਈ ਮਾਮੂਲੀ ਤਾਕਤ ਨਹੀਂ ਸੀ। ਯੂਰਪ ਦੀ ਜੰਗ ਨੇ ਦੁਨੀਆ ਵਿਚ ਸਾਬਤ ਕਰ ਦਿੱਤਾ ਕਿ ਸਿੱਖ ਕੌਮ ਦੁਨੀਆਂ ਵਿਚ ਸਭ ਤੋਂ ਬਹਾਦਰ ਕੌਮ ਹੈ। ਇਸ ਕੌਮ ਵਿਚ ਜੰਗੀ ਰੂਹ ਭਾਵੇਂ ਇਹਨਾਂ ਦੇ ਮਜ਼ਹਬ ਨੇ ਹੀ ਭਰ ਦਿਤੀ ਸੀ, ਪਰ ਮਾਜੂਦਾ ਜਥੇਬੰਦੀ ਸਰਦਾਰ ਹਰੀ ਸਿੰਘ ਨਲੂਏ ਦਾ ਹੀ ਕੰਮ ਹੈ। ਭਾਵੇਂ ਸਰਦਾਰ ਹਰੀ ਸਿੰਘ ਨਲੂਏ ਨੂੰ ਕਿਸੇ ਵੱਡੇ ਜੰਗ ਯਾ ਵਾਟਰਲੂ ਜਿਹੇ ਜੰਗ ਵਿਚ ਹਿਸਾ ਲੈਣ ਦਾ ਸਮਾਂ ਨਹੀਂ ਮਿਲਿਆ, ਪਰ ਉਸਦੀ ਲੜਾਈ ਦਾ ਤਰੀਕਾ ਬੇ–ਮਿਸਾਲ ਹੈ।

☆ ☆ ☆

ਧੰਨ ਗੁਰੂ ਕੇ ਸਿੱਖ

(ਇਕ ਬੁੱਢੇ ਮੁਸਲਮਾਨ ਕਸ਼ਮੀਰੀ ਦੀ ਜ਼ਬਾਨੀ)

ਜਦੋਂ ਸਿੱਖਾਂ ਨੇ ਕਸ਼ਮੀਰ ਤੇ ਕਬਜ਼ਾ ਕੀਤਾ ਸੀ ਓਦੋਂ ਸਿੱਖਾਂ ਦੀ ਕੁਝ ਫੌਜ ਗਲਗਿਤ, ਰਟੂ, ਬੋਜੀ ਆਦਿ ਥਾਵਾਂ ਨੂੰ ਫਤਹਿ ਕਰਦੀ ਚਲਾਸ ਪਹੁੰਚੀ ਸੀ। ਰਸਤੇ ਵਿਚ ਸਿੱਖਾਂ ਸਾਹਮਣੇ ਕੋਈ ਨਹੀਂ ਸੀ ਅੜਿਆ, ਪਰ ਇਥੇ ਆ ਕੇ ਆਪ ਨੂੰ ਬੜਾ ਭਾਰੀ ਜੰਗ ਕਰਨਾ ਪਿਆ ਤੇ ਕਈ ਦਿਨਾਂ ਦੇ ਜੰਗ ਤੋਂ ਬਾਦ ਆਪ ਨੇ ਇਸ ਕਿਲੇ ਤੇ ਕਬਜ਼ਾ ਕੀਤਾ ਜੋ ਸਾਡੇ ਲੋਕਾਂ ਦੀ ਇਕ ਕਚੀ ਗੜ੍ਹੀ ਜਿਹੀ ਸੀ। ਕਿਲੇ ਪਰ ਕਬਜ਼ਾ ਕਰਨ ਨਾਲ ਸਾਡੇ ਲੋਕ ਨਸ ਭਜ ਗਏ, ਪਰ ਸਿੱਖਾਂ ਨੇ ਉਹਨਾਂ ਦਾ ਪਿਛਾ ਕੀਤਾ ਤੇ ਇਥੋਂ ੪੦ ਮੀਲ ਦੀ ਵਿਥ ਤਕ ਆਪ ਗਏ। ਸਾਡੇ ਲੋਕਾਂ ਦਾ ਬਹੁਤ ਸਾਰਾ ਨੁਕਸਾਨ ਹੋਇਆ ਤੇ ਜੋ ਕੋਈ ਬਚੇ ਸਨ ਤਾਂ ਉਹਨਾਂ ਹਥਿਆਰ ਸੁਟ ਕੇ ਈਨ ਮੰਨ ਲਈ। ੪੦ ਮੀਲ ਦੀ ਵਿਥ ਪੁਰ (ਜਿਥੋਂ ਤਕ ਸਿੱਖ ਗਏ ਸਨ ਉਥੇ) ਇਕ ਨਿਸ਼ਾਨ ਬੁਰਜੀ ਖੜੀ ਕੀਤੀ ਜੋ ਹੁਣ ਤਕ ਮੌਜੂਦ ਹੈ।

ਇਕ ਦਿਨ ਸਵੇਰੇ ਇਕ ਸਿੰਘ ਕਿਲੇ ਚੋਂ ਬਾਹਰ ਜੰਗਲ ਫਿਰਨ ਜਾ ਰਿਹਾ ਸੀ ਜੋ ਰਸਤੇ ਵਿਚ ਆਪ ਨੂੰ ੭ ਭੁਟਿਆਂ* ਨੇ ਘੇਰ ਲੀਤਾ। ਆਪ ਦੇ ਇਕ ਹੱਥ ਗੜਵੀ ਸੀ ਤੇ ਦੂਜੇ ਹਥ ਦਾਤਣ। ਕੋਈ ਸ਼ਸਤ੍ਰ ਵਗ਼ੈਰਾ ਨਹੀਂ ਸੀ। ਉਸ ਖਾਲਸੇ ਨੇ ਭੁਟਿਆਂ ਨੂੰ ਕਿਹਾ ਕਿ ਇਹ ਸੂਰਮੇ ਦਾ ਕੰਮ ਨਹੀਂ ਕਿ ਕਿਸੇ ਖਾਲੀ ਹੱਥ ਵਾਲੇ ਤੇ ਸ਼ਸਤ੍ਰ ਦਾ ਵਾਰ ਕਰਨਾ, ਚੂੰਕਿ ਮੈਂ ਹਥੋਂ ਖਾਲੀ ਹਾਂ ਤੇ ਤੁਹਾਡੇ ਪਾਸ ਬੰਦੂਕਾਂ ਹਨ। ਚੰਗੀ ਗੱਲ ਤਾਂ ਇਹ ਹੈ ਕਿ ਜਾਂ ਮੈਨੂੰ ਵੀ ਸ਼ਸਤ੍ਰ ਲੈਣ ਦੇਵੋ ਜਾਂ ਆਪ ਸ਼ਸਤ੍ਰ ਰਖਕੇ ਸਾਹਮਣੇ ਹੋ ਜਾਓ। ਤੁਸੀਂ ਸੱਤ ਹੋ ਮੈਂ ਕੱਲਾ ਹਾਂ, ਜਿਵੇਂ ਹੋਵੇਗੀ ਨਿਬੜ ਲਵਾਂਗੇ। ਸਿੱਖ ਦੀ ਇਹ ਦਲੇਰੀ ਤਕ ਕੇ ਉਹਨਾਂ ਭੁਟਿਆਂ ਨੇ ਸ਼ਸਤ੍ਰ ਰਖ ਦਿਤੇ ਤੇ ਕਸਮ ਖਾ ਲਈ ਕਿ ਅਸੀਂ ਤੇਰੇ ਉਤੇ ਸ਼ਸਤ੍ਰ ਦਾ ਵਾਰ ਨਹੀਂ ਕਰਾਂਗੇ। ਬਸ ਫੇਰ ਕੀ ਸੀ ਖਾਲਸੇ ਦੇ ਮੁਛੈਹਰੇ ਫਰਕ ਉਠੇ ਤੇ ਡੌਲਿਆਂ ਤੇ ਹੱਥ ਮਾਰ ਇਕ ਉੱਚੀ ਸਾਰੀ ਢਕੀ ਤੇ ਖਲੋਕੇ ਲਲਕਾਰਾ ਮਾਰਿਆ ਕਿ ਆ ਜਾਓ ਬਈ ਹੁਣ ਜਿਸ ਦੀ ਮਰਜ਼ੀ ਹੈ। ਬਸ ਜੇਹੜਾ ਉੱਤੇ ਚੜ੍ਹੇ, ਉਸ ਨੂੰ ਚੁਕੇ ਫਿਰਾਕੇ ਥਲੇ ਰੇੜ੍ਹ ਦੇਵੇ। ਇਉ ਮਾਲੂਮ ਦੇਣ ਜਿਵੇਂ ਕਿਸਾਨ ਮੂਲੀਆਂ ਪੁਟ ਪੁਟ ਕੇ ਸਿੱਟੀ ਜਾਂਦਾ ਹੈ। ਇਸੇ ਤਰ੍ਹਾਂ ਸੱਤਾਂ ਨੂੰ ਰੇੜ੍ਹਿਆ ਤੇ ਕਈਆਂ ਦੀ ਬਾਂਹ ਟੁੱਟੀ, ਕਈਆਂ ਦੀ ਲੱਤ, ਸਭ ਜ਼ਖਮੀ ਤੇ ਬੇਹੋਸ਼ ਹੋ ਕੇ ਡਿਗ ਪਏ ਤੇ ਖਾਲਸਾ ਜੀ ਉਸੇ ਤਰਾਂ ਆਪਣੀ ਗੜਵੀ ਤੇ ਦਾਤਣ ਹੱਥ ਵਿਚ ਲੈਕੇ ਕਿਲੇ ਵਲ ਨੂੰ ਰਵਾਨਾ ਹੋਏ (ਇਹ ਬੁਢਾ ਦੱਸਦਾ ਸੀ ਕਿ ਇਹ ਨਜ਼ਾਰਾ ਸਾਰਾ ਮੈਂ ਆਪਣੀ ਅੱਖੀਂ ਵੇਖਿਆ ਸੀ ਤੇ ਆਵਾਜ਼ ਦੇ ਕੇ ਇਨ੍ਹਾਂ ਨੂੰ ਕਹਿ ਰਿਹਾ ਸੀ ਕਿ ਹਥਿਆਰ ਰਖਣ ਦੀ ਗਲਤੀ ਨਾ ਕਰੋ)।

ਇਹ ਵਾਕਿਆਤ ਬਾਬੇ ਬੁਢੇ ਦੀ ਜ਼ਬਾਨੀ ਡਾਢੇ ਜੁਸ਼ੀਲੇ ਸਨ ਜਿਸ ਨੂੰ ਅਸੀਂ ਓਸੇ ਤਰ੍ਹਾਂ ਲਿਖ ਨਹੀਂ ਸਕੇ। ਫਿਰ ਅਸੀਂ ਉਸ ਖੁਢੇ ਨੂੰ ਕੁਝ ਮਾਇਆ ਦਾ ਗੱਫਾ ਦਿਤਾ ਤੇ ਕਿਹਾ ਕਿ ਜਿਵੇਂ ਹੋ ਸਕੇ ਸਾਨੂੰ ਉਸ ਬੁਰਜੀ ਦਾ ਦਰਸ਼ਨ ਕਰਵਾਓ ਜੋ ਇਥੋਂ ੪੦ ਮੀਲ ਦਸਦੇ ਹੋ।

ਉਹ ਹਥ ਕੰਨ ਨੂੰ ਲਾ ਕਹਿਣ ਲਗਾ ਤੋਬਾ ਕਰੋ, ਉਥੇ ਕਿਸੇ ਹਿੰਦੂ ਸਿੱਖ ਦਾ ਜਾਣਾ ਬਹੁਤ ਹੀ ਮੁਸ਼ਕਿਲ ਹੈ। ਪਰ ਖੈਰ ਜਿਵੇਂ ਕਿਵੇਂ ਹੋਇਆ ਅਸੀਂ ਉਸ ਬੁਢੇ ਦੀ ਹਿੰਮਤ ਨਾਲ ਉਥੇ ਪਹੁੰਚੇ ਤੇ ਉਸ ਬੁਰਜੀ ਦਾ ਦਰਸ਼ਨ ਕੀਤਾ, ਜੋ ੪੦-੫੦ ਫੁਟ ਦੇ ਕਰੀਬ

---

* ਇਕ ਤਿੱਬਤੀ ਫਿਰਕਾ – ਸੰਪਾ.

ਉਚੀ ਸੀ ਤੇ ਚੂੰਨੇ ਮੱਚ ਸੀ। ਕਈ ਥਾਵਾਂ ਤੋਂ ਚੂੰਨਾਂ ਪੁਟਿਆ ਹੋਇਆ ਸੀ ਜਿਸ ਵਿਚੋਂ ਨਿਕੀਆਂ ਇਟਾਂ ਨਜ਼ਰ ਆਉਂਦੀਆਂ ਸਨ। ਉਸ ਬੁਰਜੀ ਦੇ ਇਕ ਤਰਫ ਫਾਰਸੀ ਵਿਚ ਕੁਝ ਲਿਖਿਆ ਹੋਇਆ ਸੀ, ਅਫਸੋਸ ਕਿ ਅਸੀਂ ਪੜ੍ਹ ਨਾਂ ਸਕੇ ਕਿਉਂਕਿ ਉਹ ਅਖਰ ਬਹੁਤ ਸਾਰੇ ਮਿਟੇ ਹੋਏ ਸਨ। ਉਸ ਬੁਰਜੀ ਦੇ ਬਿਲਕੁਲ ਨਾਲ ਇਕ ਵੱਡਾ ਭਾਰੀ ਦਰਿਆ ਲੰਘ ਰਿਹਾ ਹੈ, ਉਸ ਨੂੰ ਕਸ਼ਮੀਰ ਦੇ ਲੋਕ ਕਿਸ਼ਨ ਗੰਗਾ ਆਖਦੇ ਹਨ ਤੇ ਉਥੋਂ ਦੇ ਭੁਟੇ ਦਰਿਆ ਸਿੰਧ ਕਹਿੰਦੇ ਸਨ। ਉਸ ਵਿਚੋਂ ਸੋਨਾ ਨਿਕਲਦਾ ਹੈ ਜੋ ਕਈ ਭੁਟੇ ਕਢਦੇ ਅਸਾਂ ਆਪ ਵੇਖੇ ਹਨ ਜੋ ਬੜੀ ਮੇਹਨਤ ਤੇ ਤਰਲਿਆਂ ਨਾਲ ਕਢ ਰਹੇ ਸਨ। ਉਹ ਚਮਕੀਲੇ ਪਥਰਾਂ ਵਿਚ ਜ਼ਰਾ ਜ਼ਰਾ ਨਜ਼ਰੀਂ ਪੈਂਦਾ ਹੈ ਜੋ ਕਈ ਦਿਨਾਂ ਦੀ ਤਕਲੀਫ ਉਠਾਣ ਦੇ ਬਾਦ ਦੋ ਚਾਰ ਰੁਪਏ ਦਾ ਵਸੂਲ ਹੋ ਸਕਦਾ ਹੈ।

ਜਦ ਅਸੀਂ ਉਹ ਬੁਰਜੀ ਵੇਖ 'ਧੰਨ ਗੁਰੂ ਕੇ ਸਿੱਖ' 'ਧੰਨ ਗੁਰੂ ਕੇ ਸਿੱਖ' ਕਹਿੰਦੇ ਵਾਪਸ ਹੋਏ ਤਾਂ ਉਸ ਦੇ ਲਾਗੇ ਦੇ ਪਿੰਡਾਂ ਨੂੰ ਪਤਾ ਲਗ ਗਿਆ ਕਿ ਕੋਈ ਸਿੱਖ ਸਿੱਖਾਂ ਦੀ ਬੁਰਜੀ ਨੂੰ ਵੇਖਣ ਆਏ ਸਨ ਤੇ ਉਹ ਜਾ ਰਹੇ ਹਨ। ਉਹਨਾਂ ਛੋਟੇ ਛੋਟੇ ਮੁੰਡੇ ਸਾਡੇ ਮਗਰ ਭਜਾ ਦਿਤੇ ਤੇ ਉਹ ਸਾਨੂੰ ਆਪਣੀ ਬੋਲੀ ਵਿਚ ਲਗੇ ਕਹਿਣ 'ਖਗੀਰੋ ਕਾਫਰ 'ਖਗੀਰੋ ਕਾਫਰ' (ਲਾਲ ਕਾਫ਼ਰ)। ਅਸਾਂ ਉਹਨਾਂ ਨੂੰ ਦਬਕਾ ਮਾਰਿਆ ਤੇ ਉਹ ਮੁੰਡੇ ਚਲੇ ਗਏ। (ਬੀਹ ਸਰਹੱਦੀ)

★ ★ ★

ਸਰਹੰਦ ਉਤੇ ਕਬਜ਼ਾ

ਬੰਦਾ ਸਢੌਰੇ ਤੇ ਕਪੂਰੀ ਨੂੰ ਸੋਧਕੇ ਲਹਿੰਦੇ ਵਲ ਨੂੰ ਹੋ ਪਿਆ ਤੇ ਸਰਹੰਦ ਵਲ ਨੂੰ ਚਾਲੇ ਪਾਏ। ਬਨੂੜ ਤੇ ਖਰੜ ਦੇ ਵਿਚਕਾਰ ਦਵਾਬੇ ਵਲੋਂ ਆ ਰਹੇ ਮਝੈਲ ਸਿੰਘ ਭੀ ਆ ਰਲੇ, ਜਿਹਨਾਂ ਨੂੰ ਰਲਾਉਣ ਲਈ ਓਹ ਇਤਨਾ ਚੱਕਰ ਕੱਢ ਰਿਹਾ ਸੀ। ਹੁਣ ਸਾਰੇ ਖਾਲਸਾ ਦਲ ਨੇ ਸਰਹੰਦ ਦੀ ਸੇਧ ਕੀਤੀ। ਓਧਰੋਂ ਸਰਹੰਦ ਦਾ ਫੌਜਦਾਰ ਵਜ਼ੀਰ ਖਾਨ ਭੀ ਖਾਲਸੇ ਦਾ ਰਾਹ ਰੋਕਣ ਲਈ ਅਗੇ ਵਧਿਆ ਤੇ ਚਪੜ ਚਿੜੀ ਪਿੰਡਾਂ ਪਾਸ ਜਾ ਟਾਕਰਾ ਹੋਇਆ। ਸਰਹੰਦੀਆਂ ਲਈ ਭੀ ਜ਼ਿੰਦਗੀ ਤੇ ਮੌਤ ਦਾ ਸਵਾਲ ਸੀ। ਉਹਨਾਂ ਨੂੰ ਪਤਾ ਸੀ ਕਿ ਖਾਲਸੇ ਦਾ ਬਹੁਤਾ ਤੋੜ੍ਹਾ ਸਰਹੰਦ ਉਤੇ ਹੀ ਝੜਨਾ ਹੈ ਅਤੇ ਜੇ ਇਹ ਇਥੋਂ ਵਧਕੇ ਉਥੇ ਪੁੱਜ ਗਏ ਤਾਂ ਓਹ ਕਹਿਰ ਵਰਤੇਗਾ ਕਿ ਰਹੇ ਰੱਬ ਦਾ ਨਾਮ। ਏਸ ਲਈ ਦੋ ਤਿੰਨ ਹੋਰ ਫੌਜਦਾਰਾਂ ਦੀਆਂ ਫੌਜਾਂ ਤੇ ਤੋਪਾਂ ਤੋਂ ਬਗੈਰ ਆਲੇ ਦੁਆਲੇ ਦੇ ਪਿੰਡਾਂ ਦੀਆਂ ਕਾਫੀ ਛੇੜਾਂ ਭੀ ਗਾਜ਼ੀ ਬਣ ਕੇ ਆਈਆਂ ਹੋਈਆਂ ਸਨ। ਓਧਰੋਂ ਸਰਹੰਦ ਦਾ ਨਾਮ ਸੁਣ ਕੇ ਹੀ ਖਾਲਸੇ ਨੂੰ ਰੋਹ ਚੜ੍ਹ ਰਿਹਾ ਸੀ ਤੇ ਵਜ਼ੀਰ ਖਾਨ ਨੂੰ ਸਾਹਮਣੇ ਦੇਖ ਕੇ ਤਾਂ ਉਹਨਾਂ ਦੀਆਂ ਤਲਵਾਰਾਂ ਲਗੀਆਂ ਮਿਆਨੋਂ ਨਿਕਲ ਨਿਕਲ ਪੈਣ। ਪਲੋ ਪਲੀ ਵਿਚ ਘਮਸਾਣ ਯੁੱਧ ਛਿੜ ਪਿਆ ਤੇ ਸੂਰਮੇ ਲੱਗੇ ਆਹੂਆਂ ਦੇ ਆਹੂ ਲਾਹੁਣ। ਤੋਪਾਂ ਦੀ ਪਹਿਲੀ ਝਾੜ ਨਾਲ ਹੀ ਖਾਲਸਾ ਦਲ ਨਾਲ ਆ ਰਲੇ ਹੋਏ ਲੁਟੇਰੇ ਭੱਜ ਨਿਕਲੇ ਤੇ ਲੜਾਈ ਦਾ ਸਾਰਾ ਭਾਰ ਸਿੰਘਾਂ ਦੇ ਮੋਢੀਂ ਆ ਪਿਆ। ਪਰ ਓਹ ਕਦ ਘਬਰਾਉਣ ਵਾਲੇ ਸਨ। ਭਾਵੇਂ ਇਹ ਥੋੜੇ ਤੇ ਪਿਆਦੇ ਸਨ ਤੇ ਸਰਹੰਦੀ ਬਹੁਤੇ ਤੇ ਘੋੜ ਸਵਾਰ, ਪਰ ਧਰਮ

ਯੁੱਧ ਵਿਚ ਲੜ ਰਹੇ ਸਿਰ—ਲੱਥ ਸੂਰੇ ਥੋੜੇ ਬਹੁਤੇ ਤੇ ਪਿਆਦੇ ਘੋੜ ਸਵਾਰਾਂ ਦੀ ਖਿਆਲ ਨਹੀਂ ਕਰਦੇ ਸਨ। 'ਅਕਾਲ'' ''ਅਕਾਲ'' ਗੂੰਜਾਂਦੇ ਸਿੰਘਾਂ ਨੇ ਇਕ ਜ਼ੋਰ ਦਾ ਹੱਲਾ ਕੀਤਾ ਤੇ ਸ਼ੇਰਾਂ ਵਾਂਙੂ ਉਹਨਾਂ ਉਤੇ ਟੁੱਟ ਪਏ। ਮਾਂਗਵੀਆਂ ਧਾੜਾਂ ਨੇ ਧਰਮੀ ਯੋਧਿਆਂ ਦਾ ਕੀ ਟਾਕਰਾ ਕਰਨਾ ਸੀ। ਇਸਲਾਮੀ ਫੌਜਾਂ ਭੱਜ ਨਿਕਲੀਆਂ। ਉਹਨਾਂ ਦੇ ਮੁਰਦਿਆਂ ਦੇ ਢੇਰਾਂ ਦੇ ਢੇਰ ਮੈਦਾਨ ਵਿਚ ਲਗ ਗਏ। ਇਤਨੀ ਕਤਲਾਮ ਹੋਈ ਕਿ ਇਤਿਹਾਸਕਾਰਾਂ ਨੇ ਇਸ ਜੰਗ ਦਾ ਜ਼ਿਕਰ ਕਰਦੇ ਹੋਏ ਇਥੇ ਤਕ ਲਿਖਿਆ ਹੈ ਕਿ ਸਾਰੀ ਦੀ ਸਾਰੀ ਮੁਸਲਮਾਨੀ ਫੌਜ਼ ਕਤਲ ਹੋ ਗਈ ਤੇ ਇਕੱਲਾ ਵਜ਼ੀਰ ਖਾਨ ਹੀ ਰਹਿ ਗਿਆ।

ਅਹਿਵਾਲਿ-ਸਲਾਤਾਨੀ— ਇ—ਹਿੰਦ ਵਿਚ ਲਿਖਿਆ ਹੈ ਕਿ ਵਜ਼ੀਰ ਖਾਨ ਆਪਣੀ ਫੌਜ ਨੂੰ ਇਸਤਰ੍ਹਾਂ ਕਤਲ ਹੋ ਰਹੀ ਦੇਖਕੇ ਘੋੜਾ ਦੌੜਾਕੇ ਸਰਦਾਰ ਬਾਜ ਸਿੰਘ ਦੇ ਸਾਹਮਣੇ ਆਇਆ ਤੇ ਨੇਜ਼ਾ ਫੜਕੇ ਉਸਨੂੰ ਮਾਰਿਆ। ਅਗਿਓਂ ਬਾਜ਼ ਸਿੰਘ ਨੇ ਵਜ਼ੀਰ ਖਾਨ ਪਾਸੋਂ ਓਹੀ ਨੇਜ਼ਾ ਖੋਹ ਉਸਦੇ ਘੋੜੇ ਦੇ ਮੱਥੇ ਵਿਚ ਮਾਰਿਆ ਤੇ ਘੋੜਾ ਜ਼ਖਮੀ ਕਰ ਦਿਤਾ। ਕੁਝ ਕੁ ਚਿਰ ਪਿਛੋਂ ਵਜ਼ੀਰ ਖਾਨ ਨੇ ਤਰਕਸ਼ ਵਿਚੋਂ ਇਕ ਤੀਰ ਕੱਢਕੇ ਬਾਜ ਸਿੰਘ ਦੀ ਬਾਂਹ ਉਤੇ ਮਾਰਿਆ ਤੇ ਤਲਵਾਰ ਲੈ ਕੇ ਓਸ ਵਲ ਵਧਿਆ। ਭਾਈ ਫਤਹ ਸਿੰਘ ਨੇ ਜੋ ਓਸ ਵੇਲੇ ਨਜ਼ਦੀਕ ਹੀ ਖੜੋਤਾ ਸੀ ਆਪਣੀ ਤਲਵਾਰ ਮਿਆਨ ਵਿਚੋਂ ਕੱਢਕੇ ਇਸ ਬਹਾਦੁਰੀ ਤੇ ਮਰਦਾਨਗੀ ਨਾਲ ਉਤੇ ਮਾਰੀ ਕਿ ਮੋਢੇ ਤੋਂ ਵਜ਼ੀਰ ਖਾਨ ਨੂੰ ਚੀਰਦੀ ਹੋਈ ਓਸ ਦੀ ਕਮਰ ਤਕ ਵਿਚ ਦੀ ਸਾਫ ਨਿਕਲ ਗਈ ਤੇ ਓਹ ਦੋ ਟੁਕ ਹੋ ਕੇ ਜ਼ਮੀਨ ਤੇ ਡਿਗ ਪਿਆ।

ਬਸ ਫੇਰ ਕੀ ਸੀ ਵਜ਼ੀਰ ਖਾਨ ਦੇ ਭੋਇੰ ਡਿਗਦੇ ਸਾਰ ਬਾਕੀ ਸਰਹੰਦੀ ਭੀ ਮੈਦਾਨ ਛੱਡ ਗਏ ਤੇ 'ਚਹਾਰ ਬਾਗਿ ਪੰਜਾਬ' ਅਨੁਸਾਰ ਖਾਲਸਾ 'ਵਾਹਿਗੁਰੂ ਗੁਰੂ ਜੀ ਕੀ ਫਤਹਿ' ਦੇ ਜੈਕਾਰੇ ਗਜਾਉਂਦਾ ਤੇ ਫਤਹਿ ਵਾਹਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੋਈ ਉਚਾਰਦਾ ਸਰਹੰਦ ਤੇ ਜਾ ਕਾਬਜ਼ ਹੋਇਆ।

ਇਹ ਗੱਲ ੨੪—੨੫ ਰਬੀ—ਉਲ—ਅੱਵਲ ਸੰਨ ੧੧੨੨ ਹਿਜਰੀ ਤੇ ੨੨—੨੪ ਮਈ ਸੰਨ ੧੭੧੦ ਈਸਵੀ (ਨਵੇਂ ਸਿਸਟਮ) ਦੀ ਹੈ।

ਸੈਰੁਲਮੁਤਾਖ਼ਰੀਨ ਦੇ ਲਿਖਾਰੀ ਨੇ ਇਸ ਸਚਾਈ ਨੂੰ ਛੁਪਾਕੇ ਵਜ਼ੀਰ ਖਾਨ ਦੀ ਮੌਤ ਸੰਬੰਧੀ ਇਕ ਮਨ ਘੜਤ ਕਹਾਣੀ ਪਾ ਦਿਤੀ ਹੈ ਕਿ ਉਸਨੂੰ ਨਮਾਜ਼ ਪੜ੍ਹਦੇ ਨੂੰ ਇਕ ਸਿੱਖ ਨੇ ਤੰਬੂ ਵਿਚ ਜਾਕੇ ਮਾਰ ਦਿਤਾ ਸੀ।

★ ★ ★

ਵਿਸਾਹਘਾਤੀ ਦੁਸ਼ਮਣ

ਔਰੰਗਾਬਾਦ ਦਾਮਲਾ* ਮੁਸਲਮਾਨੀ ਵਸੋਂ ਸੀ, ਇਹ ਪਠਾਣਾਂ ਦਾ ਸੈਂਟਰ ਸੀ। ੫੨ ਕਿਲੇ ਇਥੇ ਸਨ, ਦੂਰ ਨੇੜੇ ਇਨ੍ਹਾਂ ਦਾ ਲੋਹਾ ਮਨੀਂਦਾ ਸੀ ਤੇ ਜਿਸ ਪਾਸੇ ਇਹ ਮੂੰਹ ਕਰਦੇ ਇਨ੍ਹਾਂ ਦੀ ਚੜ੍ਹਾਈ ਦੀ ਖਬਰ ਕਾਂਬਾ ਛੇੜ ਦੇਂਦੀ ਸੀ। ਸ਼ੇਖ ਸਅਦੀ ਜੀ ਨੇ ਲਿਖਿਆ ਹੈ:–

ਨਸ਼ਾ ਖੁਰਦਨ ਵ ਹੁਸ਼ਿਆਰ ਮਾਂਦਨ ਸਹਿਲ ਅਸਤ।
ਚੂੰ ਬਦੌਲਤ ਰਸੀ ਮਸਤ ਨਗਰਦੀ ਮਰਦੀ।

ਨਸ਼ਾ ਪੀ ਕੇ ਹੋਸ਼ਿਆਰ ਰਹਿਣਾ ਸੌਖਾ ਹੈ ਪਰ ਧਨ ਪ੍ਰਾਪਤ ਹੋ ਜਾਣ ਤੇ ਫਿਰ ਹੰਕਾਰ ਨਾ ਹੋਣਾ ਬਹਾਦਰੀ ਹੈ। ਇਥੋਂ ਦੇ ਮੁਸਲਮਾਨ ਪਠਾਣ ਆਪਣਾ ਐਸ਼ਵਰਜ ਤੇ ਪ੍ਰਤਾਪ ਵੇਖਦੇ ਆਪਾ ਭੁੱਲ ਗਏ। ਇਥੋਂ ਦੇ ਹਾਕਮ ਹਵਾ ਨੂੰ ਤਲਵਾਰਾਂ ਮਾਰਦੇ ਸਨ। ਮਨੁੱਖ ਇਨ੍ਹਾਂ ਨੂੰ ਕੀੜੀਆਂ ਦਿਸਦੇ ਸਨ ਤੇ ਕਿਸੇ ਦੀ ਜਾਨ ਲੈਣੀ ਇਨ੍ਹਾਂ ਵਾਸਤੇ ਮਾਮੂਲੀ ਗੱਲ ਸੀ ਤੇ ਕਿਸੇ ਦੀ ਪੱਤ ਲਾਹੁਣੀ ਤੇ ਲੁੱਟ ਲੈਣਾ ਇਕ ਖੇਡ ਸੀ।

---

* ਇਹ ਪਿੰਡ ਥਾਨੀਸਰ ਦੀ ਸੜਕ ਤੇ ਦੋ ਮੀਲ ਦੀ ਵਾਟ ਤੇ ਹੈ।–ਲੇਖਕ

ਕੋਠੇ ਤੇ ਚੜ੍ਹ ਦੇ ਹੋਕਾ ਦੇਣ ਤੇ ਹਜ਼ਾਰਾਂ ਸਨਧਬਧ ਪਠਾਣ ਤਲਵਾਰਾਂ ਲੈ ਕੇ ਇਕ ਝੰਡੇ ਹੇਠ ਖੜੇ ਹੋ ਜਾਂਦੇ ਸਨ। ਇਨ੍ਹਾਂ ਦੀ ਦਲੇਰੀ ਤੇ ਬਹਾਦਰੀ ਮੰਨੀ ਹੋਈ ਗੱਲ ਸੀ। ਇਨ੍ਹਾਂ ਦੇ ਏਕੇ ਨੇ ਇਨ੍ਹਾਂ ਦੀ ਸ਼ਕਤੀ ਨੂੰ ਚਾਰ ਚੰਨ ਲਾ ਰਖੇ ਸੀ।

ਬੰਦੇ ਦੀਆਂ ਚੜ੍ਹਾਈਆਂ ਮਗਰੋਂ ਸਿੱਖਾਂ ਦੇ ਦਲ ਇਸ ਪਾਸੇ ਫਿਰਦੇ ਸਨ। ਬੂੜੀਆ ਰਿਆਸਤ ਸਿੱਖਾਂ ਦੇ ਕਬਜ਼ੇ ਵਿਚ ਸੀ। ਉਨ੍ਹਾਂ ਨੂੰ ਇਸ ਇਲਾਕੇ ਦੀ ਹਿੰਦੂ ਪ੍ਰਜਾ ਤੇ ਗਰੀਬ ਮੁਸਲਮਾਨਾਂ ਨੇ ਕਈ ਵੇਰ ਸ਼ਕਾਇਤਾਂ ਸੁਣਾਈਆਂ ਤੇ ਸੋਧਣ ਲਈ ਪ੍ਰੇਰਨਾ ਕੀਤੀ। ਬੂੜੀਏ ਤੇ ਦਿਆਲ ਗੜ੍ਹੀਏ ਸਰਦਾਰਾਂ ਨੇ ਔਰੰਗਾਬਾਦ ਦਾਮਲਾ ਵੱਲ ਕੂਚ ਕੀਤਾ। ਇਹ ਸਰਦਾਰ ਭੰਗੀਆਂ ਦੀ ਮਿਸਲ ਵਿਚੋਂ ਸਨ। ਉਸ ਵੇਲੇ ਔਰੰਗਾਬਾਦ ਦੇ ਮੁੱਖੀ ਪਠਾਣਾਂ ਨੇ ਸਿੰਘਾਂ ਦੀ ਚੜ੍ਹਾਈ ਦੀ ਖਬਰ ਸੁਣ ਕੇ ਆਪਣੇ ਇਲਾਕੇ ਵਿਚ ਢੋਲ ਵਜਵਾ ਦਿਤਾ ਤੇ ਹਰ ਪਗ ਬੰਨੜ੍ਹ ਪਠਾਣ ਨੂੰ ਇਸ ਜੰਗ ਵਿਚ ਹਿੱਸਾ ਲੈਣ ਦਾ ਨੇਓਤਾ ਦਿੱਤਾ ਤੇ ਮੁਖੀ ਪਠਾਣ ਇਕੱਠੇ ਹੋਏ, ਸਾਰਿਆਂ ਨੇ ਦੁਆਏ ਖੈਰ ਪੜ੍ਹੀ ਤੇ ਸਿੰਘਾਂ ਨਾਲ ਇਕ ਦੂ ਇਕ ਕਰਨ ਦਾ ਫੈਸਲਾ ਕਰਦੇ ਸਨਧਬਧ ਹੋ ਸਾਹਮਣੇ ਆ ਡਟੇ। ਅਗੇ ਘੁੜ ਸਵਾਰ ਸਨ ਤੇ ਇਹਨਾਂ ਤੋਂ ਪਿਛੇ ਪੈਦਲ। ਸਮੁੰਦਰ ਦੇ ਕੰਢੇ ਤੇ ਖੜੋ ਕੇ ਜਿਥੋਂ ਤਕ ਨਜ਼ਰ ਮਾਰੋ ਪਾਣੀ ਹੀ ਪਾਣੀ ਦੀਹਦਾ ਸੀ, ਇਸੇ ਤਰਾਂ ਜਿਥੋਂ ਤਕ ਨਜ਼ਰ ਕੰਮ ਕਰਦੀ ਸੀ ਪਠਾਣਾਂ ਦਾ ਵਹੀਰ ਹੀ ਵਹੀਰ ਨਜ਼ਰੀਂ ਪੈਂਦਾ ਸੀ। ਖਾਲਸੇ ਨੇ ਵੈਰੀ ਦੀ ਇਸ ਸੈਨਾਂ ਨੂੰ ਵੇਖ ਕੇ ਸਮਝ ਲਿਆ ਕਿ ਅੱਜ ਦਾ ਜੰਗ ਇਸ ਇਲਾਕੇ ਵਿਚ ਇਕ ਤਰਾਂ ਦਾ ਅਖ਼ੀਰੀ ਜੰਗ ਹੋਵੇਗਾ। ਦੋਹਾਂ ਨੇ ਨੇਜ਼ੇ ਸੰਭਾਲੇ, ਜਵਾਨਾਂ ਦੇ ਨਾਅਰਿਆਂ ਨਾਲ ਅਕਾਸ਼ ਗੂੰਜ ਉਠਿਆ, ਘੋੜੇ ਹਵਾ ਦੇ ਨਾਲ ਗੱਲਾਂ ਕਰਦੇ ਇਕ ਦੂਜੇ ਤੇ ਟੁੱਟ ਪਏ, ਨੇਜ਼ੇ ਛਾਤੀਆਂ ਨੂੰ ਚੀਰ ਪਾਰ ਹੋ ਰਹੇ ਸਨ, ਸਵਾਰ ਮੂਰਛਤ ਹੋ ਘੋੜਿਆਂ ਤੋਂ ਡਿਗਦੇ ਸਨ। ਉਪਰ ਤੋਂ ਗੁਜ਼ਰਨ ਵਾਲੇ ਘੋੜਿਆਂ ਦੇ ਪੈਰਾਂ ਨਾਲ ਲਹੂ ਲਹਾਨ ਹੋਈਆਂ ਲੋਥਾਂ ਨੂੰ ਨਾ ਦੇਖੇ ਜਾ ਸਕਣ ਵਾਲੀ ਹਾਲਤ ਵਿਚ ਪੁਚਾ ਦਿਤਾ ਸੀ। ਜਿਸ ਵੇਲੇ ਦੋਨੋ ਤਰਫ ਦੇ ਸਵਾਰ ਆਪੋ ਵਿਚ ਬਹੁਤ ਨੇੜੇ ਹੋ ਗਏ ਤਦ ਤਲਵਾਰਾਂ ਮਿਆਨ ਵਿਚੋਂ ਨਿਕਲੀਆਂ, ਚਮਕੀਆਂ ਤੇ ਧੜਾਂ ਨਾਲੋਂ ਸਿਰ ਅੱਡ ਕਰਨ ਲਗੀਆਂ। ਕਿਤੇ ਗਾਜਰ ਮੂਲੀ ਵਾਂਗ ਸਿਰ ਉਡ ਰਹੇ ਸਨ, ਕਿਤੇ ਇਕ ਮੋਢੇ ਤੇ ਤਲਵਾਰ ਵਜ ਲਕ ਤਕ ਪੁੱਜ ਜਨੇਊ ਦੀ ਸ਼ਕਲ ਬਣਾ ਰਹੀ ਸੀ, ਕਿਤੇ ਲੱਤਾਂ, ਕਿਤੇ ਬਾਹਾਂ, ਤੇ ਕਿਤੇ ਘੋੜਿਆਂ ਦੇ ਟੁਕੜੇ ਹੋ ਰਹੇ ਸਨ। ਥੋੜੇ ਜਹੇ ਚਿਰ ਵਿਚ ਹੀ ਘੁੜ ਸਵਾਰਾਂ ਦਾ ਕਾਫੀ ਨੁਕਸਾਨ ਹੋ ਗਿਆ, ਮੈਦਾਨ ਸਵਾਰਾਂ ਤੇ ਘੋੜਿਆਂ

ਦੀਆਂ ਲੋਥਾਂ ਨਾਲ ਭਰ ਗਿਆ, ਜ਼ਖਮੀਆਂ ਦੀ ਹਿਰਦੇ ਵੇਧਕ ਪੁਕਾਰ ਸੁਣੀ ਨਹੀਂ ਜਾਂਦੀ ਸੀ।

ਹੁਣ ਪੈਦਲ ਸਾਹਮਣੇ ਹੋਏ। ਨਾਅਰਿਆਂ ਨਾਲ ਮਰੂ ਭੂਮੀ ਗੂੰਜ ਉਠੀ। ਜਿਵੇਂ ਕਾਲੇ ਕਾਲੇ ਬਦਲਾਂ ਦੀ ਗਰਜ ਵਿਚੋਂ ਬਿਜਲੀ ਚਮਕ ਤੇ ਕੜਕ ਕੇ ਜਿਥੇ ਪੈਂਦੀ ਹੈ ਉਸ ਥਾਂ ਦਾ ਸਫਾਇਆ ਕਰ ਦੇਂਦੀ ਹੈ ਇਸੇ ਤਰ੍ਹਾਂ ਸੂਰਮਿਆਂ ਦਿਆਂ ਨਾਹਰਿਆਂ ਮਗਰੋਂ ਮਿਆਨਾਂ ਵਿਚੋਂ ਧੂਹੀਆਂ ਤਲਵਾਰਾਂ ਚਮਕ ਕੇ ਮਨੁੱਖੀ ਸਰੀਰਾਂ ਤੇ ਪੈ ਕੇ ਆਹੂ ਲਾਹੁਣ ਲਗੀਆਂ। ਮੈਦਾਨੇ ਜੰਗ ਲੋਥਾਂ ਨਾਲ ਭਰ ਗਿਆ। ਫਟੜਾਂ ਦੀ ਹਾਹਾਕਾਰ ਨਾਲ ਕੰਨਾਂ ਦੇ ਪਰਦੇ ਪਾਟ ਜਾਂਦੇ ਸਨ। ਪਠਾਣਾਂ ਦੀ ਸੈਨਾਂ ਦੇ ਅਗਲੇ ਹਿਸੇ ਵਿਚ ਹਿਲ ਜੁਲੀ ਦਿਸੀ, ਸਿੰਘਾਂ ਨੇ ਉਸ ਪਾਸੇ ਜ਼ੋਰ ਦਾ ਹੱਲਾ ਕੀਤਾ। ਪਠਾਣ ਕੁਛ ਠਹਿਰੇ ਤੇ ਹਿੰਮਤ ਨਾਲ ਸਾਹਮਣੇ ਆਏ, ਪਰ ਖਾਲਸੇ ਦੀ ਤਲਵਾਰ ਦੇ ਸਾਹਮਣੇ ਬਹੁਤਾ ਚਿਰ ਤਕ ਠਹਿਰ ਨਾ ਸਕੇ, ਮੈਦਾਨ ਛਡਕੇ ਸ਼ਹਿਰ ਜਾ ਵੜੇ, ਖਾਲਸੇ ਦੀ ਫਤਹ ਦੇ ਜੈਕਾਰਿਆਂ ਨਾਲ ਅਕਾਸ਼ ਗੂੰਜ ਉਠਿਆ।

ਸੰਧਿਆਂ ਨੂੰ ਪਠਾਣਾਂ ਵਲੋਂ ਬੇਲਚੀ ਤੇ ਸਰਕਰਦੇ ਆਏ, ਉਨ੍ਹਾਂ ਨੇ ਹਥਿਆਰ ਰਖ ਦਿੱਤੇ, ਅਧੀਨਤਾ ਸਵੀਕਾਰ ਕੀਤੀ, ਮਾਲੀਆ ਦੇਣਾ ਮੰਨਿਆਂ ਤੇ ਅਗੋਂ ਵਾਸਤੇ ਸੁਲਾਹ ਸਫ਼ਾਈ ਨਾਲ ਰਹਿਣ ਦੇ ਇਕਰਾਰ ਕਰਕੇ ਪ੍ਰੀਤੀ ਭੋਜਨ ਛਕਣ ਦੀ ਯਾਚਨਾ ਕੀਤੀ। ਰਾਤ ਦੇ ਵੇਲੇ ਸਰਦਾਰ ਨਾਨੂੰ ਸਿੰਘ ਤੇ ਦਿਆਲ ਸਿੰਘ ਅਦਿਕ ਚੋਣਵੇਂ ਸਰਦਾਰ ਕਿਲੇ ਵਿਚ ਪ੍ਰਸ਼ਾਦ ਛਕਣ ਗਏ। ਕਿਲੇ ਦੇ ਅੰਦਰ ਇਕ ਖਾਸ ਕਮਰੇ ਵਿਚ ਜੋ ਇਸੇ ਗਰਜ਼ ਲਈ ਤਿਆਰ ਕੀਤਾ ਗਿਆ ਸੀ ਸਨਮਾਨ ਨਾਲ ਬਠਾਇਆ ਗਿਆ।

ਸਿੰਘ ਸਰਦਾਰ ਨਿਰਛਲ ਸਨ। ਉਹ ਇਨ੍ਹਾਂ ਪਠਾਣਾ ਦੀ ਜ਼ਬਾਨ ਤੇ ਇਤਬਾਰ ਕਰ ਗਏ ਸਨ, ਤੇ ਸਮਝਦੇ ਸਨ ਕਿ ਜਦ ਤਕ ਜੰਗ ਸੀ ਤਦ ਤਕ ਜੰਗ ਸੀ, ਜਦ ਸੁਲਹ ਹੋ ਗਈ ਤਦ ਹੁਣ ਦਿਲ ਵਿਚ ਕੀਨਾ ਰਖਣਾ ਕਮੀਨਾਂ ਦਾ ਕੰਮ ਹੈ। ਉਹ ਆਪਣੇ ਦਿਲਾਂ ਦੀ ਨਿਰਛਲਤਾ ਦੇ ਕਾਰਨ ਬੇਪ੍ਰਵਾਹੀ ਦੇ ਨਾਲ ਗਏ। ਇਨ੍ਹਾਂ ਦੇ ਕਮਰਿਆਂ ਵਿਚ ਬੈਠਦਿਆਂ ਹੀ ਅਚਣਚੇਤ ਆਸ ਦੇ ਵਿਰੁੱਧ ਚਾਰੇ ਪਾਸਿਆਂ ਤੋਂ ਬੰਦੂਕਾਂ ਦੀਆਂ ਗੋਲੀਆਂ ਨਾਲ ਇਨ੍ਹਾਂ ਦਾ ਸਵਾਗਤ ਕੀਤਾ ਗਿਆ। ਮੈਦਾਨੇ ਜੰਗ ਵਿਚ ਹਾਰਿਆਂ ਨੇ ਦਗੇ ਤੇ ਫਰੇਬ ਤੋਂ ਕੰਮ ਲਿਆ, ਸਿੰਘ ਗਿਣਤੀ ਦੇ ਵਿਚ ਚਾਰ ਪੰਜ ਸਨ ਤੇ ਪਠਾਣਾਂ ਦਾ ਤਾ ਉਹ ਕਿਲਾ ਹੀ ਸੀ,......... ਸਿੰਘਾਂ ਦੇ ਮੂੰਹ ਵਿਚੋਂ ਵਿਸ਼ਵਾਸ਼ਘਾਤੀ ਦਾ ਇੱਕੋ ਸ਼ਬਦ ਨਿਕਲਿਆ

ਤੇ ਫਟੜ ਹੁੰਦਿਆਂ ਨੇ ਮੀਂਹ ਵਾਂਗ ਵਸਦੀਆਂ ਗੋਲੀਆਂ ਵਿਚ ਵੀ ਸਿੰਘ ਵਾਂਗ ਤਲਵਾਰ ਦੇ ਨਾਲ ਕਮਰੇ ਵਿਚ ਸਥਰ ਵਿਛਾ ਦਿੱਤਾ। ਪਰ ਗੋਲੀਆਂ ਨਾਲ ਉਨ੍ਹਾਂ ਦੇ ਸਰੀਰ ਛਾਨਣੀ ਹੋ ਚੁਕੇ ਸਨ, ਲੁੜ ਖੁੜਾਂਦੇ ਡਿਗੇ ਤੇ ਜਗਤ ਨੂੰ ਦਸ ਗਏ ;-

ਸਤ੍ਰ ਹੋਇਕੇ ਜੋ ਕਰੇ ਮਿਤ੍ਰਾਈ ਕੀ ਬਾਤ। ਤਹਿ ਬਿਸਵਾਸ ਨਾ ਕੀਜੀਹੈ ਅੰਤ ਕਰੇ ਵਹਿਘਾਤ।

ਸਰ ਲੈਪਲ ਗ੍ਰਿਫਨ ਨੇ ਤਾਰੀਖ ਰਾਜ਼ਗਾਨੇ ਪੰਜਾਬ ਵਿੱਚ ਇਸ ਘਟਨਾਂ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ;-

> ''੧੭੬੫ ਈ ; ਵਿਚ ਨਾਨੂ ਸਿੰਘ ਨੂੰ ਔਰੰਗਾਬਾਦ ਦੇ ਪਠਾਣਾਂ ਨੇ ਆਪਣੇ ਕਿਲੇ ਵਿਚ ਮਹਿਮਾਨ ਨਿਵਾਜ਼ੀ ਦੇ ਬਹਾਨੇ ਬੁਲਾਕੇ ਫਰੇਬ ਨਾਲ ਕਤਲ ਕਰ ਦਿੱਤਾ''।

★ ★ ★

ਖਾਲਸੇ ਦੀ ਸ਼ਾਨ

ਰਾਤ ਦੇ ਅੰਧੇਰੇ ਵਿਚੋਂ ਸੂਰਜ ਨਿਕਲ ਆਇਆ, ਪ੍ਰੰਤੂ ਸਰਦਾਰ ਨਾਨੂ ਸਿੰਘ ਔਰੰਗਾਬਾਦ ਦੇ ਪਠਾਣੀ ਕਿਲੇ ਵਿਚੋਂ ਰਾਤ ਦੇ ਗਏ ਵਾਪਸ ਨਹੀਂ ਆਏ। ਇਹ ਖਿਆਲ ਸਿਖਾਂ ਵਿਚ ਤੌਖਲਾ ਉਤਪਨ ਕਰਨ ਲਗਾ। ਜਿਸ ਵੇਲੇ ਕਾਫ਼ੀ ਦਿਨ ਨਿਕਲ ਆਉਣ ਤੇ ਵੀ ਸਰਦਾਰਾਂ ਦਾ ਕੁਛ ਪਤਾ ਨਾ ਚਲਿਆ, ਤਦ ਕੁਛ ਆਦਮੀ ਕਿਲੇ ਵਿਚ ਖਬਰ ਲੈਣ ਲਈ ਭੇਜੇ ਗਏ। ਪਠਾਣਾਂ ਤੋਂ ਸਰਦਾਰਾ ਦੀ ਪੁਛ ਕੀਤੀ। ਸਰਦਾਰਾਂ ਨੂੰ ਕਤਲ ਕਰਕੇ ਉਹ ਸਮਝੀ ਬੈਠੇ ਸਨ ਕਿ ਹੁਣ ਇਨ੍ਹਾਂ ਦੀ ਸੈਨਾਂ ਸਰਦਾਰ ਨਾ ਹੋਣ ਕਰਕੇ ਮੈਦਾਨ ਛਡ ਜਾਏਗੀ, ਤੇ ਜੇ ਜੰਗ ਲਈ ਤਿਆਰ ਵੀ ਹੋਵੇਗੀ ਤਦ ਰਣ ਵਿਚ ਸਾਥੋਂ ਬਾਜ਼ੀ ਨਹੀਂ ਲਿਜਾ ਸਕੇਗੀ। ਇਸ ਤਰਾਂ ਨਾਲ ਉਹ ਹੁਣ ਆਪਣੀ ਕਾਮਯਾਬੀ ਦੀ ਆਸ ਵਿਚ ਇੰਨੇ ਆਪੇ ਤੋਂ ਬਾਹਰ ਹੋਏ ਹੋਏ ਸਨ ਕਿ ਪਹਿਲਾਂ ਤਾਂ ਉਨ੍ਹਾਂ ਨੇ ਸਿਧੇ ਮੂੰਹ ਗਲ ਹੀ ਨਾ ਕੀਤੀ, ਪਰ ਜਦ ਸਿੰਘਾਂ ਨੇ ਜ਼ਰਾ ਅੱਖਾਂ ਬਦਲੀਆਂ ਤਾਂ ਉਹ ਇਨ੍ਹਾਂ ਨੂੰ ਨਾਲ ਲੈ ਕੇ ਉਸ ਕਮਰੇ ਵਿਚ ਗਏ ਜਿਥੇ ਸਰਦਾਰਾਂ ਦੀਆਂ ਲੋਥਾਂ ਪਈਆਂ ਸਨ। ਪਠਾਣਾਂ ਦੇ ਵਿਸ਼ਵਾਸ਼ਘਾਤ ਨਾਲ ਘਾਤ ਕੀਤੇ ਸਰਦਾਰਾਂ ਨੂੰ ਵੇਖ ਕੇ ਸਿੰਘਾਂ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ ਤੇ ਇਨ੍ਹਾਂ ਮੁਠੀ ਭਰ ਸਿੰਘਾਂ ਦੀ ਪਠਾਣਾਂ ਨਾਲ ਉਥੇ ਹੀ ਲੜਾਈ ਹੋ ਪਈ। ਮਹਿੰਗਾ ਸਿੰਘ ਸਵਾਰ ਨੇ ਕਿਲੇ ਤੋਂ ਛਾਲ ਮਾਰੀ ਤੇ ਨੂੰ ਸਿੱਖ ਸੈਨਾਂ ਜਿਹੜੀ ਸਰਦਾਰਾਂ ਦੇ ਨਾ ਆਉਣ

ਤੋਂ ਚਿੰਤਾਤੁਰ ਹੋ ਰਹੀ ਸੀ ਅੰਦਰ ਬੀਤੀ ਸਾਰੀ ਵਿਥਿਆ ਸੁਣਾਈ।

ਰਾਏ ਸਿੰਘ ਤੇ ਭਾਗ ਸਿੰਘ ਝਬਾਲ ਮਨਣ ਦੇ ਰਹਿਣ ਵਾਲੇ ਬੜੇ ਸਜੀਲੇ ਛਬੀਲੇ ਤੇ ਬਲੀ ਦੋ ਭਰਾ ਸਨ। ਭਾਗ ਸਿੰਘ ਨੂੰ ਸਰਦਾਰ ਨਾਨੂ ਸਿੰਘ ਬੂੜੀਏ ਵਾਲਿਆਂ ਨੇ ਆਪਣਾ ਮੁਤਬੰਨਾ ਬਣਾਇਆ ਹੋਇਆ ਸੀ ਤੇ ਰਾਏ ਸਿੰਘ ਵੀ ਬੂੜੀਏ ਵਿਚ ਆ ਗਿਆ ਸੀ ਤੇ ਸਰਦਾਰ ਨਾਨੂ ਸਿੰਘ ਨਾਲ ਮਿਲ ਕੇ ਮੱਲਾਂ ਮਾਰ ਰਿਹਾ ਸੀ। ਬੂੜੀਏ ਦੇ ਨਾਲ ਲਾਗਵੇਂ ਦਯਾਲ ਗੜ੍ਹ ਕਿਲੇ ਤੇ ਇਸਦਾ ਕਬਜ਼ਾ ਸੀ। ਇਸ ਕਿਲੇ ਦਾ ਨਾਮ ਰਾਏ ਸਿੰਘ ਦੇ ਫੌਜੀ ਜ਼ਰਨੈਲ ਦਿਆਲ ਸਿੰਘ ਦੇ ਨਾਮ ਤੇ ਦਿਆਲ ਗੜ੍ਹ ਸੀ ਤੇ ਇਹ ਦਿਆਲ ਗੜ੍ਹੀਏ ਅਖਵਾਉਂਦੇ ਸੀ। ਸਰਦਾਰ ਨਾਨੂ ਸਿੰਘ ਜੀ ਦੀ ਮੌਤ ਦੀ ਖਬਰ ਸੁਣ ਕੇ ਦੋਨੋਂ ਭਰਾਵਾਂ ਦਾ ਖ਼ੂਨ ਜੋਸ਼ ਵਿਚ ਆ ਗਿਆ। ਔਰੰਗਾਬਾਦ ਦਾ ਹਰ ਸਿਰਕਢ ਪਠਾਣ ਇਸ ਜੰਗ ਵਿਚ ਹਿੱਸਾ ਲੈ ਰਿਹਾ ਸੀ। ਸਰਦਾਰਾਂ ਦੇ ਕਤਲ ਤੋਂ ਇਨ੍ਹਾਂ ਦੇ ਹੌਸਲੇ ਵਧੇ ਹੋਏ ਸਨ ਪਰ ਖਾਲਸੇ ਨੇ ਤੇਗ਼ਾਂ ਸੰਭਾਲੀਆਂ ਤੇ ਉਹ ਤੇਗ਼ਾਂ ਸੰਭਾਲੀਆਂ ਜਿਨ੍ਹਾਂ ਦੀ ਸਾਰੇ ਧਾਕ ਪੈ ਰਹੀ ਸੀ।

ਸਿੱਖ ਸਰਦਾਰਾਂ ਨਾਲ ਹੋਏ ਵਿਸ਼ਵਾਸ਼ਘਾਤ ਤੋਂ ਸਿੱਖਾਂ ਦਾ ਖ਼ੂਨ ਉਬਲ ਰਿਹਾ ਸੀ। ਬੇਗੁਨਾਹ ਸਰਦਾਰਾਂ ਦੀਆਂ ਖ਼ੂਨ ਨਾਲ ਲਿਬੜੀਆਂ ਲੋਥਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਗ ਵਸਾ ਰਹੀਆਂ ਸਨ ਤੇ ਸਰਦਾਰਾਂ ਦੀ ਖਬਰ ਲੈਣ ਲਈ ਗਏ ਜੱਥੇ ਨਾਲ ਜੰਗ ਛੇੜਨ ਨੂੰ ਆਪਣਾ ਕੌਮੀ ਅਪਮਾਨ ਸਮਝਣ ਤੋਂ ਖਾਲਸੇ ਦੇ ਡੌਲੇ ਫਰਕ ਰਹੇ ਸਨ। ਖਾਲਸਾ ਦਲ ਹੁਣ ਦੋਹਾਂ ਸਰਦਾਰਾਂ ਦੀ ਅਗਵਾਈ ਹੇਠ ਅੱਗੇ ਵਧਿਆ ਤੇ ਜੰਗ ਛੇੜ ਦਿੱਤੀ। ਬਸ ਦੇਖਦੇ ਹੀ ਦੇਖਦੇ ਕਾਮਯਾਬ ਹੋ ਗਏ ਤੇ ਵੈਰੀ ਦਲ ਕੁਝ ਜੰਗ ਵਿਚ ਕਤਲ ਹੋ ਗਿਆ ਤੇ ਕੁਛ ਭਜ ਗਿਆ। ਕਿਲਾ ਜਿਥੇ ਸਰਦਾਰ ਵਿਸਾਹ ਨਾਲ ਘਾਤ ਕੀਤੇ ਗਏ ਸੀ ਢਾਹ ਦਿੱਤਾ ਗਿਆ ਤੇ ਪਿਛਲੇ ਮਾਲਕਾਂ ਦੇ ਮਕਾਨ ਗਿਰਾ ਦਿਤੇ। ਤੇ ਔਰੰਗਾਬਾਦ ਵਰਾਨੀ ਦੀ ਸ਼ਕਲ ਪਕੜ ਗਿਆ।

੨੮੦ ਦੇ ਕਰੀਬ ਪਿੰਡ ਔਰੰਗਾਬਾਦ ਦੇ ਪਠਾਣਾਂ ਦੇ ਕਬਜ਼ੇ ਵਿਚ ਸੀ, ਜਿਨ੍ਹਾਂ ਤੇ ਸਿੰਘਾਂ ਨੇ ਕਬਜ਼ਾ ਕਰ ਲਿਆ। ੧੬੦ ਪਿੰਡ ਸਰਦਾਰ ਭਾਗ ਸਿੰਘ ਦੇ ਅਧੀਨ ਹੋਏ ਤੇ ੮੦ ਸ; ਭਾਗ ਸਿੰਘ ਦੇ ਭਰਾਤਾ ਸ; ਰਾਏ ਸਿੰਘ ਦੇ ਝੰਡੇ ਹੇਠ ਹੋ ਗਏ।

ਸ; ਭਾਗ ਸਿੰਘ ਤੇ ਰਾਏ ਸਿੰਘ ਬੂੜੀਏ ਪੁੱਜੇ। ਦੋ ਪਠਾਣ ਤੀਵੀਆਂ ਪਾਲਕੀਆਂ ਵਿਚ ਬੈਠੀਆਂ ਆਈਆਂ ਤੇ ਉਹਨਾਂ ਨੇ ਪੁਕਾਰ ਕੀਤੀ ਕਿ ਅਸੀਂ ਪਤਵੰਤੇ ਘਰਾਣਿਆਂ

ਦੀਆਂ ਹਾਂ, ਸਾਡੇ ਪਤੀ ਜੰਗ ਵਿਚ ਮਾਰੇ ਗਏ ਹਨ, ਬੱਚੇ ਨਾਬਾਲਗ ਤੇ ਮਾਸੂਮ ਹਨ, ਇਹਨਾਂ ਦੀ ਪਾਲਣਾ ਕੀਤੀ ਜਾਏ। ਖਾਲਸਾ ਜੀ ! ਤੁਸੀਂ ਸਮਝਦੇ ਹੋ ਕਿ ਬੂੜੀ ਦੇ ਸਰਦਾਰਾਂ ਨੇ ਕੀ ਉਤਰ ਦਿੱਤਾ? ਹਾਂ ਉਹ ਹੀ ਉਤਰ ਦਿਤਾ ਜੋ ਸ੍ਰੀ ਕਲਗੀਧਰ ਜੀ ਨੇ ਖਾਲਸਾ ਦੀ ਸ਼ਾਨ ਦੇ ਹਰ ਤਰਾਂ ਅਨਕੂਲ ਸੀ। ਉਹਨਾਂ ਤੀਵੀਆਂ ਨੂੰ ਅਭੈ ਦਾਨ ਦਿੱਤਾ, ਜਗੀਰਾਂ ਦਿਤੀਆਂ ਤੇ ਰੋਟੀ ਵਲੋਂ ਨਹੀਂ ਸਭ ਤਰ੍ਹਾਂ ਬੇਫਿਕਰ ਕੀਤਾ ਗਿਆ ਤੇ ਉਹਨਾਂ ਦੀ ਇੱਜ਼ਤ ਤੇ ਸ਼ਾਨ ਕਾਇਮ ਰਖੀ ਗਈ।

ਖਾਲਸਾ ਜੀ ਇਹ ਹੈ ਆਪ ਦੇ ਵੱਡਿਆਂ ਦਾ ਇਖ਼ਲਾਕ, ਕੌਮੀ ਗ਼ੈਰਤ ਤੇ ਪੰਥ ਲਈ ਮਰ ਮਿਟਣ ਵਾਲੇ ਜਜ਼ਬਾਤ ਦਾ ਖਿਆਲ। ਅਜ ਤਕ ਇਹ ਜਾਗੀਰ ਮੁਸਲਮਾਨ ਪਠਾਣਾਂ ਪਾਸ ਮੌਜੂਦ ਹੈ ਤੇ ਸ: ਨਾਨੂ ਸਿੰਘ ਤੇ ਉਹਨਾਂ ਦੇ ਸਾਥੀਆਂ ਦਾ ਸ਼ਹੀਦੀ ਅਸਥਾਨ ਵਿਦਮਾਨ ਹੈ, ਜਿਥੇ ਹਰ ਦੀਵਾਲੀ ਵਾਲੇ ਦਿਨ ਦਾ ਕੜਾਹ ਪ੍ਰਸ਼ਾਦ ਰਿਆਸਤ ਬੂੜੀਆਂ ਵਲੋਂ ਚੜ੍ਹਾਇਆ ਤੇ ਅਰਦਾਸਾ ਕੀਤਾ ਜਾਂਦਾ ਹੈ।

☆ ☆ ☆

ਬੂੜੀਏ ਵਾਲੀ ਹਵੇਲੀ

੧੭੬੪ ਤੋਂ ੮੫ ਤੱਕ ਪੰਜਾਬ ਵਿਚ ਰੌਲੇ ਗੌਲੇ ਦੇ ਦਿਨ ਸਨ, ਅਮਨ ਤੇ ਸ਼ਾਂਤੀ ਦੀਆਂ ਜਿਨਸਾਂ ਦਾ ਕਾਲ ਸੀ। ਲੜਾਈ ਤੇ ਝਗੜਿਆਂ ਦੀ ਹੀ ਗਰਮ ਬਾਜ਼ਾਰੀ ਸੀ। ਚਪੇ ਚਪੇ ਤੇ ਲੜਾਈ ਝਗੜੇ ਤੇ ਫਸਾਦ ਹੋ ਰਹੇ ਸਨ। ਇਸ ਦੇਸ਼ ਦਾ ਵਾਯੂ ਮੰਡਲ ਕੁਛ ਇਸ ਤਰ੍ਹਾਂ ਦਾ ਬਣ ਗਿਆ ਸੀ ਕਿ ਗ੍ਰਹਸਤੀ ਤੇ ਆਮ ਲੋਕੀ ਤਾਂ ''ਜਿਸ ਦੀ ਲਾਠੀ ਉਸ ਕੀ ਭੈਂਸ' ਦੀ ਅਖਾਉਤ ਨੂੰ ਆਪਣਾ ਅਸੂਲ ਬਣਾ ਹੀ ਰਹੇ ਸਨ। ਸੰਸਾਰ ਦੇ ਰਸਾਂ ਕਸਾਂ ਵਲੋਂ ਉਪਰਾਮ ਹੋਈਆਂ ਹੋਈਆਂ ਵਯਕਤੀਆਂ ਤੇ ਘਰ, ਬਾਹਰ, ਮਿਲਖ ਮਾੜੀਆਂ ਤਿਆਗ ਕੇ ਅਤੀਤ ਹੋਈਆਂ ਹੋਈਆਂ ਮੂਰਤੀਆਂ ਦੇ ਦਿਲਾਂ ਵਿਚ ਵੀ ਸੰਸਾਰਕ ਜਾਇਦਾਦਾਂ ਬਨਾਉਣ ਦੇ ਚਾਉ ਉਮੰਗਾਂ ਪ੍ਰਫੁਲਤ ਹੋ ਗਏ ਸਨ ਜਿਵੇਂ ਸਰਦੀ ਦੇ ਮਹਾਂ ਕੋਪ ਦੇ ਵਿਚ ਸੁਕ ਸੜ ਚੁਕੇ ਬਿਰਛ ਬਹਾਰ ਦੀ ਆਮਦ ਦੀ ਪੰਛੀਆਂ ਦੀ ਜ਼ਬਾਨੀ ਸੋ ਸੁਣਕੇ ਸ਼ੁਗੂਫੇ ਛਡ ਦੇਂਦੇ ਹਨ।

ਸਹਾਰਨਪੁਰ ਤੋਂ ਹਰਦਵਾਰ ਨੂੰ ਜੋ ਸੜਕ ਜਾਂਦੀ ਹੈ, ਉਸ ਤੇ ਭਗਵਾਨ ਪੁਰਾ ਨਾਮ ਦੀ ਇਕ ਬਸਤੀ ਹੈ। ਇਥੇ ਬੈਰਾਗੀ ਸਾਧਾਂ ਦਾ ਡੇਰਾ ਹੈ, ਇਨ੍ਹਾਂ ਪਹਿਲਾਂ ਤਾਂ ਸ਼ਾਇਦ ਆਪਣੀ ਰਖਿਆ ਲਈ ਪਰ ਫਿਰ ਪਿਛੋਂ 'ਕਰ' ਵਸੂਲ ਕਰਨ ਲਈ ਆਪਣੇ ਆਪ ਨੂੰ ਸਨਧਬੱਧ ਕਰ ਲਿਆ। ਇਕ ਤਕੜੀ ਜਮਾਤ ਇਥੇ ਰਖਣ ਲਗੇ ਤੇ ਆਮ ਹੁਕਮ ਦੇ ਦਿਤਾ ਕਿ ਇਸ ਸੜਕ ਤੋਂ ਹਰਦਵਾਰ ਯਾਤਰਾ ਲਈ ਜਾਣ ਵਾਲਾ ਹਰ ਮਨੁੱਖ ਆਪਣਾ ਸਿਰ ਮੁਨਾਏ ਤੇ ੧।) ਇਥੇ ਭੇਟਾ ਦੇ ਕੇ ਹਰਦਵਾਰ ਜਾਏ।

ਬੈਰਾਗੀ ਮਥੇ ਤੇ ਤਿਲਕ, ਗਲੇ ਵਿਚ ਤੁਲਸੀ ਦੀ ਮਾਲਾ, ਬਾਜੂਆਂ ਤੇ ਛਾਪ ਦੇ ਨਿਸ਼ਾਨ ਤੇ ਹਥਾਂ ਵਿਚ ਤਲਵਾਰਾਂ ਲਈ ਸੜਕ ਰੋਕ ਬੈਠੇ, ਤੇ ਉਪਰ ਦਿਤੇ ਏਲਾਨ ਦੇ ਮੁਤਾਬਕ ਹਰ ਯਾਤਰੂ ਪਾਸੋਂ ੧।) ਵਸੂਲ ਕਰਨ ਲਗੇ।

ਮਨੁੱਖ ਦਾ ਇਹ ਸੁਭਾਉ ਹੈ ਕਿ ਮਰਜ਼ੀ ਦੇ ਉਲਟ ਗੱਲ ਪਹਿਲਾਂ ਦੁਖਦਾਈ ਭਾਸਦੀ ਹੈ ਤੇ ਉਸ ਤੋਂ ਬਚਾਓ ਲਈ ਯਤਨ ਵੀ ਕੀਤਾ ਜਾਂਦਾ ਹੈ ਪਰ ਜਦ ਵਾਹ ਨਾ ਚਲੇ ਤਦ ਸਿਰ ਨਿਵਾ ਦੇਂਦਾ ਹੈ, ਤੇ ਉਸ ਦੀ ਤਬੀਅਤ ਅਜਿਹੀ ਹੋ ਜਾਂਦੀ ਹੈ ਕਿ ਫਿਰ ਉਹ ਮੁਸੀਬਤ ਉਸਦਾ ਇਕ ਤਰ੍ਹਾਂ ਦਾ ਸੁਭਾਉ ਬਣ ਜਾਂਦੀ ਹੈ ਤੇ ਉਹ ਮੁਸੀਬਤ ਮੁਸੀਬਤ ਪ੍ਰਤੀਤ ਨਹੀਂ ਹੁੰਦੀ।

੧) ਡੰਡ ਦੇਣਾ ਪਹਿਲਾਂ ਲੋਕਾਂ ਨੂੰ ਬੁਰਾ ਭਾਸਿਆ, ਪ੍ਰੰਤੂ ਬੈਰਾਗੀਆਂ ਦੇ ਟਾਕਰੇ ਤੇ ਯਾਤਰੂ ਜਥੇ ਬੰਦ ਹੋ ਕੇ ਨਹੀਂ ਜਾਂਦੇ ਸਨ ਇਸ ਕਰਕੇ ਇਹ ਕਰ ਦੇਣ ਦਾ ਰਿਵਾਜ਼ ਚਲ ਪਿਆ ਤੇ ਬੈਰਾਗੀਆਂ ਦੀ ਪੈਂਠ ਬਝ ਗਈ।

ਸਰਦਾਰ ਰਾਏ ਸਿੰਘ ਦਯਾਲਗੜ੍ਹ ਤੇ ਕੁਛ ਹੋਰ ਸਰਦਾਰ ਹਰਦਵਾਰ ਦੇ ਮੇਲੇ ਤੇ ਚਲੇ, ਭਗਵਾਨ ਪੁਰੇ ਦੇ ਪਾਸ ਬੈਰਾਗੀਆਂ ਨੇ ਰਾਹ ਮਲ ਲਿਆ। ੧।) ਫੀ ਆਦਮੀ ਦੇ ਜਾਣਾ ਕਿਸੇ ਡਰ ਤੋਂ ਨਹੀਂ ਤਾਂ ਸਾਧੂ ਸਮਝਕੇ ਦੇ ਜਾਣਾ ਮਾਮੂਲੀ ਗੱਲ ਸੀ, ਪ੍ਰੰਤੂ ਬੈਰਾਗੀਆਂ ਨੇ ਯਾਤਰੂਆਂ ਨੂੰ ਹੁਕਮ ਦੇ ਰਖਿਆ ਸੀ ਕਿ ਇਥੇ ਸਿਰ ਮੁਨਾ ਕੇ ਜਾਣਾ ਚਾਹੀਦਾ ਹੈ। ਸਿਖਾਂ ਨੂੰ ਇਹ ਗਲ ਸੁਣਕੇ ਕ੍ਰੋਧ ਆ ਗਿਆ, ਦੋਹਾਂ ਧਿਰਾਂ ਨੇ ਤਲਵਾਰਾਂ ਮਿਆਨ ਵਿਚੋਂ ਕਢ ਲਈਆਂ ਤੇ ਲੜਾਈ ਸ਼ੁਰੂ ਹੋ ਗਈ। ਬੈਰਾਗੀਆਂ ਦਾ ਜਮਘਟਾ ਕਾਫੀ ਸੀ, ਸਿੰਘ ਗਿਣਤੀ ਦੇ ਸਨ ਤੇ ਲੜਾਈ ਦੇ ਇਰਾਦੇ ਨਾਲ ਤਿਆਰ ਹੋ ਕੇ ਗਏ ਹੀ ਨਹੀਂ ਸਨ। ਇਕ ਮਾਮੂਲੀ ਜਹੀ ਝੜਪ ਦੇ ਪਿਛੋਂ ਸਿੰਘਾਂ ਨੇ ਜਦ ਬੈਰਾਗੀਆਂ ਨੂੰ ਟਲਦਾ ਨਾ ਵੇਖਿਆ ਤਦ ਅਗਲੇ ਸਾਲ ਵਾਸਤੇ ਜੰਗ ਦਾ ਨਿਮੰਤ੍ਰ ਦੇ ਕੇ ਵਾਪਸ ਆ ਗਏ।

ਅਗਲੇ ਸਾਲ ਦਿਆਲ ਗੜ੍ਹੀਏ ਤੇ ਬੂੜੀਏ ਦੇ ਸਰਦਾਰ ਹਰਦਵਾਰ ਨੂੰ ਤੁਰੇ। ਭਗਵਾਨ ਪੁਰਾ ਰਾਹ ਵਿਚ ਸੀ, ਤੇ ਬੈਰਾਗੀਆਂ ਦਾ ਪਿਛਲੇ ਸਾਲ ਵਾਲਾ ਸਲੂਕ ਯਾਦ ਸੀ, ਇਸ ਵਾਸਤੇ ਆਪਣੇ ਸ਼ਸ਼ਤਰ ਸੰਭਾਲ ਲਏ। ਉਹਨੀਂ ਦਿਨੀਂ ਬੈਰਾਗੀਆਂ ਦੀ ਤੂਤੀ ਬੋਲ ਰਹੀ ਸੀ ਤੇ ਉਹਨਾਂ ਨੂੰ ਹੁਣ ਤਕ ਜੇਹੜਾ ਮਿਲਿਆ ਹਥ ਜੋੜਨ ਤੇ ਭੇਟਾ ਚੜ੍ਹਾਉਣ ਵਾਲਾ ਮਿਲਿਆ। ਜੇ ਪਿਛਲੇ ਸਾਲ ਸਿੱਖਾਂ ਨਾਲ ਵਾਹ ਪਿਆ ਤਾਂ ਉਹ ਵੀ

ਪਿਛੇ ਮੁੜ ਗਏ ਸਨ। ਇਸ ਵਾਸਤੇ ਇਹਨਾਂ ਨੂੰ ਹੁਣ ਆਪਣੇ ਬਿਨਾਂ ਸਾਰੇ ਲੋਕ ਕੀੜੀਆਂ ਦਿਸਦੇ ਸਨ, ਤੇ ਇਹ ਕਿਸੇ ਨੂੰ ਖਿਆਲ ਵਿਚ ਨਹੀਂ ਲਿਆਉਂਦੇ ਸਨ।

ਸਿਖ ਸਰਦਾਰਾਂ ਨੂੰ ਭਗਵਾਨ ਪੁਰ ਦੀ ਸੜਕ ਤੇ ਫਿਰ ਉਹਨਾਂ ਨੇ ਰੋਕ ਲਿਆ ਤੇ ਪਿਛਲੇ ਸਾਲ ਵਾਲੀਆਂ ਆਪਣੀਆਂ ਸ਼ਰਤਾਂ ਪੇਸ਼ ਕੀਤੀਆਂ। ਖਾਲਸੇ ਨੇ ਸ਼ਰਤਾਂ ਪੂਰੀਆਂ ਕਰਨੋਂ ਸਿਰ ਫੇਰਿਆ। ਦੋਹਾਂ ਧਿਰਾਂ ਦੇ ਹਥ ਫਿਰ ਤਲਵਾਰਾਂ ਦੀਆਂ ਮੁਠਾਂ ਤੇ ਗਏ। ਤੇਗਾਂ ਨੇ ਮਿਆਨਾਂ ਵਿਚੋਂ ਨਿਕਲਦਿਆਂ ਹੀ ਪਹਿਲਾਂ ਤਾਂ ਵੇਖਣ ਵਾਲਿਆਂ ਦੀਆਂ ਅੱਖਾਂ ਨੂੰ ਚੁੰਧਯਾ ਦਿਤਾ, ਫਿਰ ਬੇਦਰੇਗ਼ ਛਲੀਆਂ ਵਾਂਗ ਗਰਦਨਾਂ ਲਾਹੁਣ ਲਗੀਆਂ।

ਹਿੰਦੂ ਸਾਧਾਂ ਵਿਚੋਂ ਬੈਰਾਗੀ ਦਾ ਕੁਛਕ ਹਿੱਸਾ ਆਪਣੇ ਗੁਸੈਲੇ ਸੁਭਾਓ 'ਤੇ ਜੰਗਜੋਈ ਦੀ ਸਪਿਰਟ ਦੇ ਕਾਰਨ ਮਸ਼ਹੂਰ ਹੈ। ਕੋਈ ਕੁੰਭੀ ਤੇ ਅਰਧ ਕੁੰਭੀ ਦਾ ਮੇਲਾ ਮੁਸ਼ਕਲ ਨਾਲ ਹੀ ਖਾਲੀ ਗਿਆ ਹੋਵੇਗਾ ਜਦੋਂ ਇਹਨਾਂ ਦੀ ਕਿਸੇ ਨਾ ਕਿਸੇ ਸਾਧ ਸੰਪ੍ਰਦਾਏ ਨਾਲ ਜੰਗ ਨਾ ਹੋਵੇ। ਉਹ ਇਹਨਾਂ ਸਿਖ ਸਰਦਾਰਾਂ ਦੇ ਸਾਹਮਣੇ ਮਰਦਾਂ ਵਾਂਗ ਅੜੇ, ਤੇ ਜਾਨ ਹੂਲਵੇਂ ਹੱਲੇ ਤੇ ਹੱਲੇ ਕੀਤੇ। ਪ੍ਰੰਤੂ ਕਿਨੀ ਕੁ ਦੇਰ ਤਕ ਠਹਿਰ ਸਕਦੇ ਸਨ, ਆਖ਼ਰ ਇਹਨਾਂ ਦੇ ਪੈਰ ਉਖੜ ਗਏ, ਤੇ ਸਿੱਖ ਸਰਦਾਰਾਂ ਨੇ ਇਹਨਾਂ ਨੂੰ ਅਗੇ ਧਰ ਲਿਆ। ਸੜਕ ਤੇ ਬਣਾਈਆਂ ਇਹਨਾਂ ਦੀਆਂ ਰੋਕਾਂ ਤੋੜ ਦਿਤੀਆਂ ਤੇ ਬੈਰਾਗੀ ਇਹ ਟਿਕਾਣਾ ਛਡ ਕੇ ਨਸ ਗਏ।

ਬੈਰਾਗੀਆਂ ਦਾ ਡੇਰਾ ਉਠ ਜਾਣ ਤੇ ਰਾਹ ਖੁਲ੍ਹ ਗਿਆ। ਯਾਤਰੂਆਂ ਦੀਆਂ ਔਕੜਾਂ ਦੂਰ ਹੋ ਗਈਆਂ। 'ਕਰ' ਹਟ ਜਾਣ ਤੋਂ ਲੋਕੀ ਸੁਖਾਲੇ ਹੋ ਗਏ। ਹਰਦਵਾਰ ਪਹੁੰਚਕੇ ਫਤਹਯਾਬ ਬੂੜੀਏ ਵਾਲੇ ਸਰਦਾਰਾਂ ਨੇ ਹਰਕੀ ਪਉੜੀ ਦੇ ਐਨ ਨਾਲ ਇਕ ਆਲੀਸ਼ਾਨ ਹਵੇਲੀ ਬਣਾਈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕੀਤਾ ਗਿਆ, ਕਥਾ ਵਾਰਤਾ ਸ਼ਬਦ ਕੀਰਤਨ ਦਾ ਪ੍ਰਵਾਹ ਚਲ ਪਿਆ, ਜਿਸ ਤੋਂ ਉਸ ਸਮੇਂ ਜਦੋਂ ਕਿ ਹਰਦਵਾਰ ਵਿਚ ਅਜ ਜਿੰਨੇ ਮਕਾਨ ਨਹੀਂ ਸਨ, ਯਾਤਰੂਆਂ ਨੂੰ ਸੁਖ ਹੋ ਗਿਆ ਤੇ ਸਿੱਖ ਸਰਦਾਰਾਂ ਦੀ ਉਸ ਕਾਮਯਾਬੀ ਦਾ ਅਟਲ ਨਿਸ਼ਾਨ ਕਾਇਮ ਹੋ ਗਿਆ। ਇਸ ਆਰਾਮਗਾਹ ਦੇ ਬਣਨ ਨਾਲ ਸਿਖ ਸਰਦਾਰਾਂ ਦੀ ਹਿੰਦੂ ਜਨਤਾ ਦੀ ਹਰ ਸੰਪ੍ਰਦਾ ਵਿਚ ਬੜੀ ਮਹਿਮਾਂ ਹੋਈ। ਇਹ ਹਵੇਲੀ ਹੁਣ ਤਕ ਖੜੀ ਹੈ। ਇਮਾਰਤ ਇਹਦੀ ਬੜੀ ਮਜ਼ਬੂਤ ਹੈ ਤੇ ਟਿਕਾਣਾ ਨਜ਼ਾਰੇ ਵਾਲਾ ਹੈ, ਹੁਣ ਤਕ ਬੂੜੀਏ ਵਾਲੀ ਹਵੇਲੀ ਸਦਾਉਂਦੀ ਹੈ।

☆ ☆ ☆

'ਭਾਈ ਚੰਬਾ ਸਿੰਘ ਜੀ ਦੀ ਬਹਾਦਰੀ'

ਸਿੱਖ ਰਾਜ ਤੋਂ ਪਹਿਲੇ ਮੀਰਪੁਰ (ਜੰਮੂ) ਦੇ ਇਲਾਕੇ ਦੇ ਗੱਖੜ ਮੁਸਲਮਾਨ ਰਾਜੇ ਸਨ, ਇਹਨਾਂ ਨੂੰ ਪਹਿਲੇ ਭੰਗੀ ਮਿਸਲ ਦੇ ਸਰਦਾਰ ਸਾਹਿਬ ਸਿੰਘ ਜੀ ਨੇ ਸੋਧਿਆ ਸੀ ਤੇ ਸਿੱਖ ਰਾਜ ਦਾ ਸਿੱਕਾ ਜਮਾਇਆ ਸੀ। ਭੰਗੀਆਂ ਦੇ ਪਿਛੋਂ ਇਹ ਇਲਾਕਾ ਮੰਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਪ੍ਰਬੰਧ ਵਿਚ ਆਇਆ। ਭਾਈ ਚੰਬਾ ਸਿੰਘ ਜੀ ਸ਼ੇਰੇ ਪੰਜਾਬ ਦੇ ਰਸਾਲੇ ਵਿਚ ਸਿਪਾਹੀ ਸਨ। ਏਹ ਇਕ ਵੇਰ ਛੁਟੀ ਘਰ ਆਏ ਹੋਏ ਸਨ ਕਿ ਇਕ ਗਖ਼ੜ ਜੋ ਬੜਾ ਬਹਾਦਰ ਸੀ ਘੋੜੇ ਤੇ ਸਵਾਰ ਹੋ ਸ਼ਸਤ੍ਰ ਸਾਜ ਬਾਜ ਸ਼ਿਕਰੇ ਲੈ ਸਿਖਾਂ ਦੇ ਮਹੱਲੇ ਪੁਰਾਣੇ ਕਿਲ੍ਹੇ ਵਿਚ ਦੀ ਲੰਘ ਰਿਹਾ ਸੀ। ਵੱਡੀ ਧਰਮਸਾਲ ਦੇ ਪਾਸ ਮਹੱਲੇ ਵਿਚ ਇਕ ਪਿਪਲ ਦਾ ਬੂਟਾ ਸੀ, ਇਸਦੇ ਹੇਠ ਸਿੱਖਾਂ ਦੀਆਂ ਬੀਬੀਆਂ ਚਰਖੇ ਕੱਤ ਰਹੀਆਂ ਸਨ। ਗੱਖੜ ਨੇ ਆਪਣੇ ਘੋੜੇ ਨੂੰ ਏਥੇ ਖੜਾ ਕਰ ਲਿਆ ਤੇ ਪਿੱਪਲ ਤੇ ਬੈਠੇ ਪੰਛੀਆਂ ਪਿਛੇ ਆਪਣਾ ਬਾਜ਼ ਛੱਡ ਦਿਤਾ। ਭਾਈ ਚੰਖਾ ਸਿੰਘ ਜੀ ਇਸ ਵੇਲੇ ਕੇਸੀ ਇਸ਼ਨਾਨ ਕਰ ਕੋਠੇ ਤੇ ਫਿਰ ਰਹੇ ਸਨ ਅਤੇ ਕੇਸ ਹਰੇ ਕਰ ਰਹੇ ਸੀ। ਇਹਨਾਂ ਗੱਖੜ ਦੀ ਇਸ ਅਯੋਗ ਕਾਰ ਨੂੰ ਡਿੱਠਾ ਤੇ ਉਸਨੂੰ ਕਿਹਾ – ਤੈਨੂੰ ਪਤਾ ਹੈ ਕਿ ਏਹ ਸਿੰਘਾਂ ਦਾ ਮਹੱਲਾ ਹੈ, ਤੇਰਾ ਏਥੇ ਬੀਬੀਆਂ ਪਾਸ ਖਲੋਣਾ ਤੇ ਸ਼ਿਕਾਰ ਕਰਨਾ ਵਾਜਬ ਨਹੀਂ ਸੀ। ਇਸਤ੍ਰੀ ਜ਼ਾਤੀ ਦੀ ਅਬਰੋ ਰੱਖਣੀ ਸੂਰਮੇ ਦਾ ਪਹਿਲਾ ਧਰਮ ਹੁੰਦਾ ਹੈ।

ਗੱਖੜ ਨੇ ਕਿਹਾ: ਚੱਲ਼ ਓਇ ਕਚ਼ਾੜਾ ਸ਼ੇਖੀਆਂ ਨਾ ਦੱਸ, ਤੂੰ ਅਜ ਕੇਸ ਰਖਕੇ ਸਰਦਾਰ ਬਣ ਗਿਆ ਹੈਂ ਤੇ ਕਰਾੜ ਹੋ ਕੇਂ ਮੇਰੇ ਸਿਰ ਚੜ੍ਹ ਰਿਹਾ ਹੈਂ। ਤੈਨੂੰ ਸ਼ਰਮ ਨਹੀਂ ਆਉਂਦੀ ਕਦੇ, ਬਿੱਲੀਆਂ ਨੇ ਬੀ ਸ਼ੇਰ ਮਾਰੇ ਹਨ ? ਏਹ ਸੁਣਕੇ ਸਿੰਘ ਜੀ ਨੂੰ ਰੋਹ ਚੜ੍ਹ ਗਿਆ, ਅੱਖਾਂ ਲਾਲ ਹੋ ਗਈਆਂ ਤੇ ਡੌਲੇ ਫੁਰਕਨ ਲਗੇ, ਛੇਤੀ ਨਾਲ ਦਸਤਾਰ ਸਜਾਈ ਅਤੇ ਅੱਖ ਦੇ ਫੋਰ ਵਿਚ ਹੇਠਾਂ ਆਏ ਤੇ ਲਲਕਾਰ ਕੇ ਕਿਹਾ – ਆ ਬਈ ਸੂਰਮਿਆ! ਜ਼ਬਾਨ ਦੇ ਫੱਟ ਲਾਏ ਨੀ, ਹੁਣ ਤਲਵਾਰ ਦੇ ਫੱਟਾਂ ਨਾਲ ਯਾ ਮੇਲ ਦੇ ਯਾ ਦੁਟੱਕ ਹੋਣ ਦੇ। ਸੂਰਮਾ ਹੈਂ ਤਾਂ ਨਿਤਰ, ਦੋ ਹੱਥ ਦੇਖ ਲੈ, ਦੋ ਦਿਖਾ ਦੇ, ਦੂਏ ਦੀ ਲੋੜ ਨਾ ਰੱਖ। ਯਕਾ ਯਕ ਹੀ ਬਰ ਮੇਚ ਲਈਏ। ਸਾਵਧਾਨ ਹੋ! ਆਪ ਦੇ ਗਾਤਰੇ ਸ੍ਰੀ ਸਾਹਿਬ ਸਜੇ ਹੋਏ ਸਨ, ਮਿਆਨ ਵਿਚੋਂ ਧੂ ਅੱਖੀਆਂ ਚੁੰਧਿਆ ਦੇਣ ਵਾਲੀ ਕ੍ਰਿਪਾਨ ਕਢੀ। ਗੱਖੜ ਬੀ ਮੁਕਾਬਲੇ ਲਈ ਤਿਆਰ ਹੋ ਗਿਆ। ਦੁਇ ਸੂਰਮੇ ਸਨ। ਆਹਮੋ ਸਾਹਮਣੇ ਜੁਟ ਪਏ। ਗੱਖੜ ਸਰੀਰ ਦਾ ਪਲਿਆ ਤੇ ਕਦਾਵਰ ਸੀ, ਚੰਬਾ ਸਿੰਘ ਪਤਲਾ ਪਰ ਪਸਲੀਆਂ ਦਾ ਮਜ਼ਬੂਤ ਸੀ। ਕਈ ਵਾਰ ਪਰਸਪਰ ਵਾਰ ਹੋਏ, ਕਈ ਦਾਉ ਘਾਉ ਚਲੇ। ਅੰਤ ਆਪ ਨੇ ਉਛਲਕੇ ਵਾਰ ਕੀਤਾ ਜਿਸ ਨਾਲ ਗੱਖੜ ਦਾ ਪੇਠੇ ਜਿੱਡਾ ਸਿਰ ਧਰਤੀ ਤੇ ਆ ਡਿੱਗਾ। ਸਿੰਘ ਜੀ ਨੇ ਗੱਖੜ ਦਾ ਘੋੜਾ ਅੰਦਰ ਬੰਨ੍ਹ ਲਿਆ ਤੇ ਸਿਰ ਧੜ ਵੀ ਅੰਦਰ ਰੱਖ ਦਿਤਾ ਤੇ ਆਪ ਤਲਵਾਰ ਲੈਕੇ ਬੈਠ ਗਏ। ਦੂਜੇ ਪਾਸੇ ਇਸ ਭਿਆਨਕ ਸਾਕੇ ਦਾ ਗੱਖੜਾਂ ਨੂੰ ਵੀ ਪਤਾ ਲਗ ਗਿਆ। ਉਹ ਢੋਲ ਬਜਾ ਸ਼ਸਤ੍ਰਬੰਦ ਹੋ ਆਪਣੇ ਭਰਾ ਦਾ ਵੈਰ ਲੈਣ ਲਈ ਚੜ੍ਹ ਪਏ। ਏਧਰ ਸਿੰਘਾਂ ਨੂੰ ਜਿਸ ਵੇਲੇ ਪਤਾ ਲਗਾ ਏਹ ਵੀ ਸਾਰੇ ਇਕੱਠੇ ਹੋ ਢੋਲ ਵਜਾਕੇ ਰੋਕਣ ਲਈ ਮਹੱਲੇ ਤੋਂ ਬਾਹਿਰ ਮੈਦਾਨ ਵਿਚ ਨਿਕਲੇ। ਜਿਸ ਵੇਲੇ ਦੋਹਾਂ ਦਲਾਂ ਦੇ ਸੂਰਬੀਰ ਆਹਮੋ ਸਾਹਮਣੇ ਹੋਏ ਤਾਂ ਸਿੰਘਾਂ ਦੀ ਤਿਆਰੀ ਦੇਖ ਤੇ ਅਕਾਸ਼ ਗੁੰਜਾ ਦੇਣ ਵਾਲੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਸੁਣ ਗੱਖੜ ਇਕ ਵੇਰ ਤਾਂ ਠਠੰਬਰ ਗਏ। ਅੰਤ ਨੂੰ ਸਿਆਣੇ ਗੱਖੜਾਂ ਨੇ ਸੋਚ ਕੀਤੀ ਕਿ ਅਸੀਂ ਇਕੋ ਥਾਂ ਰਹਿਣ ਵਾਲੇ ਸੂਰਮੇ ਆਪੋ ਵਿਚ ਭਿੜ ਪੈਣ ਲੱਗੇ ਹਾਂ, ਪਤਾ ਤਾਂ ਲਈਏ ਕਿ ਅਸਲ ਗਲ ਕੀਹ ਸੀ? ਜਦੋਂ ਸਾਰਾ ਹਾਲ ਪਤਾ ਲੱਗਾ ਤਾਂ ਗੱਖੜਾਂ ਦੀ ਪੰਚੈਤ ਨੇ ਵਿਚਾਰ ਕੇ ਫੈਸਲਾ ਕੀਤਾ ਕਿ ਕਸੂਰ ਸਾਡੇ ਆਦਮੀ ਦਾ ਹੈ। ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹਨ, ਉਸਨੇ ਕਿਉ ਗਲਤੀ ਕੀਤੀ? ਫਿਰ ਚੰਬਾ ਸਿੰਘ ਦੇ ਸਮਝਾਣ 'ਤੇ ਸਮਝਣ ਦੀ ਥਾਂ ਮੇਹਣੇ ਕਿਉ ਦਿਤੇ? ਅਗੋਂ ਫੇਰ ਜੰਗ ਛਿੜਨਾਂ ਹੀ ਸੀ ਤੇ ਕਿਸੇ ਪਹਿਲੂ ਜਿਤ ਹੋਣੀ ਹੀ ਸੀ। ਸੋ ਹੁਣ ਅਸੀਂ ਮੁੜ

ਲੜੀਏ ਤਾਂ ਮਾੜੀ ਗੱਲ ਹੈ। ਇਹ ਸੋਚਕੇ ਸੁਲਾ ਦਾ ਝੰਡਾ ਖੜਾ ਕੀਤਾ ਤੇ ਹਾਰ ਮੰਨੀ। ਹੁਣ ਦੁਵੱਲਾਂ ਦੇ ਸਰਦਾਰਾਂ ਨੂੰ ਮੇਲ ਕੇ ਫੈਸਲਾ ਕੀਤਾ ਕਿ ਗੱਖੜਾ ਦੀ ਲੋਥ ਦੇ ਦਿਤੀ ਜਾਵੇ ਤੇ ਗੱਖੜਾਂ ਵਲੋਂ ਪੰਜ ਸੌ ਰੁਪਯਾ ਹਰਜਾਨਾ ਲਿਤਾ ਜਾਵੇ। ਪੰਜ ਸੌ ਰੁਪਯਾ ਆ ਜਾਣੇ ਪਰ ਸਿੰਘਾਂ ਨੇ ਸਤਕਾਰ ਨਾਲ ਹਾਰੇ ਸੂਰਮੇ ਦੀ ਲਾਸ਼ ਦੇ ਦਿੱਤੀ ਤੇ ਪੰਜ ਸੌ ਰੁਪਯਾ ਸ਼ਹਿਰ ਦੇ ਭਲੇ ਤੇ ਖਰਚ ਕਰ ਦਿਤਾ। ਇਸ ਸਾਕੇ ਤੋਂ ਮਹੱਲੇ ਦੇ ਸਿੰਘਾਂ ਦਾ ਐਸਾ ਸਿੱਕਾ ਜੰਮਿਆਂ ਸੀ ਕਿ ਕੋਈ ਮੁਸਲਮਾਨ ਮਹਲੇ ਵਿਚ ਦੀ ਸਿਰ ਉਚਾ ਕਰਕੇ ਨਹੀਂ ਲੰਘਦਾ ਸੀ। ਸ਼ਹਿਰ ਦੇ ਹਿੰਦੂ ਇਸ ਮਹਲੇ ਦੀ ਪਨਾਹ ਲਿਆ ਕਰਦੇ ਸਨ।

☆ ☆ ☆

ਅਕਾਲੀ - ਸਾਧੂ ਸਿੰਘ ਜੀ ਦੀ ਬੀਰਤਾ

ਮੁਲਤਾਨ ਦਾ ਹਾਕਮ ਮੁਜ਼ੱਫਰ ਖਾਂ ਬੜਾ ਬਹਾਦਰ ਦਲੇਰ ਤੇ ਮਨ-ਚਲਾ ਜਵਾਨ ਸੀ। ਇਹਦਾ ਭਰਾ ਸਰ ਅਫਰਾਜ਼ ਖਾਂ ਹਿੰਮਤ ਤੇ ਦਲੇਰੀ ਵਿਚ ਇਸ ਨਾਲੋਂ ਕਿਸੇ ਗਲੇ ਘੱਟ ਨਹੀਂ ਸੀ। ਸ਼ਾਹ ਨਿਵਾਜ਼ ਖਾਂ ਤੇ ਸ਼ਾਹਬਾਜ਼ ਖਾਂ ਇਹਦੇ ਲੜਕੇ ਨਸਰੁਲ ਖਾਂ ਭਤੀਜਾ ਜ਼ੁਲਫਕਾਰ ਖਾਂ, ਸਯਦ ਮੋਹਸਨ ਸ਼ਾਹ, ਜਾਨ ਮੁਹੰਮਦ ਖਾਂ ਬਾਦੋਜ਼ੇਈ, ਖੁਦਾ ਯਾਰ ਖਾਂ ਗਲਜ਼ੇਈ, ਸਾਹਿਬ ਦਾਦ ਖਾਂ ਤੇ ਦੀਵਾਨ ਦਾ ਭਰਾ ਇਹ ਇਸ ਤਰਾਂ ਦੇ ਸੂਰਮੇਂ ਇਹਦੇ ਪਾਸ ਸਨ ਕਿ ਜਿਨਾਂ ਦੇ ਬਲਕਾਰ ਦੀ ਸਾਰੇ ਇਲਾਕੇ ਵਿਚ ਧੁੰਮ ਪੈ ਰਹੀ ਸੀ। ਇਨਾਂ ਦੇ ਘੋੜਿਆਂ ਦੀਆਂ ਵਾਗਾਂ ਮੋੜਨ ਵਾਲਾ ਕੋਈ ਨਜ਼ਰੀਂ ਨਹੀਂ ਸੀ ਪੈਂਦਾ। ਜਿਸ ਪਾਸੇ ਇਨਾਂ ਮੂੰਹ ਕੀਤਾ ਫਤਹ ਨਜ਼ਰ ਪਈ, ਜਿਸ ਪਾਸੇ ਚੜ੍ਹਾਈ ਕੀਤੀ ਵੈਰੀ ਦਾ ਖੁਰਾ ਖੋਜ ਮਿਟਾ ਦਿਤਾ, ਦੂਰ ਨੇੜੇ ਇਨਾਂ ਦਾ ਲੋਹਾ ਮੰਨਿਆ ਜਾਂਦਾ ਸੀ।

ਲਾਹੌਰ ਦਰਬਾਰ ਨਾਲ ੭ ਵੇਰ ਮੁਲਤਾਨ ਦੀ ਪਹਿਲਾਂ ਜੰਗ ਹੋ ਚੁਕੀ ਸੀ। ੧੮੧੮ ਈਸਵੀ ਵਿਚ ਸ਼ੇਰੇ ਪੰਜਾਬ ਦੀਆਂ ਫੌਜਾਂ ਇਲਾਕੇ ਦੀ ਸੋਧ ਕਰਦੀਆਂ ਖਾਨ ਗੜ੍ਹ ਤੇ ਮੁਜ਼ਫਰ ਗੜ੍ਹ ਫਤਹ ਕਰਕੇ ਮੁਲਤਾਨ ਪੁਰ ਧਾਵਾ ਕੀਤਾ, ਮੁਜ਼ਫਰ ਖਾਂ ਨੇ ਆਪਣੇ ਸੂਰਮਿਆਂ ਨੂੰ ਦਲ ਬਲ ਸਮੇਤ ਬਾਹਰ ਮੈਦਾਨ ਵਿਚ ਕਢਿਆ।

ਸਿਖ ਸੈਨਾਂ ਦੀ ਕਮਾਨ ਸ਼ਾਹਜ਼ਾਦਾ ਖੜਕ ਸਿੰਘ ਦੇ ਹੱਥ ਵਿਚ ਸੀ। ਜਮਾਦਾਰ

ਖੁਸ਼ਹਾਲ ਸਿੰਘ, ਅਕਾਲੀ ਸਾਧੂ ਸਿੰਘ ਤੇ ਮਿਸਰ ਦੀਵਾਨ ਚੰਦ ਆਦਿਕ ਯੋਧੇ ਨਾਲ ਸਨ, ਭੰਗੀਆਂ ਵਾਲੀ ਤੋਪ ਜੋ ਅਹਿਮਦ ਸ਼ਾਹ ਦੁਰਾਨੀ ਵਾਲੀ ਸਿਖਾਂ ਦੇ ਹੱਥ ਆਈ ਸੀ, ਨਾਲ ਸੀ। ਇਕ ਪਾਸੇ ਪਠਾਣ ਸਨ ਤੇ ਦੂਜੇ ਪਾਸੇ ਕਲਗੀਧਰ ਜੀ ਦਾ ਸਾਜਿਆ ਨਿਵਾਜਿਆ ਖਾਲਸਾ। ਲੜਾਈ ਦਾ ਮੈਦਾਨ ਗਰਮ ਹੋਇਆ, ਪਠਾਣ ਦਿਲ ਖੋਹਲ ਕੇ ਲੜੇ, ਤੇ ਵਧ ਚੜ੍ਹ ਕੇ ਆਪਣੀ ਬਹਾਦਰੀ ਤੇ ਦਲੇਰੀ ਦੇ ਸਬੂਤ ਦੇਣ ਲਗੇ। ਲੜਾਈ ਵਿਚ ਕਰੜਾਈ ਵਧਦੀ ਵੇਖਕੇ ਮੁਲਤਾਨ ਦੇ ਨਵਾਬ ਨੂੰ ਸਲਾਹ ਦਿਤੀ ਗਈ ਕਿ ਉਹ ਜੰਗ ਜਾਰੀ ਰਖਕੇ ਰਬ ਦੇ ਬੰਦਿਆਂ ਦੇ ਨਾਹਕ ਖੂਨ ਨਾ ਕਰਵਾਏ ਤੇ ਆਪਣੇ ਕੰਮਾਂ ਤੋਂ ਮੁਲਤਾਨ ਸ਼ਹਿਰ 'ਤੇ ਤਬਾਹੀ ਲਿਆਉਣ ਵਾਲਾ ਨਾ ਬਣੇ। ਪਰ ਉਹਨੇ ਹੰਕਾਰ ਵਿਚ ਇਕ ਨਾ ਸੁਣੀ। ਜਦ ਸਿਖਾਂ ਨੂੰ ਯਕੀਨ ਹੋ ਗਿਆ ਕਿ ਇਸ ਸ਼ਹਿਰ ਦੀਆਂ ਗਲੀਆਂ ਤੇ ਬਾਜ਼ਾਰ ਖੂਨ ਨਾਲ ਤਰ ਹੋਏ ਬਿਨਾਂ ਇਹ ਜੰਗ ਨਹੀਂ ਮੁਕੇਗੀ, ਮੁਜ਼ਫਰ ਖਾਂ ਨੇ ਆਪਣੀ ਸਾਰੀ ਇੱਜ਼ਤ ਮਾਨ ਤੇ ਮਰਯਾਦਾ ਦਾ ਦਾਉ ਇਸ ਜੰਗ ਤੇ ਲਾ ਦਿੱਤਾ ਹੈ, ਤਦੋਂ ਇਨਾਂ ਵੀ ਲੜਾਈ ਲੜਨ ਦਾ ਸ਼ਹੀਦੀ ਪ੍ਰੋਗਰਾਮ ਬਣਾਇਆ, ਦਮਾਮੇ ਖੜਕਣ ਲਗੇ।

☆ ☆ ☆

ਮੁਲਤਾਨ ਤੇ ਚੜ੍ਹਾਈ

੧੮੧੭ ਈਸਵੀ ਦੇ ਆਰੰਭ ਵਿਚ ਦੀਵਾਨ ਭਵਾਨੀ ਦਾਸ ਦੀ ਕਮਾਨ ਵਿਚ ਸ਼ੇਰੇ ਪੰਜਾਬ ਦੀ ਸੈਨਾਂ ਨੇ ਮੁਲਤਾਨ ਤੇ ਚੜ੍ਹਾਈ ਕੀਤੀ ਤੇ ਸ਼ਹਿਰ ਦੇ ਪਾਸੀਂ ਘੇਰਾ ਪਾ ਲਿਆ, ਅੰਦਰ ਜਾਣ ਆਉਣ ਦੇ ਰਾਹ ਬੰਦ ਕਰ ਦਿਤੇ।, ਨਵਾਬ ਮੁਜ਼ਫਰ ਖਾਂ ਨੂੰ ਯਕੀਨ ਸੀ ਕਿ ਉਹਦੇ ਕਿਲਿਆਂ ਦੀ ਪਕਿਆਈ ਦਾ ਸਿਖ ਸੈਨਾਂ ਕੁਛ ਵਿਗਾੜ ਨਹੀਂ ਕਰ ਸਕਦੀ। ਸਿਖ ਸੈਨਾਂ ਦੇ ਕਮਾਨ ਅਫਸਰ ਨੂੰ ਉਸ ਨੇ ਦਾਅਵਤ ਦਿੱਤੀ ਕਿ ਮੁਲਤਾਨ ਦੀਆਂ ਕੰਧਾਂ ਤੁਹਾਡੇ ਗੋਲਿਆਂ ਦੀ ਉਡੀਕ ਕਰ ਰਹੀਆਂ ਹਨ। ਸਿਖ ਸੈਨਾਂ ਵਾਸਤੇ ਇਹ ਬੋਲੀ ਗੋਲੀ ਨਾਲੋਂ ਵਧੀਕ ਕਰੜੀ ਸੀ, ਤੋਪਾਂ ਦੇ ਮੂੰਹ ਫਸੀਲ ਵਲ ਫੇਰ ਦਿਤੇ ਗਏ, ਤੇ ਮੁਜ਼ਫਰ ਖਾਂ ਨੂੰ ਤਕੜਾ ਹੋ ਕੇ ਮੁਕਾਬਲਾ ਕਰਨ ਲਈ ਕਿਹਾ ਗਿਆ। ਮੁਜ਼ਫਰ ਖਾਂ ਪਠਾਣ ਬੱਚਾ ਸੀ, ਪਠਾਣ ਸੈਨਾਂ ਉਹਦੇ ਪਾਸ ਸੀ, ਕਿਲੇ ਦੇ ਬਚਾਓ ਲਈ ਮੋਰਚਿਆਂ ਵਿਚ ਸੈਨਾਂ ਬਿਠਾ ਦਿਤੀ, ਦਾਰੂ ਸਿੱਕਾ ਵੰਡਿਆ ਤੇ ਆਪਣੀ ਨਿਗਰਾਨੀ ਵਿਚ ਮੈਦਾਨ ਵਿਚ ਪਈ ਸਿੱਖ ਸੈਨਾਂ ਤੇ ਅੱਗ ਵਸਾਉਣੀ ਸ਼ੁਰੂ ਕੀਤੀ। ਸਿਖਾਂ ਵੀ ਤੋਪਾਂ ਦੇ ਮੂੰਹ ਖੋਹਲ ਦਿਤੇ, ਤੋਪਾਂ ਦੇ ਗੋਲਿਆਂ ਦੀ ਦੀਵਾਰਾਂ ਤੇ ਵਰਖਾ ਹੋਣ ਲਗੀ, ਥੋੜੇ ਹੀ ਚਿਰ ਵਿਚ ਫਸੀਲ ਦੇ ਬੁਰਜ ਜ਼ਮੀਨ ਨਾਲ ਮਿਲਣ ਲਗੇ ਤੇ ਦੀਵਾਰਾਂ ਵਿਚ ਛੇਕ ਹੋ ਗਏ।

ਮੁਜ਼ਫਰ ਖਾਂ ਦੀਆਂ ਅੱਖਾਂ ਅਗੇ ਹਨੇਰਾ ਹੋ ਗਿਆ। ਉਹਦੇ ਪੈਰਾਂ ਹੇਠੋਂ ਮਿੱਟੀ

ਨਿਕਲ ਗਈ, ਉਹਦੇ ਹੱਥਾਂ ਦੇ ਤੋਤੇ ਉਡ ਗਏ, ਤੇ ਉਸ ਨੂੰ ਪ੍ਰਤੀਤ ਹੋ ਗਿਆ ਕਿ ਹੁਣ ਕੁਛ ਘੰਟਿਆਂ ਵਿਚ ਹੀ ਜਾਂ ਤਾਂ ਖ਼ੂਨੀ ਕਫਨ ਪਹਿਨਕੇ ਸਦਾ ਦੀ ਨੀਂਦਰ ਸੌਂ ਜਾਏਗਾ, ਤੇ ਜਾਂ ਆਪਣੇ ਆਪ ਨੂੰ ਸ਼ੇਰੇ ਪੰਜਾਬ ਦੇ ਰਹਿਮ ਵਿਚ ਵੇਖੇਗਾ।

ਇਨ੍ਹਾਂ ਸੋਚਾਂ ਵਿਚ ਹੀ ਉਸ ਨੂੰ ਇਕ ਹੋਰ ਸੋਚ ਫੁਰੀ, ਕਲਮ ਦਵਾਤ ਤੇ ਕਾਗਜ਼ ਮੰਗਾਇਆ, ਚਿਠੀ ਲਿਖੀ ਤੇ ਆਪਣੇ ਇਕ ਖਾਸ ਆਦਮੀ ਦੇ ਹੱਥ ਫੜਾਈ। ਇਹ ਚਿਠੀ ਸਿਖ ਸੈਨਾਂ ਦੇ ਕਮਾਨ ਅਫਸਰ ਭਵਾਨੀ ਦਾਸ ਪਾਸ ਪੁਜੀ। ਕਿਥੇ ਤਾਂ ਸਿਖ ਸੈਨਾਂ ਮੁਲਤਾਨ ਨੂੰ ਫਤਹ ਵੇਖਣ ਦੇ ਸੁਪਨੇ ਲੈ ਰਹੀ ਸੀ, ਕਿਥੇ ਉਨ੍ਹਾਂ ਨੂੰ ਵਾਪਸ ਹਟਣਾ ਪਿਆ। ਪ੍ਰੋਫੈਸਰ ਸੀਤਾ ਰਾਮ ਕੋਹਲੀ ਐਮ. ਏ. ਪ੍ਰੋਫੈਸਰ ਗੂਰਨਮੈਂਟ ਕਾਲਜ ਲਾਹੌਰ ਲਿਖਦੇ ਹਨ ਕਿ;–

ਫੌਜ ਕੇ ਸਰਕਰਦਾ ਆਦਮੀਓਂ ਕੀ ਗ਼ਫਲਤ ਸੇ ਨਾਕਾਮਯਾਬੀ ਹੋਈ।

ਦੀਵਾਨ ਅਮਰ ਨਾਥ ਆਪਣੇ ਲਿਖੇ ਜ਼ਫਰ ਨਾਮਾ ਰਣਜੀਤ ਸਿੰਘ ਵਿਚ ਲਿਖਦਾ ਹੈ ਕਿ;–

ਦੀਵਾਨ ਭਵਾਨੀ ਦਾਸ ਨੇ ਜੋ ਮੁਹਾਸਰੇ ਦੀ ਕਮਾਨ ਵਿਚ ਸੀ, ਨਵਾਬ ਮੁਜ਼ਫਰ ਖਾਂ ਤੋਂ ਤੀਹ ਹਜ਼ਾਰ ਰੁਪਿਆ ਰਿਸ਼ਵਤ ਲੈ ਕੇ ਕੰਮ ਖਰਾਬ ਕਰ ਦਿਤਾ ਸੀ।

ਦੀਵਾਨ ਭਵਾਨੀ ਦਾਸ ਦੀ ਲੂਣ ਹਰਾਮੀ ਨੇ ਸਿੱਖਾਂ ਦੀ ਫੌਜ ਨੂੰ ਮੁਲਤਾਨ ਦੀ ਫਤਹ ਦੀ ਖੁਸ਼ੀ ਤੋਂ ਵੰਚਤ ਕਰ ਦਿੱਤਾ। ਪ੍ਰੰਤੂ ਸ਼ੇਰੇ ਪੰਜਾਬ ਦੇ ਹੌਸਲੇ ਤੇ ਇਰਾਦੇ ਵਿਚ ਇਹ ਖਬਰ ਕੋਈ ਫਰਕ ਨਾ ਲਿਆ ਸਕੀ। ਜਿਹਾ ਕਿ ਅਸਾਂ ਪਿਛਲੇਰੇ ਪਰਚੇ ਵਿਚ ਦਸਿਆ ਹੈ, ਸ਼ਾਹਜ਼ਾਦਾ ਖੜਕ ਸਿੰਘ ਨੂੰ ਇਸ ਮੁਹਿਮ ਤੇ ਨੀਯਤ ਕੀਤਾ, ਜੋ ਯਲਗਾਰਾਂ ਮਾਰਦਾ ਮੁਲਤਾਨ ਤੇ ਬਿਜਲੀ ਵਾਂਗ ਆ ਪਿਆ। ਮਹਾਰਾਜਾ ਨੇ ਲੜਾਈ ਦਾ ਸਾਰਾ ਸਾਮਾਨ ਆਪਣੀ ਨਿਗ੍ਰਾਨੀ ਵਿਚ ਬਹਮ ਪਹੁੰਚਾਇਆ। ਭੰਗੀਆਂ ਵਾਲੀ ਤੋਪ ਜਿਸ ਵਿਚ ਇਕ ਮਣ ਪਕੇ ਦਾ ਗੋਲਾ ਪੈਂਦਾ ਹੈ ਅੰਮ੍ਰਿਤਸਰ ਤੋਂ ਮੰਗਵਾਕੇ ਮੁਲਤਾਨ ਭੇਜੀ। ਫੌਜ ਤੋਂ ਵਖਰੇ ੫੦੦ ਬੇਲਦਾਰ ਮੋਰਚੇ ਬਨਾਉਣ ਤੇ ਮੁਰੰਗਾਂ ਲਗਾਉਣ ਵਾਸਤੇ ਭੇਜੇ, ਸੈਂਕੜੇ ਹਰਕਾਰੇ ਥੋੜੇ ਥੋੜੇ ਫਾਸਲੇ ਤੇ ਖੜੇ ਕੀਤੇ, ਜੋ ਮੁਲਤਾਨ ਦੀ ਡਾਕ ਦਿਨ ਵਿਚ ਕਈ ਵੇਰ ਲਾਹੌਰ ਪੁਚਾਉਂਦੇ ਸਨ। ਮਹਾਰਾਜਾ ਲਾਹੌਰ ਬੈਠਾ ਜੰਗ ਸਬੰਧੀ ਸਲਾਹ ਮਸ਼ਵਰਾ ਦੇਣ ਲਗਾ।

ਮਹਾਰਾਜਾ ਦੀ ਰਾਏ ਨਾਲ ਖਾਲਸਾ ਫੌਜ ਨੇ ਛੋਟੀਆਂ ਜਹੀਆਂ ਲੜਾਈਆਂ

ਮਗਰੋਂ ਨਵਾਬ ਦੇ ਖਾਨਗੜ੍ਹ ਤੇ ਮੁਜ਼ੱਫਰ ਗੜ੍ਹ ਕਿਲਿਆਂ ਤੇ ਕਬਜ਼ਾ ਕਰ ਲਿਆ ਤੇ ਮੁਲਤਾਨ ਸ਼ਹਿਰ ਵਾਲੇ ਪਾਸੇ ਵਧੀ ਤੇ ਸ਼ਹਿਰ ਦੇ ਪਾਸੀਂ ਘੇਰਾ ਪਾਉਣ ਦਾ ਯਤਨ ਕੀਤਾ।

ਮੁਜ਼ਫਰ ਖਾਂ ਅੱਖਾਂ ਮੀਟੀ ਨਹੀਂ ਬੈਠਾ ਸੀ। ਪਿੰਡਾਂ ਵਿਚ ਆਦਮੀ ਭੇਜ ਕੇ ਇਸ ਨੇ ਮਜ਼ਹਬੀ ਜੋਸ਼ ਫੈਲਾਉਣ ਵਿਚ ਕੋਈ ਕਸਰ ਨਹੀਂ ਛਡੀ ਸੀ, ਜਿਸ ਤੋਂ ੨੦ ਹਜ਼ਾਰ ਗ਼ਾਜ਼ੀ ਨਵਾਬ ਦੇ ਝੰਡੇ ਹੇਠ ਇੱਕਠੇ ਹੋ ਗਏ ਸਨ। ਮੁਲਤਾਨ ਦਾ ਕਿਲਾ ਵੀ ਇਸ ਨੇ ਠੀਕ ਠਾਕ ਕਰ ਰੱਖਿਆ ਸੀ। ਸਿਖਾਂ ਦੇ ਸ਼ਹਿਰ ਦੇ ਲਾਗੇ ਪੁੱਜਣ ਤੇ ਨਵਾਬ ਮੁਕਾਬਲੇ ਵਾਸਤੇ ਆਇਆ, ਜੰਗ ਸ਼ੁਰੂ ਹੋਇਆ ਪਰ ਮੈਦਾਨ ਸਿੱਖ ਸੈਨਾਂ ਦੇ ਹਥ ਰਿਹਾ। ਦਿਨ ਭਰ ਦੀ ਲੜਾਈ ਮਗਰੋਂ ਭਾਂਜ ਖਾਕੇ ਨਵਾਬ ਸ਼ਹਿਰ ਵਿਚ ਜਾ ਵੜਿਆ ਤੇ ਦਰਵਾਜ਼ੇ ਬੰਦ ਕਰ ਲਏ।

ਦੂਜੇ ਦਿਨ ਦੀਵਾਨ ਮੋਤੀ ਰਾਮ ਨੇ ਸ਼ਹਿਰ ਦੇ ਪਾਸੀਂ ਘੇਰਾ ਪਾ ਲਿਆ। ਨਵਾਬ ਆਪਣੇ ਲੜਕੇ, ਭਰਾਵਾਂ, ਭਤੀਜਿਆਂ ਤੇ ਭਾਰੀ ਫੌਜ ਨਾਲ ਸ਼ਹਿਰ ਬਚਾਉਣ ਦਾ ਉਪਰਾਲਾ ਕਰਨ ਲੱਗਾ। ਕਈ ਦਿਨਾਂ ਤਕ ਲੜਾਈ ਹੁੰਦੀ ਰਹੀ। ਖਾਲਸੇ ਨੇ ਸ਼ਹਿਰੋਂ ਬਾਹਰ ੧੨ ਥਾਵਾਂ ਤੇ ਮੋਰਚੇ ਖੜੇ ਕੀਤੇ, ਜਿਥੋਂ ਤੋਪਾਂ, ਰਹਿਕਲੇ ਤੇ ਗੁਬਾਰਿਆਂ ਨਾਲ ਸ਼ਹਿਰ ਦੀ ਫਸੀਲ ਤੇ ਗੋਲਾਬਾਰੀ ਸ਼ੁਰੂ ਕੀਤੀ। ਦੋ ਥਾਵਾਂ ਤੇ ਦੀਵਾਰਾਂ ਵਿਚ ਪਾੜ ਹੋ ਗਿਆ। ਸਿਖ ਜੋਸ਼ ਨਾਲ ਅੰਦਰ ਦਾਖਲ ਹੋਣ ਲਗੇ, ਪਰ ਪਠਾਣਾਂ ਦੀਆਂ ਗੋਲੀਆਂ ਦੇ ਸਾਹਮਣੇ ਇਹਨਾਂ ਦੀ ਕੋਈ ਪੇਸ਼ ਨਾ ਗਈ, ਤੇ ਇਹਨਾਂ ਨੂੰ ਪਿਛੇ ਹਟਣਾ ਪਿਆ।

ਅਕਾਲੀ ਸਾਧੂ ਸਿੰਘ ਆਪਣੇ ਜਵਾਨਾਂ ਨੂੰ ਨਾਲ ਲੈ ਕੇ ਪਠਾਣਾਂ ਦੇ ਹਮਲਿਆਂ ਨੂੰ ਰੋਕ ਰਿਹਾ ਸੀ ਅਤੇ ਜਿਥੇ ਵੈਰੀ ਦਾ ਦਬਾਉ ਵੇਖਦਾ ਅਗੇ ਛਾਤੀ ਡਾਹ ਖੜੋਂਦਾ ਸੀ।

ਅਕਾਲੀ ਜੀ ਨੇ ਕਿਲੇ ਦੀ ਦੀਵਾਰ ਦੇ ਹੇਠ ਟੋਏ ਖੁਦਵਾਕੇ ਉਹਨਾਂ ਵਿਚ ਬਾਰੂਦ ਭਰਾਇਆ, ਜਿਸ ਦੇ ਨਾਲ ਕਿਲੇ ਦੀ ਦੀਵਾਰ ਦੋ ਬੁਰਜਾਂ ਸਮੇਤ ਉਡ ਗਈ। ਪ੍ਰੰਤੂ ਨਵਾਬ ਦੀ ਸੈਨਾਂ ਸ਼ਹਿਰ ਲਈ ਢਾਲ ਬਣੀ ਹੋਈ ਸੀ। ਇਕ ਇਕ ਕਦਮ ਪਿਛੇ ਹਟਣ ਵਾਸਤੇ ਉਹ ਵਧੀਕ ਤੋਂ ਵਧੀਕ ਮਨੁੱਖੀ ਜਾਨਾਂ ਕੁਰਬਾਨ ਕਰ ਰਹੀ ਸੀ। ਅਕਾਲੀ ਜੀ ਦੀ ਤੇਜ਼ ਤਲਵਾਰ ਦੇ ਸਾਹਮਣੇ ਪਠਾਣਾਂ ਦਾ ਠਹਿਰਨਾਂ ਮੁਸ਼ਕਲ ਹੋ ਗਿਆ ਤੇ ਉਹ ਕਿਲੇ ਦੇ ਅੰਦਰ ਜਾ ਵੜੇ।

ਗਣੇਸ਼ ਦਾਸ ਨੇ ਮੁਲਤਾਨ ਜੰਗ ਤੇ ਅਖੀਂ ਡਿਠੇ ਹਾਲ ਲਿਖੇ ਹਨ। ਉਹ ਲਿਖਦਾ ਹੈ ਕਿ;–

੧- ਸਭ ਸਿੰਘਨ ਮਨ ਕੋਪ ਕਰ ਮੋਰਚੇ ਲਾਇ ਚੁਫੇਰ।
ਛਿਟਾ ਪਟ ਓਟਾਕਰੀ ਮੁਲਤਾਨ ਲੀਓ ਵਿਚ ਘੇਰ।
੨- ਮੋਰਚੇ ਲਗਾਏ, ਲੜੇ ਅਤਿ ਹੀ ਰਿਸਾਏ ਬੜੇ
ਜ਼ੋਰ ਸੋਂ ਅਲਾਇ, ਕਹੇਂ ਤੁਰਕ ਦਿਹੋ ਮਾਰਕੇ।
ਸੁਰੰਗਾ ਮੋ ਚਲਾਵੈਂ ਤਾਂ ਮੈਂ ਦਾਰੂ ਬਹੁਤ ਪਾਵੈਂ,
ਧੂਰ ਕੋਟ ਕੋ ਉੜਾਵੈਂ, ਕਰੈਂ ਜੁਧ ਬਲ ਧਾਰ ਕੇ।
ਤੋਪਾਂ ਸੋ ਚਲਾਇ, ਬੜੇ ਝੇਰੇ ਤਹਿ ਪਾਇ,
ਮਾਰੇ ਤੁਰਕ ਅਰੜਾਇ, ਕਹੇ ਰਹੇ ਲੋਹਾ ਸਾਰ ਕੇ।
ਸਾਧੂ ਸਿੰਘ ਜੋ ਨਿਹੰਗ, ਤਿਨ ਕੀਨੋ ਬਡੋ ਜੰਗ,
ਮਾਰੇ ਤੀਰ ਸੋ ਤੁਫੰਗ ਕਰੇ ਐਸੇ ਹੀ ਜੁਝਾਰ ਕੇ। *

ਮੁਲਤਾਨ ਦਾ ਕਿਲਾ ਇਕ ਉੱਚੇ ਟਿਬੇ ਤੇ ਬਣਿਆ ਸੀ ਜਿਸਦੇ ਹੇਠ ਡੂੰਘੀ ਖਾਈ ਸੀ, ਜੋ ਪਾਣੀ ਨਾਲ ਭਰੀ ਰਹਿੰਦੀ ਸੀ। ਜਿਹਾ ਕਿ ਪਿਛੇ ਦਸ ਆਏ ਹਾਂ ਕਿਲੇ ਦੀਆਂ ਦੀਵਾਰਾਂ ਇੰਨੀਆਂ ਪਕੀਆਂ ਸਨ ਕਿ ਆਮ ਤੌਰ ਤੇ ਉਨ੍ਹਾਂ ਨੂੰ ਅਡਿਗ ਤੇ ਅਜਿਤ ਸਮਝਿਆ ਜਾਂਦਾ ਸੀ।

ਸਿਖਾਂ ਨੇ ਕਿਲੇ ਨੂੰ ਘੇਰੇ ਵਿਚ ਲੈ ਲਿਆ। ਦੋਨਾਂ ਪਾਸਿਆਂ ਤੋਂ ਅਗ ਵਸਣ ਲਗੀ। ਸਿਖਾਂ ਦੇ ਮੈਦਾਨੀ ਡੇਰੇ ਸੀ, ਤੇ ਮੁਜ਼ਫਰ ਖਾਂ ਦੀ ਫੌਜ ਕਿਲੇ ਵਿਚ। ਸਿਖ ਤੋਪਚੀਆਂ ਨੇ ਕਿਲੇ ਦੀਆਂ ਦੀਵਾਰਾਂ ਤੇ ਗੋਲੇ ਮਾਰਨ ਵਿਚ ਕੋਈ ਕਸਰ ਬਾਕੀ ਨਹੀਂ ਰਖੀ, ਪ੍ਰੰਤੂ ਦੀਵਾਰਾਂ ਦਾ ਕੁਛ ਨਾ ਵਿਗਾੜ ਸਕੇ। ਦੋ ਤਿੰਨ ਵਾਰ ਹਲਾ ਬੋਲਕੇ ਕਿਲੇ ਦੀਆਂ ਦੀਵਾਰਾਂ ਤਕ ਪੁਜਣਾ ਚਾਹਿਆ, ਪ੍ਰੰਤੂ ਇਸ ਵਿਚ ਵੀ ਕਾਮਯਾਬੀ ਨਹੀਂ ਹੋਈ। ਮਾਰਚ ਦਾ ਮਹੀਨਾ ਇਸੇ ਤਰਾਂ ਗੁਜ਼ਰ ਗਿਆ। ਅਪ੍ਰੈਲ ਦੇ ਆਰੰਭ ਵਿਚ ਭੰਗੀਆਂ ਵਾਲੀ ਤੋਪ ਪੁੱਜੀ, ਜਿਸ ਤੋਂ ਕਿਲੇ ਦੀ ਦੀਵਾਰ ਨੂੰ ਦੋ ਜਗ੍ਹਾ ਤੇ ਪਾੜ ਹੋ ਗਏ।

ਕਿਲੇ ਦੀ ਦੀਵਾਰ ਵਿਚ ਪਾੜ ਹੋਣ ਦੇ ਨਾਲ ਹੀ ਨਵਾਬ ਮੁਜ਼ਫਰ ਖਾਂ ਦਾ ਦਿਲ ਟੁਟ ਗਿਆ, ਘਬਰਾਇਆ ਤੇ ਮੁਲਾਹ ਲਈ ਹਥ ਪੈਰ ਮਾਰਨੇ ਸ਼ੁਰੂ ਕੀਤੇ। ਆਪਣੇ ਵਕੀਲ ਸ਼ਾਹਜ਼ਾਦਾ ਖੜਗ ਸਿੰਘ ਪਾਸ ਭੇਜੇ। ਦੋ ਲਖ ਰੁਪਿਆ ਨਕਦ ਨਜ਼ਰਾਨਾ ਦੇਣਾ

---

* ਫਤਹਿਨਾਮਾ ਗੁਰੂ ਖਾਲਸਾ ਜੀ ਕਾ, ੧੯੫੨, ਪੰਨਾ - ੯੨ - ਸੰਪਾ.

ਦਸਿਆ, ਤੇ ਤਿੰਨ ਸੌ ਸਵਾਰ ਮਹਾਰਾਜਾ ਦੀ ਅੜਦਲ ਵਿਚ ਦੇਣ ਦੀ ਇਛਾ ਪ੍ਰਗਟ ਕੀਤੀ। ਸ਼ਾਹਜ਼ਾਦਾ ਨੇ ਸ਼ੇਰੇ ਪੰਜਾਬ ਵਲ ਚਿਠੀ ਲਿਖੀ ਤੇ ਨਵਾਬ ਦੇ ਇਰਾਦੇ ਨੂੰ ਜਿਉ ਦਾ ਤਿਉ ਦਸਿਆ।

ਸ਼ੇਰੇ ਪੰਜਾਬ ਨੇ ਚਿਠੀ ਪੜ੍ਹਕੇ ਲਿਖਿਆ ਕਿ ਮੁਲਤਾਨ ਦਾ ਕਿਲਾ ਲੈਣਾ ਹੈ। ਨਵਾਬ ਖਾਲੀ ਕਰ ਦੇਵੇ ਤਦ ਲੈ ਲਓ ਜੇ ਤੋਪਾਂ ਖਾਲੀ ਕਰਾ ਲੈਣ ਤਦ, ਜਿਵੇਂ ਹੋ ਸਕੇ ਕਿਲੇ ਤੇ ਕਬਜ਼ਾ ਹੋਣਾ ਜ਼ਰੂਰੀ ਹੈ। ਜੇ ਨਵਾਬ ਕਿਲਾ ਖਾਲੀ ਕਰ ਦੇਵੇ ਤਦ ਉਸ ਨੂੰ ਸ਼ੁਜਾਅ ਬਾਦ ਵਾਲਾ ਕਿਲਾ ਤੇ ਕਾਫ਼ੀ ਜਾਗੀਰ ਦਿਤੀ ਜਾਏਗੀ, ਨਹੀਂ ਤਾਂ ਦੂਜੀ ਸੂਰਤ ਵਿਚ ਜੋ ਕੁਛ ਹੁੰਦਾ ਹੈ ਸੋ ਹੋਵੇ।

ਸ਼ਾਹਜ਼ਾਦਾ ਖੜਗ ਸਿੰਘ ਨੇ ਇਹ ਖਬਰ ਨਵਾਬ ਦੇ ਵਕੀਲਾਂ ਨੂੰ ਦਸੀ, ਨਵਾਬ ਨੇ ਕਿਲਾ ਛਡਣਾ ਮੰਨ ਲਿਆ। ਜਮੀਅਤ ਰਾਏ, ਸਯਦ ਮੁਹਸਨ ਸ਼ਾਹ, ਗੁਰਬਖਸ਼ ਰਾਏ ਤੇ ਅਮੀਨ ਖਾਂ ਨੂੰ ਭੇਜਿਆ ਤਾਂ ਜੋ ਆਪਸ ਵਿਚ ਲਿਖਾ ਪੜ੍ਹੀ ਨਿਯਮ ਪੂਰਬਕ ਹੋ ਜਾਏ। ਨਵਾਬ ਵਲੋਂ ਸ਼ਰਤ ਇਹ ਦਸੀ ਗਈ ਕਿ ਕਿਲਾ ਸ਼ੁਜਾਅ ਬਾਦ ਤੇ ਖਾਨ ਗੜ੍ਹ ਇਲਾਕੇ ਸਮੇਤ ਮੈਨੂੰ ਦੇ ਦਿੱਤਾ ਜਾਏ। ਮੁਜ਼ਫਰ ਗੜ੍ਹ ਤੇ ਮੁਲਤਾਨ ਦਾ ਕਿਲਾ ਮੈਂ ਖਾਲੀ ਕਰ ਦੇਵਾਂਗਾ। ਨਵਾਬ ਤੇ ਉਹਦੇ ਪ੍ਰਵਾਰ ਨੂੰ ਕਿਲੇ ਵਿਚੋਂ ਬਾਹਰ ਲੈ ਜਾਣ ਵਾਸਤੇ ਦੋ ਤਿੰਨ ਮੁਖੀ ਅਫਸਰ ਨੀਯਤ ਕੀਤੇ ਜਾਣ ਤਾਂ ਜੋ ਬਿਨਾਂ ਕਿਸੇ ਤਰਾਂ ਦੇ ਨੁਕਸਾਨ ਦੇ ਉਹ ਆਪਣੇ ਸਮਾਨ ਤੇ ਪ੍ਰਵਾਰ ਸਹਿਤ ਜਾ ਸਕੇ।

ਸ਼ਹਿਜ਼ਾਦਾ ਖੜਗ ਸਿੰਘ ਨੇ ਆਪਣੇ ਵਲੋਂ ਪੰਜਾਬ ਸਿੰਘ, ਕੁਤਬ ਦੀਨ ਖਾਂ ਕਸੂਰੀ ਤੇ ਚੌਧਰੀ ਕਾਦਰ ਬਖਸ਼ ਨੂੰ ਨਵਾਬ ਦੇ ਵਕੀਲਾਂ ਨਾਲ ਗੱਲ ਬਾਤ ਕਰਨ ਵਾਸਤੇ ਨੀਯਤ ਕੀਤਾ।

ਨਵਾਬ ਦੇ ਭਰਾਵਾਂ ਨੂੰ ਇਸ ਗਲ ਦਾ ਪਤਾ ਲਗਾ। ਉਹਨਾਂ ਨੇ ਨਵਾਬ ਨੂੰ ਬੜੀਆਂ ਫਿਟਕਾਰਾਂ ਪਾਉਣੀਆਂ ਸ਼ੁਰੂ ਕੀਤੀਆਂ ਤੇ ਕਿਹਾ ਕਿ ਤੈਨੂੰ ਘਬਰਾਕੇ ਹਾਰ ਨਹੀਂ ਮੰਨਣੀ ਚਾਹੀਦੀ, ਜਦ ਤਕ ਸਾਸ ਤਦ ਤਕ ਆਸ ਵਾਲੀ ਗਲ ਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਸਾਡੇ ਜੀਉਂਦੇ ਜੀ ਸਿਖ ਇਸ ਕਿਲੇ ਤੇ ਕਬਜ਼ਾ ਨਹੀਂ ਕਰ ਸਕਣਗੇ। ਸਾਨੂੰ ਬਹਾਦਰਾਂ ਵਾਂਗ ਜ਼ਿੰਦਾ ਰਹਿਣਾ ਤੇ ਮਰਨਾ ਚਾਹੀਦਾ ਹੈ।

ਗਣੇਸ਼ ਦਾਸ ਲਿਖਦਾ ਹੈ ਕਿ ਉਨਾਂ ਨੇ ਕਿਹਾ; – ☆

ਨ ਤਾਂ ਸੁਨ ਭਾਈ ਜੁਧ ਕਰਾਂਗੇ ਮਚਾਈ,
ਸੈਨਾਂ ਜੋਰ ਚੜ੍ਹ ਆਈ ਸਭ ਮਾਰਾਂਗੇ ਬਟੋਰ ਕੇ।
ਮੇਰੀ ਤਲਵਾਰ ਧਾਰ ਲਾਗੇ ਜਬ ਏਕ ਵਾਰ,
ਮਰੇਂਗੇ ਹਜ਼ਾਰ ਸਿੰਘ ਦੇਖੀਏ ਸੋ ਜੋਰ ਕੇ।

ਨਵਾਬ ਇਹ ਗਲ ਸੁਣਕੇ ਇਕਰਾਰ ਤੋਂ ਫਿਰ ਗਿਆ, ਜਿਸ ਤੋਂ ਲਾਹੌਰ ਦਰਬਾਰ ਦੇ ਵਕੀਲ ਵਾਪਸ ਆ ਗਏ।

☆ ☆ ☆

ਫਤਹਿਨਾਮਾ ਗੁਰੂ ਖਾਲਸਾ ਜੀ ਕਾ, ੧੯੫੨, ਪੰਨਾ – ੯੭ -- ਸੰਪਾ.

ਮੁਲਤਾਨ ਦੀ ਫਤਹ

ਨਵਾਬ ਦੇ ਇਕਰਾਰ ਤੋਂ ਫਿਰਨ ਦੀ ਖਬਰ ਲਾਹੌਰ ਬੈਠਿਆਂ ਸ਼ੇਰੇ ਪੰਜਾਬ ਨੇ ਸੁਣੀ, ਤੇ ਇਹ ਵੀ ਪਤਾ ਲਗ ਗਿਆ ਕਿ ਉਹਦੇ ਭਰਾਵਾਂ ਨੇ ਮੇਹਣੇ ਦੇਕੇ ਉਸਨੂੰ ਮੁੜ ਜੰਗ ਲਈ ਤਿਆਰ ਕੀਤਾ ਹੈ। ਆਪ ਨੇ ਉਸੇ ਵੇਲੇ ਖੁਸ਼ਹਾਲ ਸਿੰਘ ਜਮਾਦਾਰ ਨੂੰ ਮੁਲਤਾਨ ਵਲ ਦੁੜਾਇਆ। ਇਸ ਨੇ ਆ ਕੇ ਸ਼ਹਜ਼ਾਦਾ ਖੜਕ ਸਿੰਘ ਤੇ ਬਾਕੀ ਸਰਦਾਰਾਂ ਨੂੰ ਇਕੱਠਾ ਕਰਕੇ ਮਹਾਰਾਜਾ ਦਾ ਸੁਨੇਹਾ ਦਿਤਾ ਕਿ ਸਾਡਾ ਇਰਾਦਾ ਨਵਾਬ ਨੂੰ ਕਸ਼ਟ ਦੇਣ ਦਾ ਨਹੀਂ ਸੀ, ਪ੍ਰੰਤੂ ਉਹ ਆਪਣੇ ਭਾਈਬੰਦਾਂ ਦੇ ਕਹੇ ਜੇ ਫਿਰ ਲੜਾਈ ਦੀ ਦਾਅਵਤ ਦੇ ਰਿਹਾ ਹੈ, ਤਦ ਇਸ ਨੂੰ ਅਪ੍ਰਵਾਨ ਕਰਨਾ ਸਿਖਾਂ ਜਹੀ ਬਹਾਦਰ ਕੌਮ ਵਾਸਤੇ ਅਸੰਭਵ ਹੈ। ਸਮਾਨ ਕਾਫੀ ਮੌਜੂਦ ਹੈ, ਇਸ ਵਾਸਤੇ ਨਵਾਬ ਤੇ ਉਹਦੇ ਸਲਾਹਕਾਰਾਂ ਦੀ ਦਾਅਵਤ ਨੂੰ ਪ੍ਰਵਾਨ ਕਰਕੇ ਖੂਨੀ ਹੋਲੀ ਖੇਡਣ ਵਾਸਤੇ ਆਪ ਨੂੰ ਮੈਦਾਨ ਵਿਚ ਨਿਕਲਣਾ ਚਾਹੀਦਾ ਹੈ ਤੇ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੀ ਕੌਮੀ ਆਨ ਤੋਂ ਕੁਰਬਾਨ ਹੋ ਜਾਣਾ ਚਾਹੀਦਾ ਹੈ।

ਮਹਾਰਾਜੇ ਦਾ ਹੁਕਮ ਸੁਣ ਕੇ ਸਿਖਾਂ ਨੇ ਸਾਰੇ ਪਾਸਿਆਂ ਤੋਂ ਅਗੇ ਵਧਣਾ ਚਾਹਿਆ। ਵੈਰੀ ਨੇ ਗੋਲਾਬਾਰੀ ਸ਼ੁਰੂ ਕਰ ਦਿਤੀ। ਇਸੇ ਵਸਦੀ ਅੱਗ ਵਿਚ ਸਿਖ ਸੈਨਾਂ ਖਾਈ ਦੇ ਕਰੀਬ ਜਾ ਪੁਜੀ ਤੇ ਓਥੇ ਮੋਰਚੇ ਲਾ ਦਿਤੇ। ਇਸ ਤਰ੍ਹਾਂ ਅਗੇ ਵਧਣ ਵਿਚ ਸਿਖ ਸੈਨਾਂ ਦਾ ਕਾਫ਼ੀ ਨੁਕਸਾਨ ਹੋਇਆ। ਸਿਖਾਂ ਦੀਆਂ ਤੋਪਾਂ ਨੇ ਖਿਜ਼ਰੀ ਦਰਵਾਜ਼ੇ

ਦੇ ਨਾਲ ਦੀ ਦੀਵਾਰ ਵਿਚ ਦੋ ਪਾੜ ਕਰ ਦਿਤੇ ਪ੍ਰੰਤੂ ਨਵਾਬ ਝਟ ਪਟ ਉਥੇ ਆ ਪੁਜਾ ਤੇ ਰੇਤ ਦੀਆਂ ਬੋਰੀਆਂ ਨਾਲ ਇਹ ਪਾੜ ਬੰਦ ਕਰਵਾ ਦਿਤੇ। ਸਿਖਾਂ ਨੇ ਭੰਗੀਆਂ ਵਾਲੀ ਤੋਪ ਨੂੰ ਫਿਰ ਅਗੇ ਕੀਤਾ, ਤੇ ਇਹਦੇ ਇਕ ਦੋ ਫਾਇਰਾਂ ਨਾਲ ਹੀ ਮਿਟੀ ਦੀਆਂ ਬੋਰੀਆਂ ਉਡ ਗਈਆਂ। ਅਕਾਲੀ ਸਾਧੂ ਸਿੰਘ ਦਾ ਛੋਟਾ ਜਿਹਾ ਦਸਤਾ ਅਖ ਦੇ ਫੋਰ ਵਿਚ ਖਾਈ ਲੰਘ ਕੇ ਦੀਵਾਰ ਦੇ ਪਾੜ ਪਾਸ ਪੁਜ ਗਿਆ। ਅਕਾਲੀ ਜੀ ਦੀ ਸੂਰਮਗਤੀ, ਦਲੇਰੀ ਤੇ ਕੁਰਬਾਨੀ ਵੇਖ ਕੇ ਸਿਖ ਸੈਨਾਂ ਇਕ ਹੱਲੇ ਵਿਚ ਹੀ ਦੀਵਾਰਾਂ ਦੇ ਪਾੜਾਂ ਪਾਸ ਪੁਜ ਗਈ। ਨਵਾਬ ਤੇ ਉਹਦੇ ਭਰਾ ਹਥ ਵਿਚ ਤਲਵਾਰਾਂ ਲਈ ਪਾੜਾਂ ਦੇ ਅਗੇ ਖੜੋਤੇ ਸਨ। ਇਸ ਵੇਲੇ ਦੋਹਾਂ ਧਿਰਾਂ ਨੇ ਬਹਾਦਰੀ ਦੇ ਉਹ ਹੱਥ ਦਸੇ ਕਿ ਬਹਾਦਰੀ ਦੰਦਾਂ ਹੇਠ ਉਂਗਲਾਂ ਦੇ ਕੇ ਰਹਿ ਗਈ।

ਸ਼ੁੱਕਰ ਦਾ ਦਿਨ, ਸ਼ੁੱਕਰ ਦੀ ਰਾਤ ਤੇ ਛਨਿਛਰਵਾਰ ਦੋ ਤਰਫਾ ਅਗ ਵਸਦੀ ਰਹੀ। ਉਮਦਾਤੁ ਤਵਾਰੀਖ ਵਿਚ ਲਿਖਿਆ ਹੈ ਕਿ ਸਾਧੂ ਸਿੰਘ ਨਿਹੰਗ ਨੇ ਹਿੰਮਤ ਤੇ ਦਲੇਰੀ ਕਰਕੇ ਕਿਲੇ ਦੀ ਦੀਵਾਰ ਤੇ ਕਬਜ਼ਾ ਕਰ ਲਿਆ। ਇਸ ਤੋਂ ਪਿਛੋਂ ਬਿਫਰੇ ਹੋਏ ਸ਼ੇਰ ਵਾਂਗ ਚਾਰੇ ਪਾਸਿਆਂ ਤੋਂ ਹੱਲਾ ਬੋਲ ਦਿਤਾ।*

ਨਵਾਬ ਸਬਜ਼ ਕਪੜੇ ਪਾ, ਇਤਰ ਤੇ ਫੁਲੇਲ ਲਗਾ ਸ਼ਹਾਦਤ ਪ੍ਰਾਪਤ ਕਰਨ ਲਈ ਖਿਜ਼ਰੀ ਦਰਵਾਜ਼ੇ ਦੇ ਪਾੜ ਪਾਸ ਆ ਖੜੋਤਾ।

ਸ਼ਾਹਨਿਵਾਜ਼ ਖਾਂ ਤੇ ਸ਼ਾਹਬਾਜ਼ ਖਾਂ ਨਵਾਬ ਦੇ ਦੋਨੋਂ ਲੜਕੇ, ਨਸਰੁਲਾ ਖਾਂ ਓਹਦਾ ਭਤੀਜਾ, ਜਾਨ ਮੁਹੰਮਦ ਖਾਂ ਬਾਜ਼ਦੋਜ਼ੇਈ, ਖ਼ੁਦਾ ਯਾਰ ਖਾਂ ਗ਼ਿਲਜ਼ੇਈ ਤੇ ਓਹਦਾ ਭਰਾ ਸਾਹਿਬ ਦਾਦ ਖਾਂ ਮਾਰੇ ਗਏ। ਜੁਲਫ਼ਕਾਰ ਖਾਂ ਸਖਤ ਫਟੜ ਹੋਇਆ।

ਅਕਾਲੀ ਮਰਨਾ ਮੰਨਕੇ ਅਗੇ ਵਧ ਰਹੇ ਸਨ। ਇਹਨਾਂ ਤੇ ਸ਼ਹੀਦੀ ਖ਼ੂਨ ਸਵਾਰ ਸੀ। ਮਰਦੇ ਮਾਰਦੇ ਅਗੇ ਵਧਦੇ ਜਾ ਰਹੇ ਸਨ। ਇਸ ਘਮਸਾਨ ਦੇ ਯੁਧ ਵਿਚ ਨਵਾਬ ਦੀ ਫੌਜ ਦਾ ਕਾਫ਼ੀ ਨੁਕਸਾਨ ਹੋਇਆ।

ਗਣੇਸ਼ ਦਾਸ ਲਿਖਦਾ ਹੈ ਕਿ :–**

ਸਾਧੂ ਸਿੰਘ ਜੋ ਨਿਹੰਗ, ਕਹੈ ਬੈਠੋ ਜੀ ਨਿਸ਼ੰਗ,
ਕਰੋਂ ਅਬ ਕੇ ਜੋ ਜੰਗ, ਜਾਇ ਤੁਰਕਾਂ ਨੂੰ ਚੋਟ ਹੈ।

---

* ਸਾਧੂ ਸਿੰਘ ਨਿਹੰਗ ਜੁਰਆਤ ਵ ਜਸਾਰਤ ਦਿਲੇਰਾਨਾ ਸਾਖ਼ਤਾ ਅੱਵਲ ਅੱਜ਼ ਹਮਾ, ਬਰ ਦਿਵਾਰੇ ਕਿਲਾ ਫ਼ਾਇਜ਼ ਗਸ਼ਤ.

** ਫਤਿਹ ਨਾਮਾ ਗੁਰੂ ਖਾਲਸਾ ਜੀ ਕਾ, ੧੯੫੨, ਪੰਨਾ ੧੩੧ -- ਸੰਪਾ:

ਮੁੜੇ ਫਿਰ ਧਾਏ, ਮਾਰ ਮਾਰ ਸੋ ਮਚਾਏ
ਕੀਓ ਜੁਧ ਭਲੀ ਭਾਏ, ਦੇ ਮੁਸਲੇ ਖਪਾਏ ਹੈ।
ਬਿਜਾਲ ਕਰਾਬੀਨੀ, ਸੋ ਬੰਦੂਕਨ ਕੀ ਮਾਰ ਕੀਨੀ,
.................................ਧਾਏ ਹੈ।
ਮੂਹਰੇ ਸਾਧੂ ਸਿੰਘ, ਪਾਛੇ ਸਭੇ ਹੈ ਭੁਜੰਗ
ਸਿੰਘ ਟੱਪ ਚੜ੍ਹੇ ਬੁਰਜਨ ਨਿਸ਼ਾਨ ਤੇ ਹਲਾਏ ਹੈ।

ਨਵਾਬ ਦੀ ਮੌਤ ਨੇ ਪਠਾਣਾਂ ਦੀ ਸੈਨਾਂ ਦੇ ਹੌਸਲੇ ਤੋੜ ਦਿਤੇ, ਉਹ ਪਿਛੇ ਨੱਸਣ ਲਗੇ, ਸਿਖ ਸੈਨਾਂ ਅੰਦਰ ਜਾ ਵੜੀ, ਕਿਲੇ ਤੇ ਕਬਜ਼ਾ ਕਰ ਲਿਆ, ਨਵਾਬ ਦੇ ਦੋ ਛੋਟੇ ਲੜਕੇ ਜ਼ੁਲਫਕਾਰ ਖਾਂ ਤੇ ਸਰਫਰਾਜ਼ ਖਾਂ ਜੀਉਂਦੇ ਫੜ ਕੇ ਲਾਹੌਰ ਆਂਦੇ ਗਏ। ਸ਼ੇਰੇ ਪੰਜਾਬ ਨੇ ਇਹਨਾਂ ਦਾ ਸਤਿਕਾਰ ਕੀਤਾ, ਸ਼ਰਕ ਪੁਰ ਦੀ ਜਾਗੀਰ ਇਹਨਾਂ ਨੂੰ ਬਖਸ਼ੀ ਜੋ ਮੁਦਤਾਂ ਤਕ ਇਸ ਖਾਨਦਾਨ ਪਾਸ ਰਹੀ।

ਸ੍ਰ.ਫਤਹ ਸਿੰਘ ਆਹਲੂਵਾਲੀਏ ਦੇ ਆਦਮੀ ਨੇ ਸ਼ੇਰੇ ਪੰਜਾਬ ਨੂੰ ਇਸ ਫਤਹ ਦੀ ਖਬਰ ਸੁਣਾਈ ਸੀ। ਸੋਨੇ ਦੇ ਕੜਿਆਂ ਦੀ ਜੋੜੀ ੫੦੦) ਨਕਦ ਤੇ ਖਿਲਅਤ ਉਹਨੂੰ ਇਨਾਮ ਮਿਲੀ। ਸਾਹਿਬ ਸਿੰਘ ਹਰਕਾਰਾ ਜੋ ਮੁਲਤਾਨ ਦੀ ਡਾਕ ਦਾ ਇੰਚਾਰਜ ਸੀ, ਉਹਨੂੰ ੬੦੦) ਇਨਾਮ ਮਿਲਿਆ। ਸ਼ੇਰੇ ਪੰਜਾਬ ਨੇ ਹਾਥੀ ਤੇ ਚੜ੍ਹਕੇ ਬਾਜ਼ਾਰ ਵਿਚ ਚਕਰ ਲਾਇਆ। ਰੁਪਏ ਪੈਸੇ ਲੁਟਾਏ, ਤੇ ਰਾਤ ਨੂੰ ਦੀਪ ਮਾਲਾ ਕੀਤੀ।

ਗਣੇਸ਼ ਦਾਸ ਨੇ ਇਸ ਲੜਾਈ ਦਾ ਸੰਮਤ ਇੰਜ ਲਿਖਿਆ ਹੈ:—☆

ਜੇਠ ਸੁਦੀ ਸੁ ਇਕਾਦਸ਼ੀ ਫਤਹ ਕੀਓ ਮੁਲਤਾਨ।
ਸੰਮਤ ਅਠ ਦਸ ਜਾਣੀਏ ਔਰ ਪਛੱਤਰ ਮਾਨ

ਜੇਠ ਸ਼ੁਦੀ ਇਕਾਦਸ਼ੀ ਨੂੰ ਮੁਲਤਾਨ ਫਤਹ ਹੋਇਆ ਸੰਮਤ ੧੮੭੫ ਸੀ।

☆ ☆ ☆

---

* ਉਹੀ, ਪੰਨਾ ੧੪੬, ਸੰਪਾ:

ਸਰਦਾਰ ਹੁਕਮਾ ਸਿੰਘ ਚਿਮਨੀ

'ਕੁਸਕ' ਦਾ ਕਿਲਾ ਸ਼ੇਰੇ ਪੰਜਾਬ ਦੇ ਜ਼ਮਾਨੇ ਵਿਚ ਮਸ਼ਹੂਹ ਪਕੇ ਤੇ ਅਜਿਤ ਕਿਲਿਆਂ ਵਿਚੋਂ ਇਕ ਸੀ। ਇਹ ਕਿਲਾ ਲੂਣ ਦੇ ਪਹਾੜ ਖੀਵੜੇ ਦੇ ਲਾਗੇ ਹੀ ਇਕ ਪਹਾੜੀ ਚੋਟੀ ਤੇ ਬਣਿਆ ਹੋਇਆ ਹੈ। ਕਟਾਸ ਹਿੰਦੂਆਂ ਦਾ ਤੀਰਥ ਚੋਹਾ ਸੈਦਨ ਸ਼ਾਹ (ਮੁਸਲਮਾਨੀ ਪੀਰ ਦਾ ਮਜ਼ਾਰ) ਤੇ ਲੂਣ ਦਾ ਪਹਾੜ ਖੀਵੜਾ ਇਹਨਾਂ ਤਿੰਨਾਂ ਟਿਕਾਣਿਆਂ ਦੀ ਨਕ ਇਹ ਕਿਲਾ ਸਮਝਿਆ ਜਾਂਦਾ ਸੀ। ਇਸ ਇਲਾਕੇ ਦੀ ਮੁਸਲਮਾਨ ਵਸੋਂ ਬੜੀ ਲੜਾਕੀ ਤੇ ਜੰਗਜੂ ਸੀ। ਸ਼ੇਰੇ ਪੰਜਾਬ ਪਿੰਡ ਦਾਦਨ ਖਾਂ ਠਹਿਰੇ ਹੋਏ ਸਨ। ਇਹ ਕਿਲਾ ਇਥੋਂ ਥੋੜੇ ਹੀ ਮੀਲਾਂ ਦੀ ਵਾਟ 'ਤੇ ਹੈ। ਆਪ ਨੇ ਆਦਮੀ ਭੇਜ ਕੇ ਕਿਲੇਦਾਰ ਨੂੰ ਕਿਹਾ ਕਿ ਅਧੀਨਤਾ ਸਵੀਕਾਰ ਕਰ ਲਓ। ਅਗੇ ਵਾਂਗ ਫੀ ਰੁਪਯਾ ਲੂਣ ਦਾ ਵਸੂਲ ਲੈਣ ਦਾ ਤੁਹਾਨੂੰ ਹਕ ਹੋਵੇਗਾ, ਗੁਜ਼ਾਰੇ ਵਾਸਤੇ ਚੰਗੀ ਤੇ ਕਾਫੀ ਜਾਗੀਰ ਦਿਤੀ ਜਾਏਗੀ। ਪਰੰਤੂ ਇਹ ਸੁਲਹ ਸਫਾਈ ਦੀ ਗਲ ਕੌਣ ਸੁਣਦਾ ਸੀ। ਸਿਧੀ ਉਂਗਲੀ ਘਿਓ ਵੀ ਨਹੀਂ ਨਿਕਲਦਾ। ਮਹਾਰਾਜੇ ਦੀ ਮਨਸ਼ਾ ਇਹ ਸੀ ਕਿ ਖ਼ੂਨ ਵੀਟੇ, ਮਨੁੱਖ ਜਾਤੀ ਨੂੰ ਜੰਗ ਦੀ ਜਵਾਲਾ ਵਿਚ ਝੋਂਕੇ ਬਿਨ੍ਹਾਂ ਜੇ ਕੰਮ ਨਿਕਲ ਆਵੇ ਤਦ ਚੰਗਾ ਹੈ, ਪਰ ਇਹ ਗੱਲ ਕਿਲੇ ਵਾਲਿਆਂ ਨੂੰ ਚੰਗੀ ਨਾ ਲਗੀ। ਉਹਨਾਂ ਨੇ ਕਹਿ ਭੇਜਿਆ ਕਿ ਸਾਡੇ ਵਡਿਆਂ ਨੇ ਕੀਮਤੀ ਖ਼ੂਨ ਵੀਟ ਕੇ ਇਹ ਕਿਲਾ ਲਿਆ ਹੈ, ਮਹਾਰਾਜਾ ਉਹ ਹੀ ਮੁੱਲ ਦੇਕੇ ਸਾਥੋਂ ਕਿਲਾ ਲੈਣਾ

ਚਾਹੇ ਤਾਂ ਲੈ ਸਕਦਾ ਹੈ ਨਹੀਂ ਤਾਂ ਨਹੀਂ। ਅਸੀ ਮਰਦ ਹਾਂ, ਖ਼ਾਲੀ ਹਥੀਂ ਕਿਲਾ ਨਹੀਂ ਦੇ ਸਕਦੇ।

ਸ਼ੇਰੇ ਪੰਜਾਬ ਨੇ ਫੌਜੀ ਸਰਦਾਰਾਂ ਵਲ ਨਜ਼ਰ ਮਾਰੀ ਤੇ ਸ. ਹੁਕਮਾਂ ਸਿੰਘ ਚਿਮਨੀ ਤੇ ਨਜ਼ਰ ਠਹਿਰੀ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਉਹਨਾਂ ਗੇਣਵੇਂ ਤੇ ਚੋਣਵੇਂ ਸਰਦਾਰਾਂ ਵਿਚੋਂ ਜੋ ਆਪਣੇ ਬਾਹੂ ਬਲ, ਦ੍ਰਿੜ੍ਹ ਸੰਕਲਪ, ਪੁਖਤਾ ਰਾਏ, ਦਲੇਰੀ ਤੇ ਵਫ਼ਾਦਾਰੀ ਦੇ ਕਾਰਨ ਖਾਲਸਾ ਦਰਬਾਰ ਦੇ ਖਾਸ ਰੁਕਨ ਸਮਝੇ ਜਾਂਦੇ ਸਨ, ਵਿਚੋਂ ਇਕ ਸ੍ਰ. ਹੁਕਮਾ ਸਿੰਘ ਚਿਮਨੀ ਸੀ।

ਸਰਦਾਰ ਹੁਕਮਾ ਸਿੰਘ ਜੀ ਨੂੰ ਜੰਗ ਦੀ ਕਮਾਨ ਦਿੱਤੀ ਗਈ। ਇਸ ਸ਼ੇਰ ਨੇ ਸੈਨਾਂ ਲੈਕੇ ਪਿੰਡ ਦਾਦਨ ਖਾਂ ਤੋਂ ਕੂਚ ਕੀਤਾ। ਪੈਦਲ, ਘੋੜ ਸਵਾਰ ਸਾਥ ਸਨ, ਤੇ ਕੁਛ ਰਹਿਕਲ ਵੀ ਸੀ। ਇਹਨਾਂ ਨੇ ਰਾਹ ਦੇ ਵਿਚ ਛੋਟੀਆਂ ਮੋਟੀਆਂ ਲੜਾਈਆਂ ਲੜ ਕੇ ਕੁਮਕ ਕਿਲੇ ਨੂੰ ਘੇਰੇ ਵਿਚ ਜਾ ਲਿਆ।

★ ★ ★

ਕੁਸਕ☆ ਦੀ ਲੜਾਈ

ਨਗਾਰੇ ਦੀ ਚੋਟ ਪਈ, ਯੋਧੇ ਸਾਹਮਣੇ ਹੋਏ । ਤਲਵਾਰਾਂ ਖਟਾਖਟ ਚਲਣ ਲਗੀਆਂ, ਖਾਲਸੇ ਦੇ ਜੈਕਾਰਿਆਂ ਨਾਲ ਪਹਾੜ ਗੂੰਜ ਉਠਿਆ, ਕਿਲੇਦਾਰ ਨੇ ਜਿੰਨੀ ਫੌਜ ਨੂੰ ਬਾਹਰ ਭੇਜਿਆ ਖਾਲਸੇ ਨੇ ਤਹਿ ਤੇਗ ਕਰ ਦਿਤਾ। ਕਾਫੀ ਨੁਕਸਾਨ ਉਠਾਣ ਮਗਰੋਂ ਉਹਨਾਂ ਨੇ ਕਿਲੇ ਦੇ ਦਰਵਾਜ਼ੇ ਬੰਦ ਕਰ ਲਏ। ਮ੍ਰ.ਹੁਕਮਾ ਸਿੰਘ ਨੇ ਕਿਲੇ ਵਿਚ ਖਾਣ ਪੀਣ ਦੀਆਂ ਚੀਜ਼ਾਂ ਜਾਣ ਦੇ ਰਾਹ ਰੋਕ ਲਏ । ਕਿਲਾ ਪਹਾੜ ਦੀ ਚੋਟੀ 'ਤੇ ਸੀ ਤੇ ਉਹਦੇ ਵਿਚ ਪਾਣੀ ਕੁਸਕ ਪਿੰਡ ਵਿਚੋਂ ਦੀ ਜਾਂਦਾ ਸੀ। ਇਸ ਚੋਹੇ ਤੇ ਸਰਦਾਰ ਹੁਕਮਾ ਸਿੰਘ ਦਾ ਕਬਜ਼ਾ ਸੀ। ਪਾਣੀ ਕਿਲੇ ਵਿਚ ਖਤਮ ਹੋ ਗਿਆ, ਸੈਨਾ ਵਾਸਤੇ ਮੁਸ਼ਕਲ ਬਣ ਗਈ। ਸੰਸਾਰ ਵਿਚ ਖੁਰਾਕ ਦਾ ਬਦਲ ਹੈ, ਰੋਟੀ ਨਾ ਸਹੀ ਚਾਵਲ ਸਹੀ, ਚਾਵਲ ਨਹੀਂ ਤਾਂ ਸਬਜ਼ੀ ਭਾਜੀ ਸਹੀ, ਉਹ ਵੀ ਨਾ ਹੋਵੇ ਤੇ ਦਰਖਤਾਂ ਦੇ ਛਿਲੜ ਖਾਣ ਤੇ ਹਫਤਾ ਹਫਤਾ ਦੋ ਦੋ ਹਫ਼ਤੇ ਭੁਖ ਸਹਾਰ ਲੈਣ ਦੀਆਂ ਘਟਨਾਵਾਂ ਇਤਿਹਾਸ ਵਿਚ ਮਿਲਦੀਆਂ ਹਨ। ਪਰੰਤੂ ਪਾਣੀ ਖਿਨਾਂ ਦਿਨ ਕਟਣਾ ਬੜੀ ਔਖੀ ਗੱਲ ਸੀ। ਜਦ ਪਾਣੀ

---

* ਉਦਮਾ–ਤੁ–ਤ੍ਵਾਰੀਖ ਵਾਲੇ ਨੇ ਕੁਸਕ ਦਾ ਪਹਾੜ ਚੋਹੇ ਸੈਦਨ ਸ਼ਾਹ ਤੋਂ ਇਕ ਕੋਹ ਤੇ ਦੂਰ ਲਿਖਿਆ ਹੈ ਪਰੰਤੂ ਸਾਨੂੰ ਮੁਕਾਮੀ ਪੜਤਾਲ ਤੋਂ ਪਤਾ ਲਗਾ ਹੈ ਕਿ ਕੁਸਕ ਦਾ ਪਹਾੜ ਸੈਦਨ ਸ਼ਾਹ ਤੋਂ ਸੱਤ ਕੁ ਮੀਲ ਦੀ ਵਾਟ 'ਤੇ ਹੈ ਤੇ ਕਿਲੇ ਵਿਚ ਪਾਣੀ ਚੋਹੇ ਸੈਦਨ ਸ਼ਾਹ ਤੋਂ ਨਹੀਂ ਬਲਕਿ ਕੁਸਕ ਸ਼ਹਿਰ ਤੋਂ ਜਾਂਦਾ ਸੀ। - ਲੇਖਕ

ਨਾ ਰਿਹਾ ਤਦ ਕਿਲੇ ਵਿਚ ਦੀ ਸੈਨਾ ਨੇ ਬਾਹਰ ਨਿਕਲ ਕੇ ਖਾਲਸੇ ਨਾਲ ਭਾਗਾਂ ਦਾ ਨਿਰਨੇ ਕਰਨ ਵਾਲਾ ਜੰਗ ਕਰਨਾ ਚਾਹਿਆ। ਖਾਲਸਾ ਤਾਂ ਇਸੇ ਗਲ ਦੀ ਉਡੀਕ ਵਿਚ ਬੈਠਾ ਸੀ। ਇਹਨਾਂ ਦੇ ਬਾਹਰ ਨਿਕਲਦਿਆਂ ਭੁਖੇ ਬਾਜਾਂ ਵਾਂਗ ਵੈਰੀ ਨੂੰ ਜਾ ਲਿਆ ਤੇ ਹੱਥੋ ਹੱਥ ਨਬੇੜੇ ਹੋਣ ਲਗੇ। ਦਿਨ ਭਰ ਸੰਗਰਾਮ ਰਿਹਾ, ਰਾਤ ਨੂੰ ਵੀ ਠੂੰ ਠਾ ਹੁੰਦੀ ਰਹੀ। ਦੂਜੇ ਦਿਨ ਫਿਰ ਮੈਦਾਨੇ ਜੰਗ ਵਿਚ ਜੋਸ਼ ਆ ਗਿਆ।

ਸ. ਹੁਕਮਾ ਸਿੰਘ ਨੇ ਮਰਦਾਨਾ ਜੈਕਾਰਾ ਗਜਾਇਆ ਤੇ ਕਿਲੇਦਾਰ ਨੂੰ ਜਾ ਘੇਰਿਆ। ਕਿਲੇਦਾਰ ਨੇ ਤਲਵਾਰ ਧੂਹ ਲਈ ਤੇ ਸ਼ੇਰ ਵਾਂਗ ਹੁਕਮਾ ਸਿੰਘ ਵੱਲ ਆਇਆ। ਹੁਕਮਾ ਸਿੰਘ ਨੇ ਸਾਹਮਣੇ ਆਉਂਦੇ ਦਾ ਜੋਸ਼ ਨਾਲ ਸਤਿਕਾਰ ਕੀਤਾ। ਇਸ ਤੋਂ ਪਹਿਲਾਂ ਕਿ ਕਿਲੇਦਾਰ ਉਹਨਾਂ ਪਾਸ ਪੁੱਜ ਕੇ ਵਾਰ ਕਰੇ, ਨੇਜ਼ਾ ਤਾਣ ਕੇ ਮਾਰਿਆ ਜੋ ਘੋੜੇ ਦੇ ਮਥੇ ਤੇ ਲਗਾ। ਘੋੜਾ ਪਛਾੜ ਖਾ ਕੇ ਡਿਗਾ ਤੇ ਕਿਲੇਦਾਰ ਨੂੰ ਸਿਰ ਵਿਚ ਚੋਟ ਆਈ, ਬਾਂਹ ਟੁਟ ਗਈ ਤੇ ਸਾਥੀ ਓਹਨੂੰ ਉਠਾਕੇ ਲੈ ਗਏ। ਲਸ਼ਕਰਾਂ ਵਿਚ ਜੋਸ਼ ਦਾ ਪਾਰਾਵਾਰ ਨਹੀਂ ਸੀ। ਦਿਨ ਛੁਪਣ ਤੋਂ ਪਹਿਲੇ ਪਹਿਲੇ ਵੈਰੀ ਦੀ ਫੌਜ ਨੂੰ ਨਸਾ ਕੇ ਖਾਲਸੇ ਨੇ ਕਿਲੇ ਤੇ ਕਬਜ਼ਾ ਕਰ ਲਿਆ। ਉਮਦਾ–ਤੁ–ਤ੍ਵਾਰੀਖ ਵਿਚ ਲਿਖਿਆ ਹੈ ਕਿ ਇਸ ਫਤਹ ਦੀ ਖਬਰ ਸੁਣ ਕੇ ਸ਼ੇਰੇ ਪੰਜਾਬ ਨੇ ਸ.ਹੁਕਮਾ ਸਿੰਘ ਚਿਮਨੀ ਨੂੰ ਭਾਰੀ ਇਨਾਮ ਦਿੱਤਾ।

☆ ☆ ☆

ਗੋਰਖੇ ਤੇ ਸਿੱਖ

੧੮੦੯ ਈਸਵੀ ਦੀ ਗਲ ਹੈ ਕਿ ਗੋਰਖਿਆਂ ਨੇ ਕਾਂਗੜੇ ਤੇ ਚੜ੍ਹਾਈ ਕੀਤੀ। ਅਮਰ ਸਿੰਘ ਗੋਰਖਾ ਇਸ ਸੈਨਾ ਦਾ ਜਰਨੈਲ ਸੀ। ਦੀਵਾਨ ਅਮਰ ਨਾਥ ਲਿਖਦਾ ਹੈ ਕਿ ਪੰਜਾਹ ਹਜ਼ਾਰ ਚੋਣਵੇਂ ਸੂਰਮੇ ਉਹਦੀ ਕਮਾਨ ਵਿਚ ਸੀ। ਸਮੁੰਦਰ ਵਾਂਗ ਠਾਠਾਂ ਮਾਰਦੀ ਸੈਨਾਂ ਕਾਂਗੜੇ ਦੇ ਲਾਗੇ ਆ ਪੁਜੀ।

ਰਾਜਾ ਸੰਸਾਰ ਚੰਦ ਆਪਣੀ ਫੌਜ ਲੈਕੇ ਸਾਹਮਣੇ ਆਇਆ। ਲੜਾਈ ਦਾ ਮੈਦਾਨ ਗਰਮ ਹੋ ਗਿਆ, ਕਟਾ ਵਢ ਸ਼ੁਰੂ ਹੋਈ, ਥੋੜ੍ਹੇ ਹੀ ਦਿਨਾਂ ਦੀ ਜੰਗ ਨੇ ਪ੍ਰਗਟ ਕਰ ਦਿੱਤਾ ਕਿ ਗੋਰਖਿਆਂ ਦੇ ਗੰਢਵੇਂ ਸਰੀਰ, ਤੇ ਖ਼ੂਨ ਪੀਣ ਵਾਲੀਆਂ ਖੋਖਰੀਆਂ ਦੇ ਸਾਹਮਣੇ ਸੰਸਾਰ ਚੰਦ ਦੀ ਸੈਨਾਂ ਦਾ ਮੈਦਾਨ ਵਿਚ ਵਧੀਕ ਚਿਰ ਲਈ ਠਹਿਰ ਕੇ ਲੜਨਾ ਅਸੰਭਵ ਹੈ। ਸੰਸਾਰ ਚੰਦ ਕਾਂਗੜੇ ਦੇ ਕਿਲੇ ਵਿਚ ਜਾ ਬੈਠਾ, ਗੋਰਖਿਆਂ ਕਿਲੇ ਨੂੰ ਘੇਰਾ ਪਾ ਲਿਆ, ਤੇ ਕਦੇ –ਕਦੇ ਦਿਨ ਜਾਂ ਰਾਤ ਵੇਲੇ ਮਾਮੂਲੀ ਜਹੀ ਠੂੰਹ ਠਾਂਹ ਹੋਣ ਤੋਂ ਬਿਨਾਂ ਲੜਾਈ ਬੰਦ ਹੋ ਗਈ।

ਕਾਂਗੜੇ ਦਾ ਰਾਜਾ ਸੰਸਾਰ ਚੰਦ ਸਮਝਦਾ ਸੀ ਕਿ ਗੋਰਖੇ ਪ੍ਰਦੇਸ਼ ਵਿਚ ਹਨ, ਖ਼ੁਰਾਕ ਦੀ ਟੋਟ ਇਹਨਾਂ ਨੂੰ ਮਜਬੂਰ ਕਰ ਦੇਵੇਗੀ ਕਿ ਉਹ ਘੇਰਾ ਚੁਕ ਕੇ ਵਾਪਸ ਚਲੇ ਜਾਣ। ਦੂਜੇ ਪਾਸੇ ਗੋਰਖੇ ਸਮਝਦੇ ਸੀ ਕਿ ਸੰਸਾਰ ਚੰਦ ਕਿਲੇ ਵਿਚ ਖਾਣ ਦਾ ਸਾਮਾਨ

ਮੁਕਣ 'ਤੇ ਆਪ ਹੀ ਹਥਿਆਰ ਸੁਟਣ ਲਈ ਮਜਬੂਰ ਹੋ ਜਾਏਗਾ। ਇਹ ਲੜਾਈ ਦੋਨਾਂ ਧਿਰਾਂ ਵਲੋਂ ਇਕ ਖ਼ੁਰਾਕ ਦੇ ਮੁਕਣ ਤੇ ਨਿਰਭਰ ਰਖਦੀ ਬਣ ਗਈ ਸੀ। ਜਿਤ ਤੇ ਹਾਰ ਦਾ ਫੈਸਲਾ ਤਲਵਾਰ, ਬੰਦੂਕ, ਤੇ ਯੋਧਿਆਂ ਦੀ ਸੂਰਮਗਤੀ ਤੇ ਅਫਸਰਾਂ ਦੀ ਰਣ ਪੰਡਤਾਈ ਤੇ ਨਹੀਂ ਰਿਹਾ ਸੀ।

ਸੰਸਾਰ ਚੰਦ ਨੂੰ ਕਿਲੇ ਵਿਚ ਬੈਠਿਆਂ ਅਨੁਭਵ ਹੋ ਗਿਆ ਕਿ ਹੁਣ ਵਧੀਕ ਸਮੇਂ ਤਕ ਖ਼ੁਰਾਕ ਦਾ ਜ਼ਖੀਰਾ ਸਾਥ ਨਹੀਂ ਦੇਵੇਗਾ। ਲੜਾਈ ਲੜ ਕੇ ਉਹ ਵੇਖ ਹੀ ਚੁਕਾ ਸੀ। ਹੁਣ ਉਸ ਨੂੰ ਆਪਣਾ ਭਵਿਸ਼ਤ ਅੰਧ ਅੰਧਾਰ ਤੇ ਧੁੰਦੂਕਾਰ ਦਿਸਿਆ। ਸੋਚ ਵਿਚਾਰ ਮਗਰੋਂ ਆਪਣੀ ਸਲਾਮਤੀ ਕਿਸੇ ਦੀ ਸਹਾਇਤਾ ਵਿਚ ਦਿਸੀ, ਪ੍ਰੰਤੂ ਚਾਰੇ ਪਾਸੇ ਨਜ਼ਰ ਫੇਰੀ, ਕੋਈ ਹਿੰਦੂ ਰਾਜਾ ਉਹਦੀ ਨਜ਼ਰੀ ਨਾ ਪਿਆ, ਜੋ ਇਸ ਔਖ ਵੇਲੇ ਇਹਦੀ ਬਾਂਹ ਫੜ ਸਕੇ। ਆਖਰ ਉਹਦੀ ਨਜ਼ਰ ਲਾਹੌਰ ਦਰਬਾਰ ਵਲ ਝੁਕੀ ਤੇ ਆਪਣੇ ਭਰਾ ਫਤਹ ਸਿੰਹ ਨੂੰ ਸ਼ੇਰੇ ਪੰਜਾਬ ਪਾਸ ਭੇਜਿਆ ਤਾਂ ਕਿ ਉਹ ਖਾਲਸੇ ਦੀ ਮਦਦ ਲਈ ਯਾਚਨਾ ਕਰੇ।

ਸ਼ੇਰੇ ਪੰਜਾਬ ਨੇ ਫਤਹ ਸਿੰਹ ਦੀ ਜ਼ਬਾਨੀ ਸਾਰੀ ਵਿਥਿਆ ਸੁਣੀ। ਗਵਾਂਢੀ ਦੀ ਸਹਾਇਤਾ ਕਰਨ ਵਿਚ ਉਹਨਾਂ ਨੂੰ ਕਦ ਸੰਕੋਚ ਹੋ ਸਕਦਾ ਸੀ, ਪਰੰਤੂ ਜੇ ਸੋਚ ਸੀ ਤਾਂ ਇਸ ਗਲ ਦੀ ਕਿ ਪੰਜਾਹ ਹਜ਼ਾਰ ਸੈਨਾਂ ਦੇ ਮੁਕਾਬਲੇ ਤੇ ਜੇਹੜਾ ਲਸ਼ਕਰ ਭੇਜਿਆ ਜਾਏਗਾ, ਉਹਦਾ ਖਰਚ ਖ਼ੁਰਾਕ ਕੌਣ ਦੇਵੇਗਾ। ਸੰਸਾਰ ਚੰਦ ਪਾਸ ਬਹੁਤ ਧਨ ਸੀ ਹੀ ਨਹੀਂ ਜੋ ਦੇ ਦੇਂਦਾ। ਆਪਸ ਦੀ ਵਿਚਾਰ ਮਗਰੋਂ ਇਹ ਫੈਸਲਾ ਹੋਇਆ ਕਿ ਸੰਸਾਰ ਚੰਦ ਦੀ ਜੰਗੀ ਸਹਾਇਤਾ ਲਈ ਗਈ ਫੌਜ ਦੇ ਖਰਚ ਵਜੋਂ ਕਾਂਗੜੇ ਦਾ ਕਿਲਾ ਸ਼ੇਰੇ ਪੰਜਾਬ ਨੂੰ ਦਿੱਤਾ ਜਾਏ। ਸੰਸਾਰ ਚੰਦ ਨੇ ਇਹ ਗਲ ਪ੍ਰਵਾਨ ਕਰ ਲਈ, ਸ਼ੇਰੇ ਪੰਜਾਬ ਨੇ ਸੈਨਾ ਨੂੰ ਤਿਆਰੀ ਦਾ ਹੁਕਮ ਦਿੱਤਾ ਤੇ ਮਈ ਦੇ ਅਖੀਰਲੇ ਦਿਨਾਂ ਵਿਚ ਆਪ ਕਾਂਗੜੇ ਜਾ ਪੁਜੇ।

☆ ☆ ☆

ਕਾਂਗੜੇ ਦੀ ਜੰਗ

ਸ਼ੇਰੇ ਪੰਜਾਬ ਦੀ ਫੌਜ ਕਾਂਗੜੇ ਪੁੱਜੀ। ਜਿਸ ਵੇਲੇ ਇਹਨਾਂ ਦੇ ਆਉਣ ਦੀ ਖ਼ਬਰ ਅਮਰ ਸਿਹੁੰ ਗੋਰਖੇ ਨੂੰ ਪੁੱਜੀ ਤਦ ਉਸਨੇ ਅਮਰ ਸਿਹੁੰ ਥਾਪੇ ਦੇ ਹਾਹੀਂ ਸੁਨੇਹਾ ਭੇਜਿਆ ਕਿ ਕੁਝ ਲੱਖ ਰੁਪਏ ਗੋਰਖਿਆਂ ਦਾ ਰਾਜਾ ਦੇਣ ਨੂੰ ਤਿਆਰ ਹੈ ਜੇ ਆਪ ਇਥੋਂ ਵਾਪਸ ਚਲੇ ਜਾਓ। ਸ਼ੇਰੇ ਪੰਜਾਬ ਨੇ ਇਸ ਤਰ੍ਹਾਂ ਲਾਲਚ ਵਿਚ ਪੈ ਕੇ ਮਦਦ ਦੇਣ ਦੇ ਇਕਰਾਰ ਨੂੰ ਛੱਡਣਾ ਪਸੰਦ ਨਾ ਕੀਤਾ। ਆਪ ਚਾਹੁੰਦੇ ਸਨ ਕਿ ਕਾਂਗੜੇ ਦੇ ਕਿਲੇ ਤੇ ਕਬਜ਼ਾ ਕਰ ਕੇ ਫਿਰ ਗੋਰਖਿਆਂ ਨਾਲ ਜੰਗ ਕੀਤੀ ਜਾਵੇ। ਸੰਸਾਰ ਚੰਦ ਨੂੰ ਕਿਲਾ ਖਾਲੀ ਕਰਨ ਲਈ ਕਿਹਾ ਗਿਆ। ਉਸਨੇ ਪਤਾ ਨਹੀਂ ਕਿਉਂ ਅੱਖਾਂ ਬਦਲ ਲਈਆਂ ਤੇ ਕਹਿਣ ਲੱਗਾ ਕਿ ''ਇਤਨੀ ਜਲਦੀ ਕਿਯਾ ਪੜੀ ਹੈ, ਜਦ ਗੋਰਖਾ ਫੌਜ ਕਾਂਗੜਾ ਸੇ ਵਾਪਸ ਚਲੀ ਜਾਏਗੀ ਵੋ ਫੌਰਨ ਕਿਲਾ ਮਹਾਰਾਜ ਕੇ ਹਵਾਲੇ ਕਰ ਦੇਗਾ। ਲੇਕਿਨ ਰਣਜੀਤ ਸਿੰਘ ਇਸ ਚਾਲ ਮੇਂ ਕਬ ਆਨੇ ਵਾਲਾ ਥਾ''। ਸ਼ੇਰੇ ਪੰਜਾਬ ਹੁਣ ਸੋਚਾਂ ਵਿਚ ਪੈ ਗਿਆ। ਬਿਗਾਨੀ ਥਾਂ ਲੜਨ ਵਾਸਤੇ ਫੌਜ ਲੈ ਆਇਆ ਹੈ। ਜਿਸ ਦੀ ਮਦਦ ਲਈ ਆਇਆ ਹਾਂ, ਉਹ ਅਗੋਂ ਚਾਲ ਚਲਕੇ ਗੱਲਾਂ ਨਾਲ ਟਕਰਾਣਾ ਚਾਹੁੰਦਾ ਹੈ, ਖੁਲ੍ਹੇ ਮੈਦਾਨ ਲੜਨਾ ਜਾਨਾਂ ਦਾ ਨੁਕਸਾਨ ਕਰਨਾ ਹੈ। ਆਪ ਦੀ ਪੇਸ਼ੀ ਵਿਚ ਕਾਂਗੜੇ ਦੇ ਰਾਜਾ ਦਾ ਲੜਕਾ ਅਨਰੋਧ ਚੰਦ ਸੀ, ਇਸ ਨੂੰ ਨਜ਼ਰਬੰਦ ਕਰ ਦਿਤਾ। ਹੁਣ ਸੰਸਾਰ ਚੰਦ ਕਿਲਾ ਖਾਲੀ

ਕਰਨ ਲਈ ਤਿਆਰ ਹੋ ਗਿਆ ਤੇ ੨੪ ਅਗਸਤ ੧੮੦੯ ਨੂੰ ਮਹਾਰਾਜਾ ਦੇ ਕਿਲਾ ਕਾਂਗੜੇ ਤੇ ਕਬਜ਼ਾ ਕਰ ਲਿਆ।

ਸ਼ੇਰੇ ਪੰਜਾਬ ਨੇ ਕਾਂਗੜੇ ਦੇ ਗਿਰਦੇ ਦੀਆਂ ਰਿਆਸਤਾਂ ਦੇ ਨਾਮ ਹੁਕਮ ਜਾਰੀ ਕੀਤਾ ਕਿ ਇਹਨਾਂ ਰਿਆਸਤਾਂ ਦੇ ਵਿਚਲੇ ਰਸਤਿਆਂ ਤੋਂ ਗੋਰਖਿਆਂ ਦਾ ਸਾਮਾਨੇ ਜੰਗ ਤੇ ਰਸਦ ਆਉਂਦੀ ਹੈ, ਉਹ ਬੰਦ ਕਰ ਦਿਤੇ ਜਾਣ। ਸੋ ਅਜਿਹਾ ਹੀ ਹੋਇਆ। ਹੁਣ ਸ਼ੇਰੇ ਪੰਜਾਬ ਨੇ ਗੋਰਖਿਆਂ ਤੇ ਹੱਲਾ ਕੀਤਾ। ਗੋਰਖਿਆਂ ਦੇ ਪਹਿਲੇ ਮੋਰਚੇ ਕਾਂਗੜੇ ਦੇ ਕਿਲੇ ਤੋਂ ਇਕ ਮੀਲ ਦੀ ਵਿਥ 'ਤੇ ਸਨ। ਉਹਨਾਂ ਤੇ ਕਬਜ਼ਾ ਕਰ ਲਿਆ, ਭਿਆਨਕ ਜੰਗ ਸ਼ੁਰੂ ਹੋ ਗਈ, ਗੋਰਖੇ ਆਪਣੀਆਂ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰੱਖਣ ਲਈ ਜਾਨ ਤੋੜ ਕੇ ਲੜਣ ਲੱਗੇ, ਕਾਂਗੜੇ ਦੀਆਂ ਪਹਾੜੀਆਂ ਖ਼ੂਨ ਨਾਲ ਨਹਾਉਣ ਲਗੀਆਂ, ਅੰਤ ਗੋਰਖਿਆਂ ਦੇ ਪੈਰ ਉਖੜ ਗਏ ਤੇ ਇਹ ਮੋਰਚਾ ਖਾਲਸੇ ਦੇ ਕਬਜ਼ੇ ਵਿਚ ਆ ਗਿਆ।

'ਗਨੇਸ਼' ਨਾਮ ਦੀ ਘਾਟੀ 'ਤੇ ਗੋਰਖਿਆਂ ਨੇ ਅੜ ਕੇ ਜੰਗ ਕਰਨੀ ਚਾਹੀ ਤੇ ਪਹਿਲੀ ਲੜਾਈ ਦੀ ਭਾਂਜ ਤੋਂ ਲੱਗੀ ਕਾਲਖ ਨੂੰ ਧੋਣ ਵਾਸਤੇ ਉਹਨਾਂ ਨੇ ਉਥੇ ਕੋਈ ਕਸਰ ਬਾਕੀ ਨਾ ਛੱਡੀ। ਕੌਮੀ ਆਣ ਕਾਇਮ ਰੱਖਣ ਵਾਸਤੇ ਪੁਰਜ਼ੋਰ ਜੰਗ ਕੀਤੀ, ਖ਼ੂਨ ਦੀਆਂ ਨਦੀਆਂ ਵਗ ਤੁਰੀਆਂ, ਲੋਥਾਂ ਦੇ ਢੇਰਾਂ ਨਾਲ ਗਾਰਾਂ ਭਰ ਗਈਆਂ ਤੇ ਕਈ ਥਾਵੀਂ ਨਵੇਂ ਪਹਾੜ ਬਣ ਗਏ। ਗੋਲੀਆਂ ਤੋਂ ਪਿਛੋਂ ਤਲਵਾਰਾਂ ਦੀ ਨੌਬਤ ਪੁੱਜੀ। ਦੋਵੇਂ ਧਿਰਾਂ ਆਪਣੇ ਜੌਹਰ ਦੱਸਣ ਲਈ ਅੱਗੇ ਵੱਧ ਰਹੀਆਂ ਸਨ ਪਰ ਗੋਰਖੇ ਸਿਪਾਹੀ ਲੰਮੇ ਕਦ ਵਾਲੇ ਸਿਖਾਂ ਦੀ ਲੰਮੀ ਤਲਵਾਰ ਦੀ ਛਾਵੇਂ ਨਾ ਠਹਿਰ ਸਕੇ। ਉਹਨਾਂ ਦੀਆਂ ਖੋਖਰੀਆਂ ਖਾਲਸੇ ਦੀਆਂ ਚਮਕੀਲੀਆਂ ਤਲਵਾਰਾਂ ਦੇ ਸਾਹਮਣੇ ਰਾਤ ਦੇ ਹਨੇਰੇ ਵਾਂਗ ਮਧਮ ਪੈ ਗਈਆਂ। ਗੋਰਖੇ ਇਕਦਮ ਪਿਛੇ ਹਟੇ ਤੇ ਨੱਸ ਟੁਰੇ। ਮੈਦਾਨ ਖਾਲਸੇ ਦੇ ਹੱਥ ਵਿਚ ਰਿਹਾ।

ਅਮਰ ਸਿਹੁੰ ਗੋਰਖੇ ਨੇ ਭਾਂਜ ਖਾ ਕੇ ਸ਼ੇਰੇ ਪੰਜਾਬ ਅਗੇ ਦਰਖ਼ਾਸਤ ਕੀਤੀ ਕਿ ਅਸੀਂ ਪਰਦੇਸੀ ਹਾਂ। ਲਸ਼ਕਰ ਦਾ ਹੌਸਲਾ ਟੁੱਟ ਗਿਆ ਹੈ, ਘਰ ਦੂਰ ਹਨ, ਜੇ ਭਾਰ ਬਰਦਾਰੀ ਦਾ ਕੁਛ ਪ੍ਰਬੰਧ ਕਰ ਦਿਓ ਤਾਂ ਬੜੀ ਕਿਰਪਾ ਹੋਵੇਗੀ। ਸ਼ੇਰੇ ਪੰਜਾਬ ਨੇ ਬੜੀ ਹਮਦਰਦੀ ਨਾਲ ਇਹ ਸਾਰਾ ਪ੍ਰਬੰਧ ਅਮਰ ਸਿਹੁੰ ਦੀ ਇੱਛਾ ਨਾਲ ਕਰ ਦਿਤਾ।

ਸ਼ੇਰੇ ਪੰਜਾਬ ਇਸ ਫ਼ਤਹਿ ਦੇ ਪਿਛੋਂ ਕਾਂਗੜੇ ਵਿਚ ਸ਼ਾਹੀ ਦਰਬਾਰ ਪੁੱਜਾ। ਕਾਂਗੜਾ, ਚੰਬਾ, ਨੂਰਪੁਰ, ਕੋਟਲਾ, ਸ਼ਾਹਪੁਰ, ਜਮਰੋਟਾ, ਬਸੋਹਲੀ, ਮਾਨਕੋਟ , ਜਸਵਾਂ,ਮੰਡੀ ਤੇ ਸੁਕੇਤ ਆਦਿਕ ਪਹਾੜੀ ਰਾਜੇ ਨਜ਼ਰਾਨਾ ਲੈ ਕੇ ਹਾਜ਼ਰ ਹੋਏ। ਸਰਦਾਰ ਦੇਸ਼ਾ ਸਿੰਘ ਮਜੀਠਾ ਨੂੰ ਇਸ ਇਲਾਕੇ ਦੇ ਪ੍ਰਬੰਧ ਵਾਸਤੇ ਨੀਯਤ ਕੀਤਾ ਤੇ ਪਹਾੜਾ ਸਿੰਘ ਇਹਨਾਂ ਦੇ ਹੇਠ ਨਾਜ਼ਮ ਨੀਯਤ ਹੋਇਆ।

☆ ☆ ☆

ਭਾਈ ਅਜਬ ਸਿੰਘ ਜੀ ਸ਼ਹੀਦ

ਤਾਸੀਲ ਮੀਰ ਪੁਰ (ਜੰਮੂ) ਵਿਖੇ ਦਰਿਆ ਜੇਹਲਮ ਦੇ ਕੰਢੇ ਪੱਬੀਆਂ ਵਿਚ ਘਿਰੇ ਨਿਵਾਣ ਅੰਦਰ ਇਕ ਹਿੱਲ ਨਾਮੇਂ ਪਿੰਡ ਹੈ, ਜੋ ਮੀਰਪੁਰ ਤੋਂ ੧੫ ਮੀਲ ਹੈ। ਏਥੇ ਹੁਣ ਕੋਈ ਸੌ ਘਰ ਸਿਖਾਂ ਦਾ ਵਸਦਾ ਹੈ। ਪਹਿਲੇ ਮੁਸਲਮ ਰਾਜ ਦੇ ਜ਼ੁਲਮਾਂ ਤੋਂ ਡਰਦੇ ਪੋਠੋਹਾਰ ਤੋਂ ਆ ਕੁਝ ਕੁ ਸਿੱਖ ਸ਼ਾਹੂਕਾਰਾਂ ਦੇ ਪਰਵਾਰ ਏਥੇ (ਸਲਾਮਤੀ ਦੀ ਜਗ੍ਹਾ ਦੇਖ) ਵਸੇ ਸਨ। ਜਿਨ੍ਹਾਂ ਦੇ ਪਾਸ ਬਿਸ਼ਨ ਦੌਰ' ਤੋਂ ਇਕ ਸਿੱਖ ਘਰਾਣਾ ਆ ਰਿਹਾ ਸੀ, ਜਿਸ ਨੂੰ ਭਾਈ ਅਜਬ ਸਿੰਘ ਜੀ ਸ਼ਹੀਦ ਦੇ ਪੈਦਾ ਕਰਨ ਦਾ ਮਾਣ ਪ੍ਰਾਪਤ ਹੋਇਆ। ਭਾਈ ਅਜਬ ਸਿੰਘ ਜੀ ਇਕ ਸੋਹਣੇ ਸਡੌਲ ਦਿਓ ਕੱਦ ਜਵਾਨ ਬਣੇ। ਆਪ ਜਿਥੇ ਜਪੀ, ਤਪੀ, ਜਤੀ ਤੇ ਸਤੀ ਭਗਤ ਸਨ, ਉਥੇ ਨਾਲ ਹੀ ਸ਼ਸ਼ਤ੍ਰਧਾਰੀ, ਘੋੜ ਸਵਾਰ ਬਲੀ ਜੋਧੇ ਸਿੰਘ ਬੀ ਸਨ। ਆਪ ਹਿੰਦ ਦੇ ਦੁਖੜੇ ਮਿਟਾਣ ਲਈ ਸ਼ਹੀਦਾਂ ਦੀ ਮਿਸਲ ਖਾਲਸਾ ਫੌਜ ਵਿਚ ਜਾ ਭਰਤੀ ਹੋਏ ਅਤੇ ਬਹੁਤ ਸਾਰੇ ਜੰਗਾਂ ਵਿਚ ਅਗੇ ਹੋ ਕੇ ਬਹਾਦਰੀ ਨਾਲ ਲੜਦੇ ਰਹੇ ਹਨ।

ਜਿਸ ਵੇਲੇ ਅਹਿਮਦ ਸ਼ਾਹ ਦੁਰਾਨੀ ਹਿੰਦੂਆਂ ਦੀਆਂ ਸੋਲਾਂ ਕੁ ਹਜ਼ਾਰ ਬਹੂ ਬੇਟੀਆਂ ਨੂੰ ਰੋਦਿਆਂ ਧੋਂਦਿਆਂ ਗਡਿਆਂ ਤੇ ਲੱਦ ਕਾਬਲ ਵੱਲ ਲਈ ਜਾ ਰਿਹਾ ਸੀ, ਅਤੇ ਉਹਨਾਂ ਦੀ ਸਹਾਇਤਾ ਲਈ ਕੋਈ ਹਿੰਦੂ ਜੋਧਾ ਤੇ ਰਾਜਪੂਤ ਨਹੀਂ ਪੁਜਿਆ ਸੀ

ਉਸ ਵੇਲੇ ਏਟ ਸੋਇ ਸਿੰਘਾਂ ਦੇ ਦਲਾਂ ਵਿਚ ਗਈ। ਉਹਨਾਂ ਦੇ ਦਿਲ ਉਬਲ ਪਏ, ਡੌਲੇ ਫਰਕੇ ਤੇ ਅੱਖਾਂ ਵਿੱਚ ਖ਼ੂਨ ਉਤਰ ਆਏ। ਸਿਆਲਕੋਟ ਖਾਲਸਾ ਜੀ ਨੇ ਇਕੱਠ ਕਰ ਸ਼ਹੀਦ ਨੱਥਾ ਸਿੰਘ ਦਿਆਲ ਸਿੰਘ ਜੀ ਆਦਿ ਦੀ ਜਥੇਦਾਰੀ ਹੇਠ ਧਾਵਾ ਬੋਲਿਆ ਅਤੇ ਗੁਜਰਾਤ ਤੋਂ ਜੇਹਲਮ ਤਕ ਘੋਰ ਜੰਗ ਕਰਕੇ ਬੇਅੰਤ ਸਿੰਘਾਂ ਦੇ ਸੀਸ ਲਾ ਇਹਨਾਂ ਅਬਲਾਵਾਂ ਨੂੰ ਛੁਡਾ ਕੇ ਉਹਨਾਂ ਦੇ ਘਰੀਂ ਪਹੁੰਚਾ ਦਿਤਾ। ਇਸ ਸਮੇਂ ਭਾਈ ਅਜਬ ਸਿੰਘ ਜੀ ਆਪਣੇ ਘਰ ਹਿੱਲ ਆਏ ਹੋਏ ਸਨ। ਆਪ ਨੇ ਲਾਹੌਰ ਤੋਂ ਆਏ ਇਕ ਪ੍ਰੇਮੀ ਤੋਂ ਅਬਦਾਲੀ ਦੇ ਜ਼ੁਲਮ ਦੀ ਕਹਾਣੀ ਸੁਣੀ, ਇਹਨਾਂ ਦਾ ਸਿੰਘ ਦਿਲ ਉਛਲਿਆ ਤੇ ਦੇਸ਼ ਸੇਵਾ ਦੀ ਉਮੰਗ ਜਾਗੀ ਜਿਸ ਤੇ ਤੁਰਤ ਹੀ ਪ੍ਰਵਾਰ ਦੀ ਸਲਾਹ ਤੋਂ ਬਿਨਾਂ ਸ਼ਹੀਦ ਹੋਣ ਦਾ ਫੈਸਲਾ ਕਰ ਲਿਆ। ਆਪ ਨੇ ਘੋੜੇ ਤੇ ਕਾਠੀ ਪਾ, ਸਫੈਦ ਰੰਗ ਦਾ ਸ਼ਹੀਦੀ ਪੁਸ਼ਾਕਾ ਪਹਿਰ ਸ਼ਸਤ੍ਰ ਅਸਤ੍ਰ ਲਗਾਕੇ ਮਾਤਾ ਜੀ ਨੂੰ ਮੱਥਾ ਟੇਕਿਆ ਤੇ ਆਗਿਆ ਮੰਗੀ। ਮਾਤਾ ਨੇ ਕਿਹਾ ਤੂੰ ਇਕੱਲਾ ਹੈਂ, ਦੁਸ਼ਮਣ ਬੜਾ ਪ੍ਰਬਲ ਹੈ ਤੇ ਉਸਦੇ ਨਾਲ ਲੱਖਾਂ ਫੌਜਾਂ ਹਨ। ਇਸ ਲਈ ਅਜਾਈਂ ਮਾਰਿਆ ਜਾਸੇਂ, ਨਾ ਜਾਹ। ਸਿੰਘ ਜੀ ਨੇ ਉਤਰ ਦੇਂਦਿਆਂ ਕਿਹਾ, ਮੇਰੇ ਗੁਰੂ ਜੀ ਦਾ ਬਚਨ ਹੈ ''ਸਵਾ ਲਾਖ ਸੇ ਏਕ ਲੜਾਊਂ'' ਮੈਂ ਇਸ ਵਾਕ ਨੂੰ ਸਫਲ ਕਰਕੇ ਦਸਾਂਗਾ, ਦੂਜਾ ਹਾਥੀਆਂ ਦੇ ਬੜੀ ਭਾਰੀ ਗੋਲ (ਟੋਲੇ) ਨੂੰ ਦੇਖ ਸ਼ੇਰ ਨਹੀਂ ਡਰਦਾ; ਤੀਜਾ ਮਰਨਾ ਸਤਿ ਹੈ, ਸੋ ਇਸ ਲਈ ਬੀਮਾਰੀ ਨਾਲ ਅੱਡੀਆਂ ਰਗੜ ਰਗੜ ਕੇ ਮਰਨ ਨਾਲੋਂ ਜੇ ਮਜ਼ਲੂਮਾਂ ਦੀ ਸੇਵਾ ਕਰਦੇ ਹੋਏ ਘੋਰ ਜੰਗ ਵਿਚ ਸ਼ਸਤ੍ਰ ਨਾਲ ਸ਼ਹੀਦੀ ਮਿਲੇ ਹੋਰ ਕੀ ਲੋੜੀਏ ? ਮਾਤਾ ਨੇ ਫੇਰ ਵੀ ਰੋਕਣ ਦੀ ਕੋਸ਼ਸ਼ ਕੀਤੀ ਪਰ ਸਿੰਘ ਜੀ ਨੇ ਗੱਜ ਕੇ ਕਹਿ ਦਿੱਤਾ, ਕਿ ਮਾਤਾ ਜੀ ਮੈਂ ਪ੍ਰਣ ਕਰ ਚੁਕਾ ਹਾਂ ਕਿ ਜਾਂ ਤਾਂ ਅਬਲਾ ਗਊਆਂ ਨੂੰ ਜਬਰ ਸ਼ੇਰ ਦੇ ਪੰਜੇ ਵਿਚੋਂ ਛੁਡਾ ਲਿਆਊਗਾ ਜਾਂ ਫਿਰ ਆਪ ਸ਼ਹੀਦ ਹੋ ਜਾਊਂ। ਏਹ ਪ੍ਰਣ ਗੁਰੂ ਜੀ ਦਾ ਸਿਖ ਹੋਣ ਮਦਕੇ ਮੈਂ ਕਦੀ ਛੱਡਣ ਨੂੰ ਤਿਆਰ ਨਹੀਂ। ਤਾਂ ਮਾਤਾ ਜੀ ਨੇ ਆਗਿਆ ਤੇ ਅਸੀਸ ਦਿੰਦਿਆਂ ਕਿਹਾ, ਪੁਤਰ ਜੇ ਤੂੰ ਸ਼ਹੀਦ ਹੋ ਗਿਆ ਤਾਂ ਮੈਨੂੰ ਕਿਸ ਤਰ੍ਹਾਂ ਪਤਾ ਦੇਵੇਂਗਾ ? ਸਿੰਘ ਜੀ ਨੇ ਕਿਹਾ ਕਿ ਜੋ ਘੋੜੀ ਮੈਂ ਆਪ ਕੋਲ ਛੱਡ ਚਲਿਆਂ ਹਾਂ ਏਹ ਸਾਡੇ ਸ਼ਹੀਦ ਪ੍ਰਾਣ ਤੇ ਨੀਰ ਵਗਾਏਗੀ ਤੇ ਸਰੀਰ ਤਿਆਗ ਦੇਵੇਗੀ ਜਿਸ ਤੋਂ ਆਪ ਨੇ ਸਮਝ ਲੈਣਾ। ਏਹ ਕਹਿ ਸਿੰਘ ਜੀ ਅਰਦਾਸਾ ਕਰ ਘੋੜੇ ਤੇ ਅਸਵਾਰ ਹੋਏ। ''ਰਣ ਦੇਖ ਸੂਰੇ ਚਿਤ ਹੁਲਾਸ'' ਬਚਨ ਅਨੁਸਾਰ ਆਪ ਦੇ ਚੇਹਰੇ ਤੇ ਲਾਲੀ ਚੜ੍ਹ ਗਈ। ਆਪ ਦਰਿਆ ਪਾਰ ਹੋਏ, ਗੁਜਰ ਖਾਨ ਵਲ ਤੁਰ ਪਏ। ਜਿਸ ਤਰ੍ਹਾਂ ਦਰਿਆ ਦੇ

ਤੇਜ਼ ਪ੍ਰਵਾਹ ਵਿਚ ਵੀ ਸ਼ੇਰ ਨੱਕ ਦੀ ਸੇਧ ਸਿੱਧਾ ਤੈਰਦਾ ਹੈ ਇਸੇ ਤਰ੍ਹਾਂ ਸੂਰਮਾ ਜੁਧ ਸਮੇਂ ਸਹਾਇਤਾ ਦੇ ਆਸਰੇ ਨਹੀਂ ਢੂੰਡਦਾ। ਗੁਜਰਖਾਨ ਦੇ ਨੇੜੇ ਰਸਤੇ ਵਿਚ ਇਕ ਮਲੀਹ ਨਾਮੇਂ ਪਿੰਡ ਹੈ ਜਿਥੇ ਛੋਟਾ ਜੇਹਾ ਕਿਲਾ ਵੀ ਬਣਿਆ ਸੀ। ਆਪ ਨੇ ਇਸ ਪਿੰਡ ਵਿਚ ਆ ਡੇਰਾ ਲਾਇਆ। ਇਲਾਕੇ ਦੇ ਧਰਮ ਤੋਂ ਪ੍ਰਵਾਨਾ ਵਾਰ ਨਿਸ਼ਾਵਰ ਕਰਨ ਵਾਲੇ ਸਿੰਘਾਂ ਨੇ ਵੀ ਜਦੋਂ ਆਪ ਦੀ ਪ੍ਰਤਿੱਗਿਆ ਤੇ ਆਉਣਾ ਸੁਣਿਆ ਬਹੁਤ ਸਾਰੇ ਆਪ ਜੀ ਪਾਸ ਆ ਜੁੜੇ। ਅਖੀਰ ਸਿੰਘਾਂ ਨੇ ਰਲਕੇ ਕਿਲੇ ਤੇ ਕਬਜ਼ਾ ਕਰ ਲਿਆ ਤੇ ਕੁਝ ਖਰਚਾ ਬੀ ਜੋੜ ਲਿਆ, ਕਮਰ ਕਸੇ ਕਸ ਬੰਦੂਕਾਂ ਭਰ ਕਿਲੇ ਦੇ ਮੋਰਚਿਆਂ ਵਿਚ ਬੈਠ ਦੁਸ਼ਮਨ ਉਡੀਕ ਕਰਨ ਲਗੇ। ਖਾਲਸਾ ਜੀ ਦੀ ਤਲਵਾਰ ਦੇ ਜੌਹਰ ਦੇਖ, ਸਭ ਹਿੰਦੂ ਲੜਕੀਆਂ ਖੁਹਾ, ਤੇ ਬੇਅੰਤ ਅਜੀਜ਼ਾਂ ਦੇ ਸਿਰ ਲੁਹਾ ਦੁਰਾਨੀ ਜੇਹਲਮ ਦਰਿਆ ਲੰਘ ਰਾਵਲਪਿੰਡੀ ਵਲ ਤੇਜ਼ੀ ਨਾਲ ਜਾ ਰਿਹਾ ਸੀ ਕਿ ਸਿੰਘਾਂ ਨੇ ਬੰਦੂਕਾਂ ਦੀ ਬਾੜ ਝਾੜ ਕੇ ਇਹਨਾਂ ਨੂੰ ਰੋਕ ਦਿਤਾ। ਦੁਰਾਨੀ ਬੜੇ ਘਾਬਰੇ। ਉਹ ਸਮਝਦੇ ਸਨ ਕਿ ਹਿੰਦੂ ਲੜਕੀਆਂ ਛਡਕੇ ਖਾਲਸੇ ਤੋਂ ਪਿਛਾ ਛੁਡਾ ਲਿਆ ਹੈ ਪਰ ਹੁਣ ਇਹ ਨਵੀਂ ਮੁਸੀਬਤ ਕਿਵੇਂ ਆ ਗਈ। ਇਹ ਸੋਚਕੇ ਉਹਨਾਂ ਦੇ ਦਿਲ ਡਗ ਮਗਾ ਰਹੇ ਸਨ।

ਹੁਣ ਉਹਨਾਂ ਨੇ ਸੂਹੀਏ ਤੇ ਨਗਰ ਦੇ ਲੋਕਾਂ ਦਵਾਰਾ ਸਾਰਾ ਪਤਾ ਕੀਤਾ ਅਤੇ ਕਿਲੇ ਨੂੰ ਘੇਰਾ ਪਾਕੇ ਗੋਲਾਬਾਰੀ ਸ਼ੁਰੂ ਕਰ ਦਿਤੀ। ਸਿੰਘਾਂ ਪਾਸ ਜਿਨ੍ਹਾਂ ਚਿਰ ਦਾਰੂ ਸਿਕਾ ਸੀ ਅੰਦਰੋਂ ਗੋਲੀਆਂ ਵਰਸਾਂਦੇ ਵੈਰੀਆਂ ਨੂੰ ਮਾਰਦੇ ਰਹੇ, ਜਦੋਂ ਗੋਲੀ ਗੱਠਾ ਮੁੱਕ ਗਿਆ ਤਾਂ ਇਕ ਇਕ ਕਰਕੇ ਤੇਗਾਂ ਸੂਤ ਮੈਦਾਨ ਵਿਚ ਆਏ। ਲੱਖਾਂ ਨਾਲ ਲੜ ਅਨੇਕਾਂ ਦੇਸ-ਵੈਰੀਆਂ ਦਾ ਨਾਸ ਕਰ, ਦੀਨਾਂ ਦੇ ਦੁਖੜੇ ਨਵਿਰਤ ਕਰਨ ਲਈ ਸਭ ਸ਼ਹੀਦ ਹੋ ਗਏ। ਅੰਤ ਨੂੰ ਭਾਈ ਅਜਬ ਸਿੰਘ ਜੀ ਨੰਗੀ ਤਲਵਾਰ ਹੱਥ ਵਿਚ ਚਮਕਾਉਂਦੇ ਭੁਖੇ ਸ਼ੇਰ ਵਾਂਗ ਬਾਹਰ ਨਿਕਲੇ। ਆਪ ਨੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ ਤੇ ਬਿਜਲੀ ਦੀ ਫੁਰਤੀ ਨਾਲ ਜਵਾਨਾਂ ਤੇ ਟੁਟ ਪਏ। ਪਲਾਂ ਵਿਚ ਰਣ ਭੂਮੀ ਵਿਚ ਰੁੰਡ ਮੁੰਡ (ਧੜ ਸਿਰ) ਖਿਲਾਰ ਦਿੱਤੇ। ਆਪ ਅਗੇ ਜੋ ਅੜਿਆ ਸੋ ਝੜਿਆ। ਸੈਂਕੜੇ ਦੇਸ ਘਾਤਕਾਂ ਦਾ ਅੰਤ ਕਰਦੇ ਆਪ ਦੁਸ਼ਮਨ ਦੀਆਂ ਗੋਲੀਆਂ ਨਾਲ ਛਾਨਣੀ ਛਾਨਣੀ ਹੋ ਗਏ ਅਤੇ ਅੱਧਾ ਸੀਸ ਵੀ ਉੱਡ ਗਿਆ। ਆਪ ਜੀ ਦਾ ਆਸਣ ਐਸਾ ਪੱਕਾ ਸੀ ਕਿ ਪੂਰੇ ਹੋਣ ਤੇ ਭੀ ਘੋੜੇ ਤੋਂ ਨਹੀਂ ਢੱਠੇ। ਘੋੜੇ ਨੇ ਜਿਸ ਵੇਲੇ ਆਪਣੇ ਅਸਵਾਰ ਨੂੰ ਪੂਰਾ ਹੋਇਆ ਡਿੱਠਾ, ਉਸਨੂੰ ਜੋ ਰਸਤਾ ਮਿਲਿਆ ਉਸੇ ਹੀ ਰਸਤੇ ਘਰ ਦਾ ਰੁਖ ਕੀਤਾ ਤੇ

ਦਰਿਆ ਤੈਰਕੇ ਹਿੱਲ ਪਹੁੰਚ ਗਿਆ। ਸਿੰਘ ਜੀ ਦੀ ਮੜ੍ਹੇਲੀ ਘਰ ਪੁੱਜ ਘੋੜੇ ਤੋਂ ਡਿੱਗੀ। ਇਹਨਾਂ ਦੀ ਘੋੜੀ ਨੇ ਵੀ ਸੇਜਲ ਨੇਤਰ ਹੋਇਆਂ ਉਸੇ ਵੇਲੇ ਪ੍ਰਾਨ ਤਿਆਗ ਦਿਤੇ। ਸ਼ਹੀਦਾਂ ਦਾ ਡੇਰਾ ਤੇ ਘੋੜੀ ਦਾ ਅਸਥਾਨ ਕਾਇਮ ਹਨ। ਲੋਕ ਸ਼ਰਧਾ ਤੇ ਸਿਦਕ ਨਾਲ ਮੰਨਦੇ ਪੂਜਦੇ ਹਨ, ਅਤੇ ਭੇਟਾ ਚੜ੍ਹਾਉਦੇ ਹਨ। ਸਿੰਘ ਸਭਾ ਹਿੱਲ ਨੇ ਇਸ ਅਸਥਾਨ ਦੇ ਨਾਲ ਹੀ ਬੜਾ ਸੁੰਦਰ ਗੁਰਦਵਾਰਾ ਬਣਾਇਆ ਹੈ।

☆ ☆ ☆

ਸ਼ੇਰੇ ਪੰਜਾਬ ਦੀ ਨੀਯਤ

ਬਲੋਚ ਇਕ ਕੌਮ ਹੈ। ਇਹਨਾਂ ਦੇ ਕੁਛ ਕਬੀਲੇ ਖੁਸ਼ਾਬ ਦੇ ਇਲਾਕੇ ਵਿਚ ਵਸਦੇ ਸਨ। ਇਹਨਾਂ ਕਬੀਲਿਆਂ ਦਾ ਹਾਕਮ ਖ਼ੁਸ਼ਾਬ ਰਿਹਾ ਕਰਦਾ ਸੀ ਤੇ ਖਾਸ ਸਮਿਆਂ ਵਾਸਤੇ ਇਸ ਨੇ ਆਪਣੇ 'ਕਛ' ਨਗਰ ਵਿਚ ਕਿਲਾ ਬਣਾ ਰਖਿਆ ਸੀ।

ਫਰਵਰੀ ੧੮੧੦ ਦੇ ਵਿਚ ਸ਼ੇਰੇ ਪੰਜਾਬ ਦੀਆਂ ਫੌਜਾਂ ਉਸ ਇਲਾਕੇ ਦੀ ਸੋਧ ਕਰਦੀਆਂ ਖ਼ੁਸ਼ਾਬ ਦੇ ਲਾਗੇ ਪੁਜੀਆਂ। ਜਅਫਰ ਬੇਗ ਇਹ ਸਮਝ ਕੇ ਕਿ ਸ਼ਾਇਦ ਸ਼ੇਰੇ ਪੰਜਾਬ ਖ਼ੁਸ਼ਾਬ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ, ਲਾਓ ਲਸ਼ਕਰ ਲੈ ਕੇ ਹਮਲਾ ਕਰਨ ਲਈ ਰਾਹ ਰੋਕ ਖੜੋਤਾ। ਸਿਖ ਸੈਨਾਂ ਨੂੰ ਵੀ ਚਾਹੁੰਦੇ ਜਾਂ ਨਾ ਚਾਹੁੰਦੇ ਮੈਦਾਨ ਗਰਮ ਕਰਨਾ ਪਿਆ। ਜਾਨ ਬਾਜ਼ ਸਪਾਹੀ ਇਕ ਦੂਜੇ ਦੇ ਸਾਹਮਣੇ ਡੱਟ ਗਏ, ਤਲਵਾਰਾਂ ਸੰਭਾਲੀਆਂ, ਜੋਸ਼ੋਖਰੋਸ਼ ਨਾਲ ਇਕ ਦੂਜੇ ਤੇ ਜਾ ਪਏ। ਅਫਸਰ ਸਪਾਹੀਆਂ ਨੂੰ ਜੋਸ਼ ਦਵਾ ਰਹੇ ਸਨ, ਤੇ ਸਪਾਹੀ ਆਪਣੀ ਬੀਰਤਾ ਵਿਖਾ ਕੇ ਖ਼ੂਨ ਦੀਆਂ ਨਦੀਆਂ ਵਗਾ ਰਹੇ ਸਨ। ਸੱਜੇ, ਖੱਬੇ, ਅੱਗੇ ਪਿੱਛੇ ਜਿਸ ਪਾਸੇ ਕਮਜ਼ੋਰੀ ਵੇਖਦੇ ਅਫਸਰ ਸੈਨਾਂ ਨੂੰ ਉਸੇ ਪਾਸੇ ਲਿਜਾ ਕੇ ਹਮਲਾ ਕਰਦੇ ਸਨ। ਦਿਨ ਭਰ ਜੰਗ ਜਾਰੀ ਰਿਹਾ, ਕਦੇ ਸਿਖ ਅਗੇ ਵਧਦੇ ਤੇ ਬਲੋਚ ਪਿਛੇ ਹਟਦੇ, ਕਦੇ ਬਲੋਚ ਅਗੇ ਵਧਦੇ ਤੇ ਸਿਖ ਪਿਛੇ ਹਟਦੇ, ਇਸੇ ਖਿੱਚਾ ਖਿੱਚੀ ਵਿਚ ਦਿਨ ਬੀਤ ਗਿਆ। ਸੂਰਜ ਛੁਪਣ ਵੇਲੇ ਜਅਫਰ ਬੇਗ ਦੀ ਸੈਨਾਂ ਦੇ

ਪੈਰ ਉਖੜ ਗਏ ਤੇ ਉਸਨੇ ਕੱਛ ਦੇ ਕਿਲੇ ਵਿਚ ਪਨਾਹ ਜਾ ਲਈ। ਸਿਖ ਸੈਨਾਂ ਨੇ ਕਛ ਦੇ ਕਿਲੇ ਨੂੰ ਘੇਰ ਲਿਆ ਤੇ ਹੁਣ ਹੋਰ ਤਰ੍ਹਾਂ ਦਾ ਜੰਗ ਛਿੜ ਪਿਆ।

ਬਲੋਚ ਕਿਲੇ ਦੇ ਵਿਚ ਬੈਠੇ ਸਨ। ਗੋਲੀ ਸਿਕਾ ਉਹਨਾਂ ਪਾਸ ਕਾਫੀ ਸੀ। ਕਿਲਾ ਵੀ ਮਜ਼ਬੂਤ ਸੀ, ਤੇ ਸਿਪਾਹੀ ਵੀ ਕਾਫ਼ੀ। ਸਿਖ ਸਮੁੰਦਰ ਵਾਂਗ ਛਲਾਂ ਮਾਰਦੇ ਆਉਂਦੇ ਸਨ, ਪਰੰਤੂ ਕਿਲੇ ਦੀ ਪਕਿਆਈ ਤੇ ਅੰਦਰੋਂ ਵਰ੍ਹ ਰਹੀ ਅੱਗ ਦੇ ਸਾਹਮਣੇ ਉਹਨਾਂ ਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਜਿੰਨੀ ਵੇਰ ਅੱਗੇ ਵਧੇ, ਉਨੀ ਹੀ ਵੇਰ ਪਿੱਛੇ ਹਟਨਾ ਪਿਆ। ਇਸ ਤਰ੍ਹਾਂ ਨਾਲ ਸਿੱਖ ਸੈਨਾਂ ਨੂੰ ਕਾਫ਼ੀ ਨੁਕਸਾਨ ਪੁੱਜਾ।

ਸ਼ੇਰੇ ਪੰਜਾਬ ਨੇ ਜਅਫਰ ਬੇਗ ਨੂੰ ਕਹਿ ਭੇਜਿਆ ਕਿ ਕਿਲਾ ਖ਼ਾਲੀ ਕਰ ਦੇਵੇ, ਕਾਫ਼ੀ ਜਾਗੀਰ ਦਿਤੀ ਜਾਏਗੀ। ਜਅਫ਼ਰ ਬੇਗ ਨੇ ਲਿਖ ਭੇਜਿਆ ਕਿ ਖੁਸ਼ਾਬ ਦਾ ਕਿਲਾ ਜਿਸ ਤੇ ਹੁਣੇ ਕਬਜ਼ਾ ਕੀਤਾ ਹੈ ਵਾਪਸ ਦੇ ਦੇਵੋ ਤਾਂ ਚੰਗੀ ਗਲ ਹੈ ਨਹੀਂ ਤਾਂ ਅਸੀਂ ਆਪਣੇ ਮਾਲ, ਜਾਨ ਤੇ ਆਬਰੂ ਦੀ ਖਾਤਰ ਜੰਗ ਦੀ ਜਵਾਲਾ ਵਿਚ ਸੜਨਾ ਕਬੂਲ ਕਰਾਂਗੇ ਪਰ ਜੀਉਂਦੇ ਜੀਅ ਘਰ ਬਾਰ ਤੁਹਾਡੇ ਵਾਸਤੇ ਛੱਡਣਾ ਅਸੰਭਵ ਹੈ।

ਲਾ: ਸੀਤਾ ਰਾਮ ਕੋਹਲੀ ਐਮ.ਏ. ਪ੍ਰੋਫੈਸਰ ਗੁਰਮੈਂਟ ਕਾਲਜ ਲਾਹੌਰ ਲਿਖਦੇ ਹਨ ਕਿ :—

''ਰਣਜੀਤ ਸਿੰਘ ਨੇ ਘੇਰਾ ਪਾਈ ਰਖਿਆ, ਕਿਲੇ ਦੇ ਦੋ ਤਿੰਨ ਪਾਸਿਓਂ ਦੀਵਾਰ ਦੇ ਹੇਠ ਸੁਰੰਗ ਖੁਦਵਾ ਕੇ ਉਸਨੂੰ ਬਾਰੂਦ ਨਾਲ ਭਰ ਦਿਤਾ ਤਾਂ ਜੋ ਕਿਲੇ ਨੂੰ ਉਡਾ ਦਿਤਾ ਜਾਏ ਪਰ ਮਹਾਰਾਜਾ ਬਿਨਾਂ ਲੋੜ ਦੇ ਖ਼ੂਨ ਵੀਟਣਾ ਨਹੀਂ ਚਾਹੁੰਦਾ ਸੀ, ਅਤੇ ਜਿਥੋਂ ਤਕ ਉਸਦਾ ਵੱਸ ਚਲਦਾ ਸੀ, ਦੋਹਾਂ ਪਾਸਿਆਂ ਦੇ ਜਾਨ ਮਾਲ ਦੇ ਨੁਕਸਾਨ ਬਿਨਾਂ ਹੀ ਆਪਣੇ ਮਤਲਬ ਸਿੱਧ ਕਰਨ ਦੀ ਕੋਸ਼ਸ਼ ਕਰਦਾ ਸੀ, ਸੋ ਇਕ ਵਾਰ ਫਿਰ ਜਅਫ਼ਰ ਬੇਗ ਨੂੰ ਸੁਨੇਹਾ ਭੇਜੇ ਤੇ ਕਿਲਾ ਖਾਲੀ ਕਰਨ ਲਈ ਕਿਹਾ ਤੇ ਇਹ ਵੀ ਕਿਹਾ ਕਿ ਕਿਲਾ ਖ਼ਾਲੀ ਕਰ ਦੇਣ ਤੇ ਤੁਹਾਨੂੰ ਤਕੜੀ ਜਾਗੀਰ ਮਿਲੇਗੀ, ਨਹੀਂ ਤਾਂ ਕੁਛ ਮਿੰਟਾਂ ਵਿਚ ਕਿਲਾ ਮਿੱਟੀ ਹੋ ਜਾਏਗਾ। ਜੇ ਭਰੋਸਾ ਨਹੀਂ ਤਾਂ ਕਿਸੇ ਮੋਅਤਬਿਰ ਆਦਮੀ ਨੂੰ ਭੇਜ ਕੇ ਸੁਰੰਗ ਦੀ ਹਾਲਤ ਦਾ ਪਤਾ ਲੈ ਲਓ।''

''ਹੁਣ ਜਅਫਰ ਖਾਂ ਲਚਾਰ ਹੋ ਚੁਕਾ ਸੀ, ਉਹਦੇ ਵਾਸਤੇ ਕਿਲੇ ਵਿਚ ਬੈਠਿਆਂ ਜੰਗ ਦਾ ਹੋਰ ਸਾਮਾਨ ਇਕੱਠਾ ਕਰਨਾ ਕਠਨ ਸੀ। ਕਿਲਾ ਖਾਲੀ ਕਰਨ ਵਿਚ ਹੀ ਭਲਿਆਈ ਸਮਝੀ। ਮਹਾਰਾਜਾ ਉਹਦੇ ਨਾਲ ਬੜੀ ਇਜ਼ਤ ਨਾਲ ਪੇਸ਼ ਆਇਆ.

ਉਸਨੂੰ ਪਰਿਵਾਰ ਸਮੇਤ ਖ਼ੁਸ਼ਾਬ ਰਹਿਣ ਦੀ ਆਗਿਆ ਦੇ ਦਿਤੀ ਤੇ ਕਾਫੀ ਜਾਗੀਰ ਦਿਤੀ।

ਲਾ: ਸੀਤਾ ਰਾਮ ਜੀ ਦੀ ਇਹ ਲਿਖਤ ਦਸਦੀ ਹੈ ਕਿ ਐਨ ਘੋਰ ਸੰਗ੍ਰਾਮ ਦੇ ਵਿਚ ਜਿਸ ਵੇਲੇ ਸ਼ੇਰੇ ਪੰਜਾਬ ਦਾ ਪਾਸਾ ਜ਼ਬਰਦਸਤ ਹੋਵੇ ਤੇ ਵੈਰੀ ਜੰਗ ਕਰਨਾ ਚਾਹੇ ਤਦ ਵੀ ਇਹਨਾਂ ਦੀ ਇੱਛਾ ਇਹ ਹੀ ਹੁੰਦੀ ਸੀ ਕਿ ਕਿਸੇ ਤਰ੍ਹਾਂ ਜੰਗ ਟਲ ਜਾਏ ਤੇ ਕਿਸੇ ਦੀ ਨਾਹਕ ਜਾਨ ਨਾ ਜਾਏ।

ਦੂਜੀ ਗਲ, ਸ਼ੇਰੇ ਪੰਜਾਬ ਆਪ ਸੂਰਮਾਂ ਸੀ ਤੇ ਸੂਰਮਿਆਂ ਦੀ ਕਦਰ ਕਰਦਾ ਸੀ। ਵੈਰੀਆਂ ਨੂੰ ਜਿੱਤ ਕੇ ਜਾਗੀਰਾਂ ਦੇਂਦਾ ਤੇ ਇਜ਼ਤ ਨਾਲ ਪੇਸ਼ ਆਉਂਦਾ ਸੀ। ਇਹ ਸਨ ਸਿੱਖੀ ਦੇ ਖਾਸ ਗੁਣ ਜੋ ਸ਼ੇਰੇ ਪੰਜਾਬ ਦੇ ਅੰਦਰ ਚਮਕਦੇ ਸਨ।

☆ ☆ ☆

ਬਾਬਾ ਆਲਾ ਸਿੰਘ ਦੀ ਬੀਰਤਾ

ਬਾਬਾ ਫੂਲ ਜੀ ਦੇ ਖ਼ਾਨਦਾਨ ਵਿਚੋਂ ਭਾਈ ਰਾਮ ਸਿੰਘ ਜੀ ਉਹ ਸਿੰਘ ਹੋਏ ਹਨ ਜਿਨ੍ਹਾਂ ਨੂੰ ਸ੍ਰੀ ਕਲਗੀਧਰ ਜੀ ਦੇ ਕਰ—ਕਮਲਾਂ ਤੋਂ ਅੰਮ੍ਰਿਤ ਛਕਣ ਦਾ ਸੁਭਾਗਯ ਪ੍ਰਾਪਤ ਸੀ। ਆਪ ਜੀ ਨੇ ਅਨੰਦਪੁਰ ਦੇ ਜੰਗਾਂ ਵਿਚ ਊਠ, ਘੋੜੇ, ਰਸਦਾਂ ਤੇ ਸਿਪਾਹੀ ਭੇਜ ਗੁਰੂ ਜੀ ਦੀ ਬੜੀ ਭਾਰੀ ਸੇਵਾ ਕੀਤੀ ਸੀ ਜਿਸ ਤੇ ਸ੍ਰੀ ਦਸਮੇਸ਼ ਜੀ ਨੇ ਪ੍ਰਸੰਨ ਹੋ ਕੇ ਇਕ ਹੁਕਮਨਾਮੇ ਵਿਚ ਆਪ ਨੂੰ 'ਤੇਰਾ ਘਰ ਸੋ ਮੇਰਾ ਘਰ ਅਸੇ' ਲਿਖ ਭੇਜਿਆ ਸੀ। ਜਿਸ ਵੇਲੇ ਗੁਰੂ ਜੀ ਦਮਦਮਾ ਸਾਹਿਬ (ਗੁਰੂ ਕੀ ਕਾਂਸ਼ੀ) ਜਾ ਟਿਕੇ ਸਨ ਤਾਂ ਭਾਈ ਸਾਹਿਬ ਜੀ ਮਹਾਰਾਜ ਜੀ ਦੀ ਸੇਵਾ ਵਿਖੇ ਹਾਜ਼ਰ ਰਹੇ ਸਨ। ਇਸ ਤੋਂ ਵੱਖ ਬਠਿੰਡੇ ਤੋਂ ਉੱਤਰ ਵਲ ਜਿਥੇ ਹੁਣ ਆਪ ਜੀ ਦੇ ਨਾਮ ਪਰ 'ਰਾਮਪੁਰ' ਨਗਰ, ਰਾਮ ਪੁਰ ਸਟੇਸ਼ਨ ਤੇ ਰਾਮ ਪੁਰ ਮੰਡੀ ਉਰਫ ਫੂਲ ਮੰਡੀ ਹੈ, ਬੜਾ ਭਾਰਾ ਲੰਗਰ ਚਲਦਾ ਸੀ। ਏਹਨਾਂ ਕਾਰਨਾਂ ਕਰਕੇ ਹੀ ਜਿਥੇ ਆਪ ਬੈਰਾੜਾਂ ਤੇ ਸਿੱਧੂਆਂ ਦੇ ਪੂਜਨੀਕ ਸਨ ਉਥੇ ਸਭ ਮਾਲਵੇ ਦੇ ਸਿੰਘਾਂ ਦੇ ਸਤਿਕਾਰ ਯੋਗ ਸਨ। ਇਹਨਾਂ ਦੇ ਘਰ ਅੱਠ ਪੁਤਰ ਸਨ ਜਿਨ੍ਹਾਂ ਵਿਚੋਂ ਸ੍ਰੀ ਮਹਾਰਾਜਾ ਆਲਾ ਸਿੰਘ ਜੀ ਖਾਸ ਮਹਾਂ ਪੁਰਸ਼ ਹੋਏ। ਭਾਈ ਸਾਹਿਬ ਜੀ ਦੇ ਦਰਬਾਰ ਵਿਚ ਇਕ ਦਿਨ ਸਿੰਘੇੜੇ ਪਿੰਡ ਦੇ ਪੈਂਚ ਪੁਜੇ ਅਤੇ ਪੁਕਾਰ ਕੀਤੀ, ਮਹਾਰਾਜ ਜੀ ਅਸਾਡਾ ਨਗਰ ਕਲ ਡਾਕੂਆਂ ਨੇ ਲੁੱਟਣਾ ਹੈ ਇਸ ਲਈ ਆਪ ਸਹਾਇਤਾ ਕਰੋ ?

ਭਾਈ ਸਾਹਿਬ ਨੇ ਇਹਨਾਂ ਦੀ ਸਾਰੀ ਵਾਰਤਾ ਸੁਣਕੇ ਕਿਹਾ—ਤੁਹਾਨੂੰ ਕੀ ਕੀ ਸਹਾਇਤਾ ਦੀ ਲੋੜ ਹੈ ? ਪੈਂਚਾਂ ਬੇਨਤੀ ਕੀਤੀ ਇਕ ਆਪਣਾ ਇਕ ਸਾਹਿਬਜ਼ਾਦਾ ਭੇਜੋ ਜੋ ਅਸਾਡੀ ਜਥੇਦਾਰੀ ਕਰੇ ਅਤੇ ਕੁਝਕੁ ਸਿੰਘਾਂ ਨੂੰ ਭੀ ਨਾਲ ਭੇਜੋ ।

ਮੁਗ਼ਲਾਂ ਦੇ ਸ਼ਾਹੀ ਘਰਾਣੇ ਵਿਚ ਔਰੰਗਜ਼ੇਬ ਬੜਾ ਜ਼ਾਲਮ ਪਾਤਸ਼ਾਹ ਹੋਇਆ ਹੈ, ਜਿਸਨੇ ਬਾਪ ਨੂੰ ਕੈਦ ਕਰ ਤੇ ਭਰਾਵਾਂ ਨੂੰ ਕਤਲ ਕਰਾ ਕੇ ਤਖ਼ਤ ਪ੍ਰਾਪਤ ਕੀਤਾ ਸੀ। ਹੁਕਮ ਹਾਸਲ ਕਰ ਸਰਮੱਦ ਜੈਸੇ ਨਿਰਦੋਸ਼ ਕਈ ਫਕੀਰਾਂ ਨੂੰ ਜਾਨੋਂ ਮਰਵਾਇਆ। ਇਸ ਦੇ ਜ਼ੁਲਮਾਂ ਦੇ ਕਾਰਨ ਹਿੰਦੁਸਤਾਨ ਵਿਚ ਹਾਹਾਕਾਰ ਮਚ ਗਈ ਸੀ, ਜਿਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੂੰ ਤੇਗ ਉਠਾਉਣੀ ਪਈ । ਗੁਰੂ ਜੀ ਨੇ ਅਨੇਕ ਜੁੱਧਾਂ ਵਿਚ ਜ਼ਾਲਮ ਸੈਨਾਂ ਦੇ ਖੂਬ ਦੰਦ ਖੱਟੇ ਕੀਤੇ । ਆਪ ਜੀ ਤੋਂ ਪਿਛੋਂ ਸ੍ਰੀ ਬਾਬਾ ਗੁਰਬਖਸ਼ ਸਿੰਘ (ਬੰਦਾ ਸਿੰਘ) ਜੀ ਬਹਾਦਰ ਨੇ ਸਿੱਖ ਜਥੇਬੰਦੀਆਂ ਨਾਲ ਲੈ ਜ਼ੁਲਮ ਕਰਨੇ ਵਾਲਿਆਂ ਨੂੰ ਚੰਗੀ ਤਰ੍ਹਾਂ ਸੋਧਿਆ ਤੇ ਪੰਜਾਬ ਵਿਚ ਸਿਖ—ਰਾਜ ਦੀ ਨਿਉਂ ਰਖੀ । ਸੋ ਪੰਜਾਬ ਵਿਚ ਗੁਰੂ ਖਾਲਸੇ ਦੇ ਜੰਗਾਂ ਤੇ ਦੱਖਣ ਵਿਚ ਮਰਹੱਟਿਆਂ ਦੀ ਬਗਾਵਤ ਦੇ ਕਾਰਣ ਆਲਮਗੀਰ ਦੇ ਮਰਨ ਪਿੱਛੇ ਮੁਗ਼ਲ ਹਕੂਮਤ ਦੀ ਬਾਗਡੋਰ ਢਿੱਲੀ ਪੈ ਗਈ ਸੀ ਜਿਸ ਤੇ ਰਾਜ ਗਰਦੀ ਦੇ ਸਬੱਬ ਅਨੇਕ ਚੋਰ ਧਾੜਵੀ ਜਾਗ ਪਏ ਅਤੇ ਪ੍ਰਜਾ ਨੂੰ ਲੁਟ ਮਾਰ ਕੇ ਬਰਬਾਦ ਕਰ ਰਹੇ ਸਨ । ਇਸੀ ਸਿਲਸਿਲੇ ਵਿਚ ਇਕ ਸੌ ਚੁਣਵੇਂ ਜਵਾਨ ਪਠਾਣ ਧਾੜਵੀਆਂ ਦਾ ਜੱਥਾ ਮਾਲਵੇ ਵਿਚ ਡਾਕੇ ਮਾਰ ਰਿਹਾ ਸੀ । ਜਿਸਨੇ ਸਿੰਘੇੜੇ ਪਿੰਡ ਵਾਲਿਆਂ ਨੂੰ ਨੋਟਸ ਦਿਤਾ ਸੀ ਕਿ ਤੁਸਾਂ ਨੂੰ ਤੀਜੇ ਦਿਨ ਲੁਟ ਲਿਆ ਜਾਵੇਗਾ । ਆਪਣਾ ਜੋ ਪ੍ਰਬੰਧ ਹੁੰਦਾ ਹੈ ਕਰ ਲਵੋ ।

ਸਿੰਘੇੜੇ ਨਾਮ ਦਾ ਸਿੰਘਾਂ ਦਾ ਇਕ ਪੁਰਾਣਾ ਪਿੰਡ ਹੈ ਤੇ ਇਹ ਮਹਾਰਾਜਾ ਆਲਾ ਸਿੰਘ ਜੀ ਦੀ ਪਹਿਲੀ ਰਾਜਧਾਨੀ ਬਰਨਾਲਾ ਤੋਂ ਦੋ ਕੁ ਮੀਲ ਉਤੇ ਹੈ । ਏਹ ਪੁਰਾਤਨ ਮ੍ਰਿਜਾਦਾ ਅਨੁਸਾਰ ਠੁਕਵਾਂ ਤੇ ਗੁੰਜਾਨ ਨਗਰ ਹੈ । ਇਸਦੇ ਔਣ ਜਾਣ ਦੇ ਰਸਤਿਆਂ ਤੇ ਪੱਕੇ ਦਰਵਾਜੇ ਬਣੇ ਹੋਏ ਹਨ । ਏਥੇ ਅਮੀਰ ਤੇ ਧਨੀ ਹਿੰਦੂ, ਸਿਖ ਰਹਿੰਦੇ ਸਨ ਜਿਨ੍ਹਾਂ ਨੂੰ ਡਾਕੂਆਂ ਦਾ ਸਨੇਹਾ ਸੁਣ ਕੇ ਹੱਥਾਂ ਪੈਰਾਂ ਦੀ ਪੈ ਗਈ ਅਤੇ ਦੰਗ ਰਹਿ ਗਏ । ਇਕ ਦਮ ਸਾਰਾ ਪਿੰਡ ਇਕ ਧਰਮਸਾਲਾ ਵਿਚ ਇਕੱਠਾ ਹੋ ਗਿਆ ਅਤੇ ਬਚਾਇ ਦਾ ਉਪਾਇ ਸੋਚਣ ਲਗੇ । ਇਕ ਸਿਆਣੇ ਨੇ ਕਿਹਾ ਕਿ ਭਾਵੇਂ ਅਪਣੇ ਧਨ, ਧਾਮ ਤੇ ਇੱਜ਼ਤ ਦੀ ਰੱਖਿਆ ਲਈ ਅਸੀਂ ਸਾਰੇ ਮਰਨ ਮਾਰਨ ਨੂੰ ਤਿਆਰ ਹਾਂ ਪਰ ਸਾਨੂੰ ਮੌਕਾ ਮਿਲ ਗਿਆ

ਹੈ, ਇਸ ਵਾਸਤੇ ਕਿਸੇ ਤਾਕਤ ਦੀ ਬੀ ਸਹੈਤਾ ਲੈ ਲੈਣੀ ਚਾਹੀਦੀ ਹੈ। ਇਸ ਸਲਾਹ ਨੂੰ ਸਾਰਿਆਂ ਨੇ ਸਲਾਹਿਆ ਤੇ ਏਧਰ ਉਧਰ ਨਜ਼ਰਾਂ ਦੌੜਾਨ ਤੇ ਸਭ ਦੀ ਦ੍ਰਿਸ਼ਟੀ ਭਾਈ ਰਾਮ ਸਿੰਘ ਜੀ ਉੱਤੇ ਜਾ ਪਈ। ਉਸੇ ਵੇਲੇ ਮਤਾ ਪਕਾ ਕੇ ਨਗਰ ਦੇ ਪੈਂਚਾਂ ਨੂੰ ਭਾਈ ਸਾਹਿਬ ਵਲ ਸਹਾਇਤਾ ਲਈ ਭੇਜ ਦਿਤਾ, ਪਿਛਲੇ ਸ਼ਸਤ੍ਰ ਬਸਤ੍ਰ ਜੰਗ ਦੇ ਸਮਾਨ ਇਕੱਠਾ ਕਰਨ ਵਿਚ ਲਗ ਪਏ। ਪੈਂਚਾਂ ਨੇ ਭਾਈ ਸਾਹਿਬ ਜੀ ਦੀ ਸੇਵਾ ਵਿਖੇ ਪੁੱਜ ਉਪਰੋਕਤ ਬੇਨਤੀ ਕੀਤੀ ਜਿਸਨੂੰ ਸੁਣਕੇ ਆਪ ਜੀ ਨੇ ਕਿਹਾ :— ਮੈਂ ਤੇ ਮੇਰੇ ਪੁੱਤਰ ਗੁਰੂ ਪੰਥ ਦੀ ਦਾਤ ਹਨ। ਰਾਮ ਸਿੰਘ ਜੀ ਦਾ ਸਰਵੰਸ ਆਪਦੀ ਸੇਵਾ ਲਈ ਹਾਜ਼ਰ ਹੈ। ਜਿਸ ਜਿਸ ਚੀਜ਼ ਦੀ ਲੋੜ ਹੈ ਲੈ ਜਾਵੋ। ਸ਼ਰਨ ਆਇਆਂ ਨੂੰ ਨਿਵਾਜਨ ਤੇ ਭਾਈ ਸਾਹਿਬ ਦੇ ਆਪਾ ਵਾਰਨ ਦੇ ਬਚਨ ਸੁਣ ਪੰਚਾਂ ਨੂੰ ਬੜਾ ਸੰਤੋਖ ਪ੍ਰਾਪਤ ਹੋਯਾ। ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਜੰਗਲ ਵਿਚੋਂ ਲੰਗਰ ਲਈ ਲੱਕੜਾਂ ਲੈ ਕੇ ਸ੍ਰੀ ਆਲਾ ਸਿੰਘ ਜੀ ਵੀ ਆ ਗਏ। ਪੰਚ ਏਹਨਾਂ ਦਾ ਡੀਲ ਡੌਲ ਤੇ ਬਲ ਦੇਖ ਅਚਰਜ ਰਹਿ ਗਏ। ਪਤਾ ਕਰਕੇ ਬੇਨਤੀ ਕੀਤੀ ਕਿ ਏਹਨਾਂ ਨੂੰ ਹੀ ਸਾਡੇ ਨਾਲ ਤੋਰੋ। ਪੈਂਚ ਲੌਢੇ ਵੇਲੇ ਸਿੰਘੇੜਿਆਂ ਤੋਂ ਘੋੜੀਆਂ 'ਤੇ ਤੁਰ ਸਾਰੀ ਰਾਤ ਤੁਰਦੇ ਦੂਜੇ ਦਿਨ ਅੰਮ੍ਰਿਤ ਵੇਲੇ ਭਾਈ ਸਾਹਿਬ ਜੀ ਕੋਲ ਪੁੱਜੇ ਸਨ। ਜਿੱਥੇ ਇਹਨਾਂ ਨੂੰ ਹਰ ਤਰ੍ਹਾਂ ਸਨਮਾਨ ਪ੍ਰਾਪਤ ਹੋਇਆ। ਇਸ ਪਿਛੋਂ ਲੰਗਰ ਤਿਆਰ ਹੋਇਆ ਤੇ ਸਭ ਨੂੰ ਵਰਤ ਗਿਆ। ਅਖੀਰ ਭਾਈ ਸਾਹਿਬ ਨੇ ਸ੍ਰੀ ਆਲਾ ਸਿੰਘ ਜੀ ਨੂੰ ਸ਼ਸਤ੍ਰ ਬਸਤ੍ਰ ਸਜਾਏ ਕੁਝ ਕੁ ਸਿੰਘਾਂ ਦੇ ਸਹਿਤ ਅਰਦਾਸਾ ਕਰ ਘੋੜਿਆਂ 'ਤੇ ਅਸਵਾਰ ਕਰਾ ਪਿੱਠ ਠੋਕ ਪੈਂਚਾਂ ਨਾਲ ਤੋਰ ਦਿਤਾ। ਇਸ ਸਮੇਂ ਸਿੰਘ ਸਾਹਿਬ ਜੀ ਨੂੰ ਅਜੇ ਮਸ ਫੁਟਦੀ ਸੀ ਤੇ ਆਪਦੀ ਕਸ਼ੋਰ ਅਵਸਥਾ ਸੀ। ਰਾਮ ਪੁਰ ਤੋਂ ਸੰਘੇੜੇ ੧੮-੧੯ ਮੀਲ ਹਨ, ਇਹ ਵਹੀਰ ਮੁਸ਼ਕਲ ਨਾਲ ਸੰਧਿਆ ਵੇਲੇ ਸਿੰਘੇੜੀਂ ਪੁੱਜਾ। ਨਗਰ ਵਾਸੀਆਂ ਨੇ ਬਾਹਰ ਅੱਗੇ ਆ ਆਪ ਜੀ ਦਾ ਸ੍ਵਾਗਤ ਕੀਤਾ ਅਤੇ ਸ਼ਾਨ ਨਾਲ ਪਿੰਡ ਵਿਚ ਲੈ ਗਏ। ਚੜ੍ਹਦੀ ਵੱਲ ਦੇ ਦਰਵਾਜ਼ੇ ਦੇ ਚੁਬਾਰੇ ਵਿਚ ਆਪਦਾ ਸਤਿਕਾਰ ਨਾਲ ਨਿਵਾਸ ਕਰਾਇਆ ਜਿੱਥੇ ਹੁਣ ਅਕਾਲੀ ਨਿਸ਼ਾਨ ਝੂਲਦਾ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਡਾਕੂ ਦਿਤੇ ਹੋਏ ਸਮੇਂ ਪਰ ਤੀਜੇ ਦਿਨ ਹੀ ਸਵੇਰੇ ਪਹੁੰਚ ਗਏ, ਬਾਹਰ ਤੋਂ ਦੋ ਤਿੰਨ ਫੋਕੇ ਫਾਇਰ ਕਰਕੇ ਨਗਰ ਵਾਸੀਆਂ ਨੂੰ ਨੱਸ ਜਾਣ ਦਾ ਮੌਕਾ ਦਿਤਾ। ਪਰ ਉਹਨਾਂ ਦੀ ਇਛਾ ਦੇ ਉਲਟ ਅੰਦਰੋਂ ਦਰਵਾਜ਼ੇ ਬੰਦ ਹੋ ਗਏ, ਨਗਰ ਦੇ ਚੁਣਵੇਂ ਜਵਾਨ ਤੇ ਸਹਾਇਕ

ਆਏ, ਸਬੰਧੀ ਮਨੱਧਬਧ ਹੋ ਕੇ ਆਪਣੇ ਜਥੇਦਾਰ ਸਰਦਾਰ ਆਲਾ ਸਿੰਘ ਜੀ ਪਾਸ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਡਾਕੂ ਆ ਗਏ ਹਨ, ਆਪ ਅਜੇ ਇਥੇ ਹੀ ਆਰਾਮ ਕਰੋ ਪਹਿਲੇ ਅਸੀਂ ਡਾਕੂਆਂ ਨਾਲ ਲੜਾਂਗੇ । ਜਦੋਂ ਸਾਡੀ ਪੇਸ਼ ਨਾ ਗਈ ਆਪ ਜੀ ਨੂੰ ਬੁਲਾ ਲਿਆ ਜਾਵੇਗਾ। ਸਿੰਘ ਜੀ ਨੇ ਕਿਹਾ ਮੈਂ ਆਰਾਮ ਕਰਨ ਨਹੀਂ ਆਇਆ, ਮੈਂ ਜੰਗ ਲੜਨ ਆਇਆ ਹਾਂ ਸੋ ਮੈਦਾਨ ਵਿਚ ਸਭ ਤੋਂ ਅੱਗੇ ਚਲਕੇ ਖੜਾ ਹੋਵਾਂਗਾ । ਨਗਰ ਵਾਸੀਆਂ ਫੇਰ ਕਿਹਾ ਕਿ ਅਸੀਂ ਵੀ ਸਿੰਘ ਹਾਂ ਆਪਣੀ ਰਖਿਆ ਕਰਨੀ ਸਾਡਾ ਮੁੱਖ ਧਰਮ ਹੈ। ਅਸੀਂ ਇਹ ਕਦੇ ਨਹੀਂ ਸਹਾਰ ਸਕਦੇ ਕਿ ਅਸੀਂ ਸੁਖ ਨਾਲ ਘਰ ਬੈਠੇ ਰਹੀਏ ਅਤੇ ਆਪ ਕਰੜੇ ਵੈਰੀ ਨਾਲ ਯੁੱਧ ਕਰੋ । ਇਸ ਲਈ ਅਸੀਂ ਮਾਨ ਨਾਲ ਬੇਨਤੀ ਕਰਦੇ ਹਾਂ ਕਿ ਆਪ ਇਥੇ ਹੀ ਟਿਕੋ । ਸਿੰਘ ਸਾਹਿਬ ਜੀ ਮੰਨਦੇ ਨਹੀਂ ਸਨ, ਪਰ ਏਹ ਧਿੰਗੋ ਜ਼ੋਰੀ ਛੱਡਕੇ ਤੁਰ ਪਏ । ਅੰਤ ਦੋਹਾਂ ਪਾਸਿਆਂ ਦੇ ਸੂਰਮੇ ਮੈਦਾਨ ਵਿਚ ਆਹਮੋ ਸਾਹਮਣੇ ਹੋਏ। ਸਤਿ ਸ੍ਰੀ ਅਕਾਲ ਦੇ ਜੈਕਾਰੇ ਅੱਲਾ ਹੂ ਅਕਬਰ ਦੇ ਨਾਹਰਿਆਂ ਨਾਲ ਅਕਾਸ਼ ਗੂੰਜ ਉਠਿਆ । ਪਹਿਲੇ ਦੋਹਾਂ ਪਾਸਿਆਂ ਤੋਂ ਬੰਦੂਕਾਂ ਦੀ ਬਾੜ ਛਾੜ ਹੋਈ ਫੇਰ ਦੋਹਾਂ ਪਾਸਿਆਂ ਤੋਂ ਹੱਲਾ ਬੋਲਕੇ ਸੂਰਮੇ ਗੁੱਥਮ ਗੁੱਥਾ ਹੋ ਗਏ। ਤਲਵਾਰਾਂ ਬਿਜਲੀ ਦੀ ਫੁਰਤੀ ਨਾਲ ਚਲਣ ਲਗੀਆਂ। ਬਰਛੇ, ਪਰਸੇ ਤੇ ਛੱਵੀਆਂ ਖੱਚਾ ਖੱਚ ਘਾਤ ਕਰ ਰਹੀਆਂ ਹਨ। ਜਿਸ ਤਰ੍ਹਾਂ ਦੀਵਾ ਬਲੇ ਤੋਂ ਭੰਬਟ ਪਿਛੇ ਨਹੀਂ ਰਹਿ ਸਕਦਾ, ਏਸੇ ਤਰ੍ਹਾਂ ਸੂਰਮਾ ਜੰਗ ਦੇਖ ਕਿਨਾਰਾ ਕਰ ਨਹੀਂ ਸਕਦਾ। ਸਿੰਘ ਸਾਹਿਬ ਜੀ ਨਗਰ ਵਾਸੀਆਂ ਦੇ ਪਿਛੇ ਹੀ ਘੋੜੇ ਤੇ ਚੜ੍ਹ ਸਾਥੀਆਂ ਨੂੰ ਨਾਲ ਲੈ ਜੰਗ ਵਲ ਤੁਰ ਪਏ ਸਨ, ਜੋ ਆਨ ਦੀ ਆਨ ਵਿਚ ਆ ਪੁਜੇ, ਜੰਗ ਦਾ ਰੰਗ ਦੇਖ ਸਿੰਘ ਜੀ ਨੂੰ ਲਾਲੀਆਂ ਚੜ੍ਹ ਗਈਆਂ ।

ਆਪ ਨੇ ਡਿੱਠਾ ਕਿ ਡਾਕੂਆਂ ਦਾ ਜਥੇਦਾਰ ਪਿਛੇ ਖੜੋ ਪਠਾਣਾਂ ਨੂੰ ਲੜਾ ਰਿਹਾ ਸੀ। ਆਪ ਨੇ ਇਕ ਪਾਸੇ ਦੀ ਘੋੜਾ ਉੜਾ ਪਠਾਣ ਨੂੰ ਜਾ ਵੰਗਾਰਿਆ—

''ਉਏ ਪਠਾਣ ਇਹਨਾਂ ਗਰੀਬ ਮਾਵਾਂ ਦੇ ਪੁਤਾਂ ਨੂੰ ਕਿਉਂ ਮਰਵੇਨਾ ਹੈਂ, ਜੇ ਤੂੰ ਸੱਚ ਮੁਚ ਪਠਾਣ ਦਾ ਪੁਤ੍ਰ ਹੈਂ ਤੇ ਪਠਾਣੀਆਂ ਦਾ ਦੁਧ ਪੀਤਾ ਹੈ ਤਾਂ ਅਗੇ ਆ ਇਹਨਾਂ ਨੂੰ ਰੋਕ, ਜੰਗ ਦਾ ਫੈਸਲਾ ਤੇਰੀ ਤੇ ਮੇਰੀ ਤਲਵਾਰ ਕਰੇਗੀ । ਇਸ ਪਿਛੇ ਲੜਾਈ ਬੰਦ ਹੋ ਗਈ, ਸਿੰਘ ਤੇ ਪਠਾਣ ਦੋਹੀਂ ਪਾਸੀ ਸਫਾਂ ਬੰਨਕੇ ਖੜੋ ਗਏ । ਪਠਾਣ ਬੀ ਸਡੌਲ ਕਦ ਚੋਟੀ ਦਾ ਸੂਰਮਾ ਸੀ, ਪਟੇ ਬਾਜ਼ੀ ਦੇ ਫਨ ਵਿਚ ਕਮਾਲ ਰਖਦਾ ਸੀ । ਅੰਤ ਦੋਵੇਂ ਸੂਰਮੇ

ਮੈਦਾਨ ਵਿਚ ਸਾਹਮਣੇ ਆਏ, ਸਿੰਘ ਜੀ ਨੇ ਗੱਜਕੇ ਪਠਾਣ ਨੂੰ ਕਿਹਾ -- ਕਿਉਂਕਿ ਮੈਂ ਸਿੰਘ ਦਾ ਪੁਤਰ ਹਾਂ ਇਸ ਲਈ ਤੈਨੂੰ ਮੌਕਾ ਦਿੰਦਾ ਹਾਂ ਕਿ ਪਹਿਲੇ ਵਾਰ ਕਰਕੇ ਆਪਣੀ ਹਵਸ ਲਾਹ ਲੈ। ਇਹ ਸੁਣ ਪਠਾਣ ਨੇ ਭੂਏ ਹੋ ਵਾਰ ਕੀਤਾ ਜੋ ਸਿੰਘ ਜੀ ਨੇ ਢਾਲ ਅੱਗੇ ਕਰ ਰੋਕ ਲਿਆ। ਢਾਲ ਤੇ ਵੱਜਕੇ ਪਠਾਣ ਦੀ ਤਲਵਾਰ ਟੁੱਟਕੇ ਹੇਠਾਂ ਜਾ ਪਈ ਜਿਸ ਤੇ ਸਿੰਘ ਜੀ ਨੇ ਫਰ ਕਿਹਾ--ਤੂੰ ਸ਼ਸਤ੍ਰ ਹੀਣ ਹੈਂ, ਸ਼ਸਤ੍ਰ ਹੀਨ ਤੇ ਸਿੰਘ ਵਾਰ ਨਹੀਂ ਕਰਦਾ ਇਸਤੇ ਹੋਰ ਤਲਵਾਰ ਪਕੜ ਲੈ। ਆਪਣੇ ਇਸ਼ਾਰੇ ਨਾਲ ਇਕ ਸਿੰਘ ਤੋਂ ਪਠਾਣ ਨੂੰ ਤਲਵਾਰ ਦਿਵਾਈ ਅਤੇ ਕਿਹਾ ਇਸ ਨਵੀਂ ਤਲਵਾਰ ਨਾਲ ਹੋਰ ਵਾਰ ਕਰ ਲੈ। ਪਠਾਣ ਨੇ ਹੋਰ ਵਾਰ ਕੀਤਾ ਜੋ ਆਪ ਨੇ ਫੁਰਤੀ ਨਾਲ ਘੋੜਾ ਫੇਰਕੇ ਬਚਾ ਲਿਆ। ਸਿੰਘ ਜੀ ਨੇ ਕਿਹਾ ਤਿੰਨ ਵਾਰਾਂ 'ਤੇ ਹੱਦ ਹੁੰਦੀ ਹੈ ਇਸ ਲਈ ਤੀਜਾ ਵਾਰ ਵੀ ਕਰ ਲੈ ਤਾਂ ਕਿ ਤੇਰੇ ਦਿਲ ਦਾ ਅਰਮਾਨ ਨਾ ਰਹਿ ਜਾਵੇ। ਪਠਾਨ ਨੇ ਤੀਜਾ ਵਾਰ ਕੀਤਾ ਤੇ ਢਾਲ ਤੇ ਰੋਕਿਆ ਗਿਆ। ਅਖੀਰ ਸ੍ਰੀ ਜੀ ਨੇ ਕਿਹਾ:--

ਸਾਵਧਾਨ ਹੋ ! ਹੁਣ ਖਾਲਸੇ ਦਾ ਵਾਰ ਆਇਆ ਹੈ । ਪਠਾਨ ਬੜਾ ਤਿਲਮਲਾਇਆ ਪਰ ਸ੍ਰੀ ਸਾਹਿਬ ਦੇ ਇਕੋ ਤੁਲਵੇਂ ਵਾਰ ਨਾਲ ਸਿੰਘ ਨੇ ਪਠਾਣ ਦਾ ਸਿਰ ਐਸੀ ਕਾਰੀਗਰੀ ਨਾਲ ਲਾਹਿਆ ਜਿਵੇਂ ਘੁਮਾਰ ਚਕ ਤੋਂ ਘੜਾ ਉਤਾਰਦਾ ਹੈ। ਉਸ ਵੇਲੇ ਡਾਕੂ ਦਾ ਸਿਰ ਨੇਜੇ ਨਾਲ ਟੁੰਬ ਉਠਾ ਲਿਆ, ਸੈਨਤ ਨਾਲ ਧਾੜਵੀਆਂ ਪੁਰ ਸਿੰਘਾਂ ਦਾ ਹੱਲਾ ਕਰਵਾ ਦਿਤਾ, ਸਿੰਘਾਂ ਨੇ ਖੂਬ ਆਹੂ ਲਾਹੇ। ਥੋੜੇ ਜੋਧੇ ਡਾਕੂਆਂ ਨੇ ਨੱਸ ਕੇ ਮੁਸ਼ਕਲ ਨਾਲ ਜਾਨਾਂ ਬਚਾਈਆਂ। ਪਠਾਣ ਧਾੜਵੀ ਦਾ ਸਿਰ ਲੈਕੇ ਤੀਜੇ ਦਿਨ ਫਤਹ ਦੇ ਧਾਜੇ ਵਜੋਂਦੇ ਆਪ ਭਾਈ ਰਾਮ ਸਿੰਘ ਜੀ ਪਾਸ ਪੁੱਜ ਗਏ। ਭਾਈ ਸਾਹਿਬ ਨੂੰ ਪੁਤਰ ਦੀ ਇਸ ਬਹਾਦਰੀ ਤੇ ਬੜਾ ਆਨੰਦ ਪ੍ਰਾਪਤ ਹੋਇਆ। ਸ਼ਾਇਦ ਮਹਾਰਾਜ ਸਾਹਿਬ ਦੀ ਏਹ ਪਹਿਲੀ ਬਹਾਦਰੀ ਸੀ ਜੋ ਛਪੀ ਨਹੀਂ। ਏਹ ਪ੍ਰਸੰਗ ਪਟਯਾਲੇ ਦੇ ਇਲਾਕੇ ਵਿਚ ਬਜ਼ੁਰਗਾਂ ਦੀ ਜ਼ਬਾਨੀ ਸੁਣਾਇਆ ਗਿਆ ਸੀ।

☆ ☆ ☆